@Qpatrika
@qaumipatrika punjabi
instagram.com/ qaumipatrika
Largest Circulated
विश्व भर में सबसे ज्यादा पढ़ा जाने वाला
ਕੌਮੀ ਪਤ੍ਰਿਕਾ
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Saturday, 17 October 2026
Punjabi National Daily
Qaumi Patrika NO.1
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਸ਼ਨੀਵਾਰ 17 ਅਕਤੂਬਰ 2026, 3 ਕੱਤਕ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 344, qpatrika@gmail.com ਫੋਨ : 9971359517 www.qaumipatrika.org

ਦੀਪਕੇ-ਨੇਹਾ ਬੋਰਾ ਹਿਰਾਸਤ 'ਚ, ਤਿਰੰਗਾ ਲਹਿਰਾਉਣ ਤੋਂ ਰੋਕਿਆ, ਮਮਤਾ ਨੇ ਕਿਹਾ-ਇਹ ਅਣ-ਐਲਾਨੀ ਐਮਰਜੈਂਸੀ

ਕੌਮੀ ਪਤ੍ਰਿਕਾ

ਸਿੰਮੀ ਕੌਰ ਬੱਬਰ

ਨਵੀਂ ਦਿੱਲੀ, 16 ਅਕਤੂਬਰ। ਕਾਕਰੋਚ ਜਨਤਾ ਪਾਰਟੀ (ਸੀ. ਜੇ. ਪੀ.) ਨੇ ਦਿੱਲੀ ਦੇ ਕਨਾਟ ਪਲੇਸ ਸਥਿਤ ਸੈਂਟਰਲ ਪਾਰਕ ਵਿਚ 'ਲਹਿਰਾ ਦੋ ਤਿਰੰਗਾ' ਰੈਲੀ ਸੱਦੀ ਸੀ। ਹਾਲਾਂਕਿ ਆਸ-ਪਾਸ ਦੇ ਇਲਾਕੇ ਵਿਚ ਧਾਰਾ 163 ਲਾਗੂ ਸੀ, ਜਿਸ ਕਾਰਨ ਸੀ. ਜੇ. ਪੀ. ਸੰਸਥਾਪਕ ਅਭਿਜੀਤ ਦੀਪਕੇ ਨੂੰ ਉੱਥੇ ਜਾਣ ਨਹੀਂ ਦਿੱਤਾ ਗਿਆ। ਦੀਪਕੇ ਦਿੱਲੀ ਵਿਚ ਐੱਨ. ਸੀ. ਪੀ. (ਸ਼ਰਦ ਪਵਾਰ) ਦੇ ਇਕ ਬੁਲਾਰੇ ਦੇ ਘਰ ਠਹਿਰੇ ਹੋਏ ਸਨ। ਉਹ ਜਿਵੇਂ ਹੀ ਬਾਹਰ ਨਿਕਲੇ, ਪੁਲਸ ਨੇ ਉਨ੍ਹਾਂ ਨੂੰ ਹਿਰਾਸਤ ਵਿਚ ਲੈ ਲਿਆ। ਉੱਥੇ ਹੀ ਏ. ਆਈ. ਐੱਸ. ਏ. ਪ੍ਰਧਾਨ ਨੇਹਾ ਬੋਰਾ ਨੂੰ ਮੰਡੀ ਹਾਊਸ ਤੋਂ ਕਸਟਡੀ ਵਿਚ ਲਿਆ ਗਿਆ। 6 ਦਿਨਾਂ ਵਿਚ ਦੀਪਕੇ ਨੂੰ ਦੂਜੀ ਵਾਰ ਕਸਟਡੀ ਵਿਚ ਲਿਆ ਗਿਆ ਹੈ। ਇਸ ਤੋਂ ਪਹਿਲਾਂ 10 ਅਕਤੂਬਰ ਨੂੰ ਜੰਤਰ-ਮੰਤਰ ਪ੍ਰਦਰਸ਼ਨ ਤੋਂ ਪਹਿਲਾਂ ਦੀਪਕੇ ਨੂੰ ਜਹਾਜ਼ ਤੋਂ ਹਿਰਾਸਤ ਵਿਚ ਲਿਆ ਗਿਆ ਸੀ, ਅਗਲੇ ਦਿਨ ਛੱਡ ਦਿੱਤਾ ਗਿਆ। ਪੁਲਸ ਅਧਿਕਾਰੀਆਂ ਨਾਲ ਗੱਲਬਾਤ ਵਿਚ ਦੀਪਕੇ ਨੂੰ ਕਿਹਾ ਗਿਆ ਕਿ ਤੁਸੀਂ ਨਵੀਂ ਦਿੱਲੀ ਨਹੀਂ ਜਾ ਸਕਦੇ। ਅਸੀਂ ਤੁਹਾਨੂੰ ਹਿਰਾਸਤ ਵਿਚ ਲੈ ਰਹੇ ਹਾਂ। ਉਨ੍ਹਾਂ ਨੇ ਇਸ ਦਾ ਜਵਾਬ ਦਿੰਦਿਆਂ ਕਿਹਾ ਕਿ ਨਵੀਂ ਦਿੱਲੀ ਨਹੀਂ ਜਾ ਸਕਦਾ, ਕਿਤੇ ਹੋਰ ਤਾਂ ਜਾ ਸਕਦਾ ਹਾਂ। ਮੈਂ ਕਿਹੜਾ ਕਾਨੂੰਨ ਤੋੜਿਆ ਹੈ? ਇਨ੍ਹਾਂ ਹਿਰਾਸਤਾਂ ਦੌਰਾਨ ਭੀੜ, ਕੈਮਰਾਮੈਨਾਂ ਅਤੇ ਸੁਰੱਖਿਆ ਮੁਲਾਜ਼ਮਾਂ ਵਿਚਾਲੇ ਧੱਕਾ-ਮੁੱਕੀ ਦੇ ਦ੍ਰਿਸ਼ ਦੇਖਣ ਨੂੰ ਮਿਲੇ। ਪੁਲਸ ਸੂਤਰਾਂ ਨੇ ਦੱਸਿਆ ਕਿ ਹਿਰਾਸਤ ਵਿਚ ਲੈਣ ਤੋਂ ਬਾਅਦ ਦੀਪਕੇ ਨੂੰ ਜਾਫਰਪੁਰ ਕਲਾਂ ਥਾਣੇ ਲਿਜਾਇਆ ਗਿਆ। ਇਸ ਤੋਂ ਪਹਿਲਾਂ ਦਿਨ ਵਿਚ, ਦਿੱਲੀ ਪੁਲਸ ਦੇ 20 ਤੋਂ ਵੱਧ ਪੁਲਸ ਮੁਲਾਜ਼ਮ ਝੰਡੇਵਾਲਾਨ ਸਥਿਤ ਦੀਪਕੇ ਦੀ ਰਿਹਾਇਸ਼ 'ਤੇ ਪਹੁੰਚੇ ਅਤੇ ਉਨ੍ਹਾਂ ਨੂੰ ਇਕ ਨੋਟਿਸ ਦਿੱਤਾ, ਜਿਸ ਵਿਚ ਉਨ੍ਹਾਂ ਨੂੰ ਅਜਿਹਾ ਕੋਈ ਵੀ ਕਦਮ ਚੁੱਕਣ ਤੋਂ ਬਚਣ ਦਾ ਨਿਰਦੇਸ਼ ਦਿੱਤਾ ਗਿਆ ਜਿਸ ਨਾਲ ਨਾਗਰਿਕਾਂ, ਵਪਾਰੀਆਂ, ਯਾਤਰੀਆਂ, ਮਰੀਜ਼ਾਂ ਅਤੇ ਹੋਰ ਲੋਕਾਂ ਦੇ ਅਧਿਕਾਰਾਂ 'ਤੇ ਮਾੜਾ ਅਸਰ ਪੈ ਸਕਦਾ ਹੈ। ਹਿਰਾਸਤ ਦੀ ਕਾਰਵਾਈ ਸ਼ੁੱਕਰਵਾਰ ਸ਼ਾਮ ਨੂੰ ਪ੍ਰਦਰਸ਼ਨ ਤੋਂ ਪਹਿਲਾਂ ਰਾਸ਼ਟਰੀ ਰਾਜਧਾਨੀ ਵਿਚ ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮਾਂ ਵਿਚਕਾਰ ਹੋਈ ਹੈ। ਦਿੱਲੀ ਪੁਲਸ ਕਮਿਸ਼ਨਰ ਅਨੁਰਾਗ ਕੁਮਾਰ ਨੇ ਸੁਰੱਖਿਆ ਵਿਵਸਥਾ ਦਾ ਜਾਇਜ਼ਾ ਲੈਣ ਲਈ ਸੰਸਦ ਮਾਰਗ ਥਾਣੇ ਸਥਿਤ ਨਵੀਂ ਦਿੱਲੀ ਜ਼ਿਲੇ ਦੇ ਪੁਲਸ ਡਿਪਟੀ ਕਮਿਸ਼ਨਰ (ਡੀ. ਸੀ. ਪੀ.) ਦਫ਼ਤਰ ਦਾ ਦੌਰਾ ਕੀਤਾ। ਇਕ ਸੀਨੀਅਰ ਪੁਲਸ ਅਧਿਕਾਰੀ ਨੇ ਦੱਸਿਆ ਕਿ ਅਸੀਂ ਦੀਪਕੇ ਅਤੇ ਬੋਰਾ ਨੂੰ ਹਿਰਾਸਤ ਵਿਚ ਲੈ ਲਿਆ ਹੈ। ਸਥਿਤੀ ਪੂਰੀ ਤਰ੍ਹਾਂ ਸ਼ਾਂਤੀਪੂਰਨ ਹੈ। ਕੁਝ ਪ੍ਰਦਰਸ਼ਨਕਾਰੀ ਕਨਾਟ ਪਲੇਸ ਪਹੁੰਚ ਗਏ ਹਨ ਅਤੇ ਉਨ੍ਹਾਂ ਨੂੰ ਜਲਦੀ ਹੀ ਹਟਾ ਦਿੱਤਾ ਜਾਵੇਗਾ। ਸਾਡਾ ਮੁੱਖ ਉਦੇਸ਼ ਕਾਨੂੰਨ-ਵਿਵਸਥਾ ਬਣਾਈ ਰੱਖਣਾ ਅਤੇ ਸੁਚਾਰੂ ਆਵਾਜਾਈ ਯਕੀਨੀ ਬਣਾਉਣਾ ਹੈ।

ਦੀਵਾਲੀ ਤੋਂ ਪਹਿਲਾਂ 12 ਹਜ਼ਾਰ ਰੁਪਏ ਵਧੇਗੀ ਤਨਖਾਹ; ਚੌਕੀਦਾਰਾਂ ਨੂੰ ਲੈ ਕੇ ਮੰਤਰੀ ਯੋਗੀ ਯੋਗੀ

ਕੌਮੀ ਪਤ੍ਰਿਕਾ

ਨੈਸ਼ਨਲ ਡੈਸਕ 16 ਅਕਤੂਬਰ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਦੀਵਾਲੀ ਦੇ ਤਿਉਹਾਰ ਤੋਂ ਪਹਿਲਾਂ ਰਾਜ ਦੇ ਲਗਭਗ 60 ਹਜ਼ਾਰ ਚੌਕੀਦਾਰਾਂ ਦੇ ਮਾਣਭੱਤੇ ਵਿੱਚ ਵਾਧਾ ਕਰਨ ਦਾ ਐਲਾਨ ਕੀਤਾ ਹੈ। ਮੁੱਖ ਮੰਤਰੀ ਯੋਗੀ ਆਦਿੱਤਿਆਨਾਥ 13 ਅਕਤੂਬਰ ਨੂੰ ਬਰੇਲੀ ਪੁਲਸ ਲਾਈਨਜ਼ ਵਿਖੇ ਗ੍ਰਾਮ ਗਾਰਡਾਂ ਦਾ ਸਨਮਾਨ ਕਰਦੇ ਹੋਏ ਚੌਕੀਦਾਰਾਂ ਲਈ ਇੱਕ ਹਜ਼ਾਰ ਰੁਪਏ ਮਹੀਨਾਵਾਰ ਮਾਣਭੱਤਾ ਵਾਧੇ ਦਾ ਐਲਾਨ ਕਰਨਗੇ। ਮਾਣਭੱਤੇ ਵਿਚ 40 ਪ੍ਰਤੀਸ਼ਤ ਵਾਧੇ ਨਾਲ ਹਰੇਕ ਚੌਕੀਦਾਰ ਨੂੰ ਸਾਲਾਨਾ 12,000 ਰੁਪਏ ਵਾਧੂ ਮਿਲਣਗੇ। ਦੱਸ ਦੇਈਏ ਕਿ ਸਰਕਾਰ ਲਗਭਗ 60,000 ਪਿੰਡ ਦੇ ਚੌਕੀਦਾਰਾਂ ਦਾ ਮਾਸਿਕ ਮਾਣਭੱਤਾ ?2,500 ਤੋਂ ਵਧਾ ਕੇ ?3,500 ਕਰ ਰਹੀ ਹੈ। ਉਕਤ ਲੋਕ ਲੰਬੇ ਸਮੇਂ ਤੋਂ ਤਨਖਾਹ ਵਿਚ ਵਾਧਾ ਕਰਨ ਦੀ ਮੰਗ ਕਰ ਰਹੇ ਸਨ। ਇਸ ਸਬੰਧ ਵਿਚ ਉਹ ਕਈ ਦਿਨਾਂ ਤੋਂ ਰਾਜਧਾਨੀ ਵਿੱਚ ਧਰਨਾ ਦੇ ਰਹੇ ਸਨ। ਹੁਣ ਤੱਕ ਗ੍ਰਾਮ ਗਾਰਡਾਂ ਨੂੰ ?2,500 ਰੁਪਏ ਮਹੀਨਾਵਾਰ ਮਾਣਭੱਤਾ ਮਿਲਦਾ ਸੀ, ਜੋ ਵੱਧ ਕੇ ?3,500 ਦਿੱਤਾ ਜਾਵੇਗਾ। ਸੂਬੇ ਦੇ 60 ਹਜ਼ਾਰ ਗਾਰਡਾਂ ਦੇ ਮਾਣਭੱਤੇ ਵਿੱਚ ਵਾਧਾ ਹੋਣ ਨਾਲ ਸਰਕਾਰ 'ਤੇ ਕਰੀਬ 7 ਕਰੋੜ ਪ੍ਰਤੀ ਮਹੀਨਾ ਅਤੇ 84 ਕਰੋੜ ਰੁਪਏ ਸਾਲਾਨਾ ਦਾ ਵਾਧੂ ਵਿੱਤੀ ਬੋਝ ਪਵੇਗਾ, ਜਿਸ ਲਈ ਪੂਰਕ ਬਜਟ ਵਿੱਚ ਪ੍ਰਬੰਧ ਕੀਤੇ ਜਾਣ ਦੀ ਸੰਭਾਵਨਾ ਹੈ। ਗ੍ਰਹਿ ਵਿਭਾਗ ਨਾਲ ਜੁੜੇ ਗ੍ਰਾਮ ਗਾਰਡ ਪੁਲਿਸ ਨੂੰ ਪੇਂਡੂ ਖੇਤਰਾਂ ਵਿੱਚ ਸ਼ੱਕੀ ਗਤੀਵਿਧੀਆਂ, ਆਪਸੀ ਝਗੜਿਆਂ ਅਤੇ ਕਾਨੂੰਨ ਵਿਵਸਥਾ ਨਾਲ ਸਬੰਧਤ ਜਾਣਕਾਰੀ ਪ੍ਰਦਾਨ ਕਰਦੇ ਹਨ।

ਕੇਰਲਮ ਦੇ ਸਾਬਕਾ ਮੁੱਖ ਮੰਤਰੀ ਵਿਜਯਨ ਦੀਆਂ ਵਧੀਆਂ ਮੁਸ਼ਕਲਾਂ, ਹਾਈ ਕੋਰਟ ਵਲੋਂ ਐੱਫ. ਆਈ. ਆਰ. ਦਰਜ ਕਰਨ ਦੇ ਹੁਕਮ

ਕੋਚੀ 16 ਅਕਤੂਬਰ। ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਨੇਤਾ ਤੇ ਕੇਰਲ ਦੇ ਸਾਬਕਾ ਮੁੱਖ ਮੰਤਰੀ ਪਿਨਾਰਾਈ ਵਿਜਯਨ ਨੂੰ ਵੱਡਾ ਝਟਕਾ ਲੱਗਾ ਹੈ। ਕੇਰਲ ਹਾਈ ਕੋਰਟ ਨੇ ਸ਼ੁੱਕਰਵਾਰ ਵਿਜੀਲੈਂਸ ਅਤੇ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ (ਵੀ. ਏ. ਸੀ. ਬੀ.) ਨੂੰ ਕੋਚੀਨ ਮਿਨਰਲਜ਼ ਐਂਡ ਰੂਟਾਈਲ ਲਿਮਟਿਡ (ਸੀ. ਐੱਮ. ਆਰ. ਐੱਲ.) ਨਾਲ ਜੁੜੇ ਇਕ ਕਥਿਤ ਰਿਸ਼ਵਤਖੋਰੀ ਦੇ ਮਾਮਲੇ 'ਚ ਉਨ੍ਹਾਂ ਤੇ ਹੋਰਾਂ ਵਿਰੁੱਧ ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਅਧੀਨ ਐੱਫ. ਆਈ. ਆਰ. ਦਰਜ ਕਰਨ ਦਾ ਨਿਰਦੇਸ਼ ਦਿੱਤਾ ਹੈ। ਅਦਾਲਤ ਨੇ ਕਿਹਾ ਕਿ ਇਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ.) ਵੱਲੋਂ ਪ੍ਰਦਾਨ ਕੀਤੀ ਗਈ ਜਾਣਕਾਰੀ ਤੋਂ ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਅਧੀਨ ਅਪਰਾਧ ਕੀਤੇ ਜਾਣ ਦਾ ਪਤਾ ਲਗਦਾ ਹੈ। ਜਸਟਿਸ ਏ. ਬਦਰੂਦੀਨ ਨੇ ਕਿਹਾ ਕਿ ਈ. ਡੀ. ਵੱਲੋਂ ਪ੍ਰਦਾਨ ਕੀਤੀ ਗਈ ਜਾਣਕਾਰੀ 'ਚ ਵਿਜਯਨ, ਉਨ੍ਹਾਂ ਦੀ ਧੀ ਵੀਨਾ ਤੇ ਵੀਨਾ ਦੇ ਪਤੀ ਪੀ. ਏ. ਮੁਹੰਮਦ ਰਿਆਸ ਵੱਲੋਂ ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਅਧੀਨ ਅਪਰਾਧਾਂ ਨੂੰ ਪਹਿਲੀ ਨਜ਼ਰੇ ਸਥਾਪਿਤ ਕਰਨ ਲਈ ਕਾਫ਼ੀ ਸਬੂਤ ਹਨ। ਪੀ. ਏ. ਮੁਹੰਮਦ ਸੀ. ਪੀ. ਆਈ.(ਐੱਮ) ਦੇ ਵਿਧਾਇਕ ਹਨ। ਅਦਾਲਤ ਨੇ ਕਿਹਾ ਕਿ ਜਦੋਂ ਦਰਜ ਕੀਤੇ ਗਏ ਬਿਆਨਾਂ ਤੇ ਪ੍ਰਾਪਤ ਦਸਤਾਵੇਜ਼ਾਂ ਸਮੇਤ ਉਪਲਬਧ ਜਾਣਕਾਰੀ ਭ੍ਰਿਸ਼ਟਾਚਾਰ ਰੋਕਥਾਮ ਐਕਟ ਅਧੀਨ ਅਪਰਾਧਾਂ ਦੇ ਕੀਤੇ ਜਾਣ ਦਾ ਖੁਲਾਸਾ ਕਰਦੀ ਹੈ ਤਾਂ ਇਸ ਮਾਮਲੇ 'ਚ ਕੋਈ ਹੋਰ ਮੁੱਢਲੀ ਜਾਂਚ ਕਰਨੀ ਪੂਰੀ ਤਰ੍ਹਾਂ ਬੇਲੋੜੀ ਹੈ।

ਮਨੀ ਲਾਂਡਰਿੰਗ ਮਾਮਲੇ 'ਚ ਈ. ਡੀ. ਨੇ ਕੋਲਕਾਤਾ 'ਚ 8 ਥਾਵਾਂ 'ਤੇ ਮਾਰੇ ਛਾਪੇ

ਕੋਲਕਾਤਾ, 16 ਅਕਤੂਬਰ। ਇਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ.) ਨੇ ਮਨੀ ਲਾਂਡਰਿੰਗ ਜਾਂਚ ਨੂੰ ਲੈ ਕੇ ਸਵੇਰੇ ਕੋਲਕਾਤਾ 'ਚ 8 ਥਾਵਾਂ 'ਤੇ ਛਾਪੇ ਮਾਰੇ। ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਦੱਖਣੀ ਕੋਲਕਾਤਾ 'ਚ ਟਾਲੀਗੰਜ ਤੇ ਸ਼ਰਤ ਬੋਸ ਰੋਡ ਦੇ ਆਲੇ-ਦੁਆਲੇ ਦੀਆਂ ਕਈ ਥਾਵਾਂ ਦੀ ਤਲਾਸ਼ੀ ਲਈ ਗਈ। ਕੇਂਦਰੀ ਏਜੰਸੀ ਨੇ ਸ਼ੱਕੀ ਵਿੱਤੀ ਧੋਖਾਦੇਹੀ ਤੇ ਲੋਕਾਂ ਨਾਲ ਉੱਚ ਮੁਨਾਫ਼ੇ ਦਾ ਵਾਅਦਾ ਕਰ ਕੇ ਕਰੋੜਾਂ ਰੁਪਏ ਦੀ ਕਥਿਤ ਵਸੂਲੀ ਦੀ ਜਾਂਚ ਤੇਜ਼ ਕਰ ਦਿੱਤੀ ਹੈ। ਈ. ਡੀ. ਦੇ ਸੂਤਰਾਂ ਨੇ ਕਿਹਾ ਕਿ ਇਹ ਪੈਸਾ ਰੀਅਲ ਅਸਟੇਟ ਵਿਕਾਸ ਤੇ ਹੋਰ ਵਪਾਰਕ ਸਰਗਰਮੀਆਂ 'ਚ ਨਿਵੇਸ਼ ਕੀਤੇ ਜਾਣ ਦਾ ਦੋਸ਼ ਹੈ। ਅਧਿਕਾਰੀ ਫੰਡਾਂ ਦੇ ਪ੍ਰਵਾਹ ਦਾ ਪਤਾ ਲਾਉਣ ਅਤੇ ਕਥਿਤ ਬੇਨਿਯਮੀਆਂ 'ਚ ਵਿਅਕਤੀਆਂ ਤੇ ਵਪਾਰਕ ਅਦਾਰਿਆਂ ਦੀ ਸੰਭਾਵਿਤ ਭੂਮਿਕਾ ਦੀ ਜਾਂਚ ਕਰਨ ਲਈ ਬੈਂਕ ਖਾਤੇ ਦੇ ਵੇਰਵਿਆਂ ਅਤੇ ਸੰਬੰਧਤ ਦਸਤਾਵੇਜ਼ਾਂ ਰਾਹੀਂ ਕੀਤੇ ਗਏ ਵਿੱਤੀ ਲੈਣ-ਦੇਣ ਦੇ ਰਿਕਾਰਡਾਂ ਦੀ ਜਾਂਚ ਕਰ ਰਹੇ ਹਨ।

ਝਾਰਖੰਡ ਦੇ ਸਿਮਡੇਗਾ 'ਚ ਵਿਦਿਆਰਥਣ ਨਾਲ ਜਬਰ-ਜ਼ਨਾਹ ਕਰਨ ਦੇ ਦੋਸ਼ 'ਚ ਅਧਿਆਪਕ ਗ੍ਰਿਫ਼ਤਾਰ

ਨੈਸ਼ਨਲ ਡੈਸਕ 16 ਅਕਤੂਬਰ। ਝਾਰਖੰਡ ਦੇ ਸਿਮਡੇਗਾ ਜ਼ਿਲ੍ਹੇ ਵਿੱਚ ਇੱਕ ਪ੍ਰਾਇਮਰੀ ਸਕੂਲ ਦੇ ਅਧਿਆਪਕ ਨੂੰ ਇੱਕ ਵਿਦਿਆਰਥਣ ਨਾਲ ਜਬਰ-ਜ਼ਨਾਹ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਪੀੜਤਾ ਦੀ ਦਾਦੀ ਵੱਲੋਂ ਕਰਸੈਨੀ ਪੁਲਸ ਸਟੇਸ਼ਨ ਵਿੱਚ ਸ਼ਿਕਾਇਤ ਦਰਜ ਕਰਵਾਉਣ ਤੋਂ ਬਾਅਦ ਐਤਵਾਰ ਨੂੰ ਦੋਸ਼ੀ ਨੂੰ ਗ੍ਰਿਫ਼ਤਾਰ ਕੀਤਾ ਗਿਆ। ਸਿਮਡੇਗਾ ਦੇ ਡਿਪਟੀ ਸੁਪਰਡੈਂਟ ਆਫ਼ ਪੁਲਸ (ਡੀ.ਐਸ.ਪੀ.) ਰਣਵੀਰ ਸਿੰਘ ਨੇ ਦੱਸਿਆ, ਐਫ.ਆਈ.ਆਰ. ਦਰਜ ਹੋਣ ਤੋਂ ਬਾਅਦ, 50 ਸਾਲਾ ਦੋਸ਼ੀ ਅਧਿਆਪਕ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ। ਉਸ ਵਿਰੁੱਧ ਜਿਨਸੀ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ (ਪੋਕਸੋ) ਐਕਟ ਅਤੇ ਭਾਰਤੀ ਦੰਡ ਸੰਹਿਤਾ (ਆਈ.ਪੀ.ਸੀ.) ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਪੀੜਤਾ ਦੀ ਡਾਕਟਰੀ ਜਾਂਚ ਕੀਤੀ ਗਈ ਹੈ। ਡੀ.ਐਸ.ਪੀ. ਨੇ ਕਿਹਾ ਕਿ ਦੋਸ਼ੀ ਅਧਿਆਪਕ ਨੇ ਕਥਿਤ ਤੌਰ 'ਤੇ ਵਿਦਿਆਰਥੀਆਂ ਨੂੰ ਉਸੇ ਥਾਣਾ ਖੇਤਰ ਵਿੱਚ ਆਪਣੇ ਘਰ ਟਿਊਸ਼ਨ ਲਈ ਬੁਲਾਇਆ ਅਤੇ ਉਨ੍ਹਾਂ ਨਾਲ ਛੇੜਛਾੜ ਕੀਤੀ।

ਅਭਿਸ਼ੇਕ ਬੈਨਰਜੀ ਤੋਂ ਫਿਰ ਹੋਵੇਗੀ ਪੁੱਛਗਿੱਛ

ਕੋਲਕਾਤਾ 16 ਅਕਤੂਬਰ। ਪੁਲਸ ਐਤਵਾਰ ਨੂੰ ਤ੍ਰਿਣਮੂਲ ਕਾਂਗਰਸ ਦੇ ਮਮਤਾ ਬੈਨਰਜੀ ਦੀ ਅਗਵਾਈ ਵਾਲੇ ਧੜੇ ਦੇ ਜਨਰਲ ਸਕੱਤਰ ਅਭਿਸ਼ੇਕ ਬੈਨਰਜੀ ਦੀ ਰਿਹਾਇਸ਼ 'ਤੇ ਪੁੱਜੀ ਅਤੇ ਕੈਮਕ ਸਟ?ਰੀਟ ਪਾਰਟੀ ਦਫਤਰ ਦਾ ਹੋਰਡਿੰਗ ਹਟਾਉਣ ਦੌਰਾਨ ਹਿੰਸਾ ਦੇ ਮਾਮਲੇ 'ਚ ਫਿਰ ਤੋਂ ਪੁੱਛਗਿੱਛ ਲਈ ਬੁਲਾਉਣ ਦਾ ਨੋਟਿਸ ਦਿੱਤਾ। ਇਕ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਹਫ਼ਤੇ ਭਰ 'ਚ ਪੁਲਸ ਦੂਜੀ ਵਾਰ ਡਾਇਮੰਡ ਹਾਰਬਰ ਸੰਸਦ ਮੈਂਬਰ ਦੇ ਕਾਲੀਘਾਟ ਸਥਿਤ ਰਿਹਾਇਸ਼ 'ਤੇ ਇਸ ਮਕਸਦ ਨਾਲ ਪਹੁੰਚੀ। ਇਸ ਤੋਂ ਪਹਿਲਾਂ 7 ਅਕਤੂਬਰ ਨੂੰ ਬੈਨਰਜੀ ਘਰ 'ਚ ਮੌਜੂਦ ਨਹੀਂ ਸਨ ਅਤੇ ਨੋਟਿਸ ਲੈਣ ਲਈ ਵੀ ਘਰ ਦਾ ਕੋਈ ਮੈਂਬਰ ਹਾਜ਼ਰ ਨਹੀਂ ਸੀ। ਅਧਿਕਾਰੀ ਨੇ ਦੱਸਿਆ ਕਿ ਇਸ ਵਾਰ ਨੋਟਿਸ ਅਭਿਸ਼ੇਕ ਬੈਨਰਜੀ ਦੀ ਰਿਹਾਇਸ਼ 'ਤੇ ਉਨ੍ਹਾਂ ਦੇ ਕਰਮਚਾਰੀ ਨੂੰ ਫੜਾਇਆ ਗਿਆ। ਅਧਿਕਾਰੀ ਨੇ ਦੱਸਿਆ ਕਿ ਨਗਰ ਨਿਗਮ ਨੇ ਦੋਸ਼ ਲਾਇਆ ਸੀ ਕਿ ਪਿਛਲੇ ਮਹੀਨੇ ਕੈਮਕ ਸਟ?ਰੀਟ 'ਤੇ ਮੌਜੂਦ ਇਕ ਇਮਾਰਤ ਤੋਂ ਤ੍ਰਿਣਮੂਲ ਦਾ ਹੋਰਡਿੰਗ ਹਟਾਉਣ ਦੀ ਕੋਸ਼ਿਸ਼ ਦੌਰਾਨ ਪੁਲਸ ਕਰਮਚਾਰੀਆਂ ਅਤੇ ਨਿਗਮ ਕਰਮਚਾਰੀਆਂ ਨੂੰ ਪ੍ਰੇਸ਼ਾਨ ਕੀਤਾ ਗਿਆ ਅਤੇ ਉਨ੍ਹਾਂ 'ਤੇ ਹਮਲਾ ਕੀਤਾ ਗਿਆ। ਇਸ ਇਮਾਰਤ 'ਚ ਪਾਰਟੀ ਦਾ ਦਫਤਰ ਹੈ।

ਬੁਢਲਾਡਾ ਦੀ ਸਿਆਸਤ 'ਚ ਵੱਡੀ ਹਲਚਲ : ਭਾਜਪਾ ਛੱਡ ਮੁੜ ਅਕਾਲੀ ਦਲ 'ਚ ਪਰਤੇ 'ਪਟਵਾਰੀ'

ਕੌਮੀ ਪਤ੍ਰਿਕਾ

ਨਵਦੀਪ ਸਿੰਘ ਸਾਹਨੀ

ਬੁਢਲਾਡਾ 16 ਅਕਤੂਬਰ। ਪੰਜਾਬ ਦੀ ਸਿਆਸਤ ਵਿਚ ਬਦਲਦੇ ਸਮੀਕਰਨਾਂ ਦਰਮਿਆਨ ਵਿਧਾਨ ਸਭਾ ਹਲਕਾ ਬੁਢਲਾਡਾ ਵਿਚ ਉਸ ਸਮੇਂ ਨਵੀਂ ਚਰਚਾ ਛਿੜ ਗਈ ਜਦੋਂ ਕੁਝ ਸਮਾਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋਏ ਬਲਵਿੰਦਰ ਸਿੰਘ ਪਟਵਾਰੀ ਮੁੜ ਅਕਾਲੀ ਦਲ ਵਿਚ ਪਰਤ ਆਏ। ਪਿੰਡ ਬਾਦਲ ਵਿਖੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਉਨ੍ਹਾਂ ਨੇ ਆਪਣੇ ਸਾਥੀਆਂ ਸਮੇਤ ਮੁੜ ਸ਼੍ਰੋਮਣੀ ਅਕਾਲੀ ਦਲ ਦਾ ਪੱਲਾ ਫੜ ਲਿਆ। ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਸ਼ਾਮਿਲ ਕੀਤਾ। ਦੱਸਿਆ ਜਾਂਦਾ ਹੈ ਕਿ ਪਾਰਟੀ ਵਿਚ ਬਣਦੀ ਪੁੱਛ-ਪੜਤਾਲ ਨਾ ਹੋਣ ਕਾਰਨ ਨਾਰਾਜ਼ ਹੋ ਕੇ ਉਹ ਭਾਜਪਾ ਵਿਚ ਸ਼ਾਮਲ ਹੋ ਗਏ ਸਨ, ਜਿੱਥੇ ਉਨ੍ਹਾਂ ਨੇ ਪਾਰਟੀ ਦੀਆਂ ਸਰਗਰਮੀਆਂ ਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਸੀ ਪਰ ਹੁਣ ਉਨ੍ਹਾਂ ਦੀ ਵਾਪਸੀ ਨਾਲ ਬੁਢਲਾਡਾ ਦੀ ਸਿਆਸਤ ਵਿਚ ਨਵੇਂ ਸਮੀਕਰਨ ਬਣਨ ਦੀ ਚਰਚਾ ਸ਼ੁਰੂ ਹੋ ਗਈ ਹੈ। ਜ਼ਿਕਰਯੋਗ ਹੈ ਕਿ ਬੁਢਲਾਡਾ ਤੋਂ ਅਕਾਲੀ ਦਲ ਦੇ ਪਹਿਲਾਂ ਐਲਾਨੇ ਉਮੀਦਵਾਰ ਡਾ. ਨਿਸ਼ਾਨ ਸਿੰਘ ਵੱਲੋਂ ਪਾਰਟੀ ਛੱਡਣ ਤੋਂ ਬਾਅਦ ਬਲਵਿੰਦਰ ਸਿੰਘ ਪਟਵਾਰੀ ਦੀ ਪਾਰਟੀ ਨਾਲ ਨੇੜਤਾ ਮੁੜ ਵਧੀ। ਉਨ੍ਹਾਂ ਦੀ ਘਰ ਵਾਪਸੀ ਤੋਂ ਬਾਅਦ ਸਿਆਸੀ ਹਲਕਿਆਂ ਵਿਚ ਇਹ ਚਰਚਾ ਵੀ ਹੈ ਕਿ ਉਹ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਵੱਲੋਂ ਉਮੀਦਵਾਰ ਹੋ ਸਕਦੇ ਹਨ। ਹਾਲਾਂਕਿ, ਉਨ੍ਹਾਂ ਦੀ ਉਮੀਦਵਾਰੀ ਸਬੰਧੀ ਕੋਈ ਅਧਿਕਾਰਤ ਐਲਾਨ ਨਹੀਂ ਹੋਇਆ। ਇਸ ਮੌਕੇ ਬਲਵਿੰਦਰ ਸਿੰਘ ਪਟਵਾਰੀ ਨੇ ਕਿਹਾ ਕਿ ਉਹ ਜ਼ਮੀਨੀ ਪੱਧਰ 'ਤੇ ਅਕਾਲੀ ਦਲ ਨਾਲ ਜੁੜੇ ਰਹੇ ਹਨ ਅਤੇ ਘਰ ਵਾਪਸੀ ਕਰਕੇ ਉਨ੍ਹਾਂ ਨੂੰ ਬੇਹੱਦ ਖ਼ੁਸ਼ੀ ਹੋਈ ਹੈ। ਉਨ੍ਹਾਂ ਕਿਹਾ ਕਿ ਉਹ ਪਹਿਲਾਂ ਵਾਂਗ ਲੋਕਾਂ ਵਿੱਚ ਰਹਿ ਕੇ ਲੋਕ ਹਿੱਤਾਂ ਲਈ ਕੰਮ ਕਰਨਗੇ ਅਤੇ ਪਾਰਟੀ ਦੀ ਮਜ਼ਬੂਤੀ ਲਈ ਪੂਰੀ ਮਿਹਨਤ ਨਾਲ ਯੋਗਦਾਨ ਪਾਉਣਗੇ।

ਗੌਤਮ ਬੁੱਧ ਨਗਰ ਦੇ ਦਰਜਨ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ, ਪੁਲਸ ਨੂੰ ਪਈਆਂ ਭਾਜੜਾਂ

ਨੋਇਡਾ 16 ਅਕਤੂਬਰ। ਗੌਤਮ ਬੁੱਧ ਨਗਰ ਦੇ ਇੱਕ ਦਰਜਨ ਸਕੂਲਾਂ ਨੂੰ ਦਿਨ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਮਿਲੀਆਂ। ਇਸ ਧਮਕੀ ਤੋਂ ਬਾਅਦ ਸਕੂਲ ਪ੍ਰਸ਼ਾਸਨ ਅਤੇ ਪੁਲਸ ਨੂੰ ਭਾਜੜਾਂ ਪੈ ਗਈਆਂ। ਬੰਬ ਦੀ ਸੂਚਨਾ ਮਿਲਣ ਤੋਂ ਬਾਅਦ ਬੰਬ ਸਕੁਐਡ, ਡੌਗ ਸਕੁਐਡ ਅਤੇ ਫਾਇਰ ਵਿਭਾਗ ਦੀਆਂ ਟੀਮਾਂ ਮੌਕੇ 'ਤੇ ਪਹੁੰਚ ਗਈਆਂ, ਜਿਨ੍ਹਾਂ ਨੇ ਜਾਂਚ ਕਰਨੀ ਸ਼ੁਰੂ ਕਰ ਦਿੱਤੀ। ਜਾਂਚ ਦੌਰਾਨ ਅਧਿਕਾਰੀਆਂ ਨੂੰ ਅਜੇ ਤੱਕ ਕਿਸੇ ਤਰ੍ਹਾਂ ਦੀ ਕੋਈ ਇਤਰਾਜ਼ਯੋਗ ਸਮੱਗਰੀ ਬਰਾਮਦ ਨਹੀਂ ਹੋਈ। ਵਧੀਕ ਪੁਲਸ ਕਮਿਸ਼ਨਰ (ਕਾਨੂੰਨ ਅਤੇ ਵਿਵਸਥਾ) ਰਾਜੀਵ ਨਾਰਾਇਣ ਮਿਸ਼ਰਾ ਨੇ ਦੱਸਿਆ ਕਿ ਗੌਤਮ ਬੁੱਧ ਨਗਰ ਕਮਿਸ਼ਨਰੇਟ ਦੇ ਅਧੀਨ ਵੱਖ-ਵੱਖ ਥਾਵਾਂ 'ਤੇ ਸਥਿਤ ਸਕੂਲਾਂ ਨੂੰ ਅੱਜ ਈਮੇਲ ਰਾਹੀਂ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਮਿਲੀਆਂ। ਉਨ੍ਹਾਂ ਕਿਹਾ ਕਿ ਜਾਣਕਾਰੀ ਦੇ ਆਧਾਰ 'ਤੇ ਸਥਾਨਕ ਪੁਲਸ ਨੇ ਤੁਰੰਤ ਇੱਕ ਡੌਗ ਸਕੁਐਡ ਅਤੇ ਫਾਇਰ ਵਿਭਾਗ ਦੀ ਮਦਦ ਨਾਲ ਕਾਰਵਾਈ ਕੀਤੀ ਅਤੇ ਸਕੂਲਾਂ ਦੀ ਜਾਂਚ ਕਰਨੀ ਸ਼ੁਰੂ ਕਰ ਦਿੱਤੀ। ਅਧਿਕਾਰੀ ਦੇ ਅਨੁਸਾਰ, ਹੁਣ ਤੱਕ ਕੋਈ ਵੀ ਪ੍ਰਤੀਕੂਲ ਜਾਣਕਾਰੀ ਨਹੀਂ ਮਿਲੀ ਹੈ। ਮਿਸ਼ਰਾ ਨੇ ਕਿਹਾ ਕਿ ਲਗਾਤਾਰ ਚੌਕਸੀ ਰੱਖੀ ਜਾ ਰਹੀ ਹੈ ਅਤੇ ਸਾਈਬਰ ਟੀਮ ਵੱਲੋਂ ਤਕਨੀਕੀ ਜਾਂਚ ਕੀਤੀ ਜਾ ਰਹੀ ਹੈ। ਮੌਕੇ 'ਤੇ ਸਥਿਤੀ ਆਮ ਅਤੇ ਸ਼ਾਂਤੀਪੂਰਨ ਰਹੀ। ਇਸ ਦੌਰਾਨ ਮਾਪਿਆਂ ਅਤੇ ਸਕੂਲ ਪ੍ਰਸ਼ਾਸਨ ਨੂੰ ਅਫਵਾਹਾਂ ਵੱਲ ਧਿਆਨ ਨਾ ਦੇਣ ਦੀ ਅਪੀਲ ਕੀਤੀ।

ਫੌਜ ਨੂੰ ਹੁਣ ਮਿਲੇਗਾ 'ਭਾਰਤ ਰਾਈਸ' ਦੂਰ ਦੀਆਂ ਚੌਕੀਆਂ ਤੱਕ ਸਿੱਧੇ ਪਹੁੰਚਣਗੇ ਚੌਲ

ਕੌਮੀ ਪਤ੍ਰਿਕਾ

ਨਵੀਂ ਦਿੱਲੀ 16 ਅਕਤੂਬਰ। ਭਾਰਤੀ ਫ਼ੌਜ ਦੇ ਜਵਾਨਾਂ ਨੂੰ ਹੁਣ ਬਿਹਤਰ ਗੁਣਵੱਤਾ ਵਾਲੇ ਚੌਲ ਸਿੱਧੇ ਫੌਜ ਦੇ ਸਪਲਾਈ ਡਿਪੂ ਤੱਕ ਪਹੁੰਚਾਇਆ ਜਾਵੇਗਾ। ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਉਪਭੋਗਤਾ ਮਾਮਲੇ, ਖੁਰਾਕ ਅਤੇ ਜਨਤਕ ਵੰਡ ਮੰਤਰੀ ਪ੍ਰਹਿਲਾਦ ਜੋਸ਼ੀ ਦੀ ਮੌਜੂਦਗੀ 'ਚ ਸੋਮਵਾਰ ਨੂੰ ਇੱਥੇ 'ਭਾਰਤ ਰਾਈਸ' ਦੀ ਸ਼ੁਰੂਆਤ ਕੀਤੀ ਗਈ। ਇਸ ਦੇ ਨਾਲ ਹੀ ਫ਼ੌਜ ਅਤੇ ਭਾਰਤੀ ਖੁਰਾਕ ਨਿਗਮ (ਐੱਫਸੀਆਈ) ਵਿਚਾਲੇ ਸਮਝੌਤਾ ਵੀ ਹੋਇਆ, ਜਿਸ ਦੇ ਅਧੀਨ ਲੋੜ ਪੈਣ 'ਤੇ ਫੌਜ ਆਪਣੀ ਮੁਹਿੰਮ ਦੌਰਾਨ ਐੱਫਸੀਆਈ ਦੇ ਗੋਦਾਮਾਂ, ਮਜ਼ਦੂਰਾਂ ਅਤੇ ਸਾਮਾਨ ਢੋਹਣ ਵਾਲੇ ਉਪਕਰਣਾਂ ਦਾ ਇਸਤੇਮਾਲ ਕਰ ਸਕੇਗੀ। 'ਭਾਰਤ ਰਾਈਸ' ਦੇ ਅਧੀਨ ਚੌਲ ਤੈਅ ਰੱਖਿਆ ਮਾਪਦੰਡਾਂ ਅਨੁਸਾਰ ਤਿਆਰ ਕੀਤਾ ਜਾਵੇਗਾ। ਇਸ ਨੂੰ ਵਿੱਤ ਸਾਲ 2026-27 'ਚ ਭਾਰਤੀ ਰਾਸ਼ਟਰੀ ਖੇਤੀਬਾੜੀ ਸਹਿਕਾਰੀ ਮਾਰਕੀਟਿੰਗ ਫੈਡਰੇਸ਼ਨ (ਨੇਫੇਡ) ਦੇ ਮਾਧਿਅਮ ਨਾਲ ਫੌਜ ਨੂੰ ਦਿੱਤਾ ਜਾਵੇਗਾ। ਚੌਲਾਂ ਦੀ ਗੁਣਵੱਤਾਂ ਦੀ ਜਾਂਚ ਹੋਵੇਗੀ ਅਤੇ ਉਸ 'ਚ ਬਾਹਰੀ ਚੀਜ਼ਾਂ ਜਾਂ ਮਿਲਾਵਟ ਨਹੀਂ ਹੋਵੇਗੀ। ਟੁੱਟੇ, ਕਰਾਮ ਅਤੇ ਬਦਰੰਗ ਦਾਣਿਆਂ ਦੀ ਮਾਤਰਾ ਵੀ ਘੱਟ ਰੱਖੀ ਜਾਵੇਗੀ। ਚੌਲ 10 ਅਤੇ 30 ਕਿਲੋ ਦੇ ਬੋਰਿਆਂ 'ਚ ਉਪਲੱਬਧ ਹੋਣਗੇ, ਜਿਸ ਨਾਲ ਇਸ ਨੂੰ ਚੁੱਕਣ ਅਤੇ ਦੂਰ ਦੇ ਇਲਾਕਿਆਂ ਤੱਕ ਪਹੁੰਚਾਉਣ 'ਚ ਆਸਾਨੀ ਹੋਵੇਗੀ। ਲੱਦਾਖ ਅਤੇ ਪੂਰਬ-ਉੱਤਰ ਦੇ ਦੂਰ ਦੇ ਖੇਤਰਾਂ 'ਚ ਸਥਿਤ ਫ਼ੌਜ ਦੇ ਸਪਲਾਈ ਡਿਪੂ ਤੱਕ ਵੀ ਇਸ ਦੀ ਸਿੱਧੀ ਸਪਲਾਈ ਕੀਤੀ ਜਾਵੇਗੀ। ਰਾਜਨਾਥ ਸਿੰਘ ਨੇ ਕਿਹਾ ਕਿ ਭਾਰਤ ਰਾਈਸ ਕਿਸਾਨ ਦੇ ਖੇਤ ਤੋਂ ਜਵਾਨ ਦੀ ਥਾਲੀ ਤੱਕ ਭਰੋਸੇ ਦਾ ਰਿਸ਼ਤਾ ਹੈ। ਇਹ ਜੈ ਜਵਾਨ, ਜੈ ਕਿਸਾਨ ਦੀ ਭਾਵਨਾ ਨੂੰ ਦਰਸਾਉਂਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਛੋਟੇ ਅਤੇ ਸੁਵਿਧਾਜਨਕ ਥੈਲਿਆਂ 'ਚ ਚੌਲ ਮੁਹੱਈਆ ਕਰਵਾਉਣਾ ਮੁਸ਼ਕਲ ਇਲਾਕਿਆਂ 'ਚ ਰਾਸ਼ਨ ਪਹੁੰਚਾਉਣ ਵਾਲੇ ਸੈਨਿਕਾਂ ਲਈ ਇਕ ਵੱਡੀ ਰਾਹਤ ਹੋਵੇਗੀ। ਜਵਾਨਾਂ ਦੀ ਸਿਹਤ, ਮਨੋਬਲ ਅਤੇ ਸਰੀਰਕ ਤੰਦਰੁਸਤੀ ਰਾਸ਼ਟਰੀ ਸੁਰੱਖਿਆ ਲਈ ਬਹੁਤ ਮਹੱਤਵਪੂਰਨ ਹੈ। ਫੌਜ ਅਤੇ ਐੱਫਸੀਆਈ ਵਿਚਕਾਰ ਸਮਝੌਤਾ ਲੋੜ ਪੈਣ 'ਤੇ ਰਾਸ਼ਨ ਅਤੇ ਜ਼ਰੂਰੀ ਵਸਤੂਆਂ ਦੀ ਸਪਲਾਈ ਪ੍ਰਣਾਲੀ ਨੂੰ ਮਜ਼ਬੂਤ ??ਕਰੇਗਾ। ਇਸ ਸਮਝੌਤੇ ਦੇ ਤਹਿਤ, ਫੌਜ ਨਿਰਧਾਰਤ ਐੱਫਸੀਆਈ ਗੋਦਾਮਾਂ, ਸਟੋਰੇਜ ਸਹੂਲਤਾਂ, ਕਰਮਚਾਰੀਆਂ ਅਤੇ ਸਾਮਾਨ ਸੰਭਾਲਣ ਵਾਲੇ ਉਪਕਰਣਾਂ ਦੀ ਵਰਤੋਂ ਕਰ ਸਕੇਗੀ। ਇਹ ਸਮਝੌਤਾ 5 ਸਾਲ ਤੱਕ ਲਾਗੂ ਰਹੇਗਾ, ਜਿਸ ਨੂੰ ਦੋਵਾਂ ਪੱਖਾਂ ਦੀ ਸਹਿਮਤੀ ਨਾਲ ਅੱਗੇ ਵਧਾਇਆ ਜਾ ਸਕੇਗਾ। ਰੱਖਿਆ ਮੰਤਰੀ ਨੇ ਕਿਹਾ ਕਿ ਆਧੁਨਿਕ ਯੁੱਧ 'ਚ ਹਥਿਆਰਾਂ ਅਤੇ ਤਕਨੀਕ ਨਾਲ ਸਾਮਾਨ ਦੀ ਸਮੇਂ 'ਤੇ ਸਪਲਾਈ ਵੀ ਬੇਹੱਦ ਅਹਿਮ ਹੈ। ਖੁਰਾਕ ਅਤੇ ਜਨਤਕ ਵੰਡ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਕਿਹਾ ਕਿ ਦੇਸ਼ ਦੀ ਰੱਖਿਆ ਕਰ ਰਹੇ ਸੈਨਿਕਾਂ ਨੂੰ ਚੰਗੀ ਗੁਣਵੱਤਾ ਵਾਲਾ ਭੋਜਨ ਪ੍ਰਦਾਨ ਕਰਨਾ ਉਨ੍ਹਾਂ ਦੇ ਵਿਭਾਗ ਦਾ ਫਰਜ਼ ਹੈ।

ਹਰਿਆਣਾ ਸਰਕਾਰ ਨੇ ਉਦਯੋਗਾਂ ਲਈ ਬਦਲ 'ਤੇ ਨਿਯਮ

ਹਰਿਆਣਾ 16 ਅਕਤੂਬਰ। ਹਰਿਆਣਾ ਸਰਕਾਰ ਨੇ ਕੰਟਰੋਲਡ ਖੇਤਰਾਂ ਵਿੱਚ ਉਦਯੋਗਿਕ ਪ੍ਰੋਜੈਕਟਾਂ ਲਈ ਇਜਾਜ਼ਤ ਦੇਣ ਦੀ ਪ੍ਰਕਿਰਿਆ ਨੂੰ ਸਰਲ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਿਆ ਹੈ। ਹੁਣ, ਨਿਰਧਾਰਤ ਸ਼ਰਤਾਂ ਦੇ ਅਧੀਨ ਉਦਯੋਗਿਕ ਉਦੇਸ਼ਾਂ ਲਈ ਆਨਲਾਈਨ ਸਵੈ-ਪ੍ਰਮਾਣੀਕਰਨ ਰਾਹੀਂ ਪ੍ਰਾਪਤ ਕੀਤੀਆਂ ਇਜਾਜ਼ਤਾਂ ਨੂੰ ਡਾਇਰੈਕਟਰ ਦੁਆਰਾ ਜਾਰੀ ਕੀਤੀਆਂ ਇਜਾਜ਼ਤਾਂ ਦੇ ਬਰਾਬਰ ਮੰਨਿਆ ਜਾਵੇਗਾ। ਹਾਲਾਂਕਿ, ਇਸ ਪ੍ਰਬੰਧ ਦਾ ਲਾਭ ਲੈਣ ਵਾਲੇ ਬਿਨੈਕਾਰਾਂ ਨੂੰ ਪ੍ਰਦਾਨ ਕੀਤੀ ਗਈ ਜਾਣਕਾਰੀ ਦੀ ਸ਼ੁੱਧਤਾ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ। ਤੱਥਾਂ ਦੀ ਗਲਤ ਪੇਸ਼ਕਾਰੀ, ਗਲਤ ਬਿਆਨ ਦੇਣਾ ਜਾਂ ਕਿਸੇ ਵੀ ਭੌਤਿਕ ਤੱਥ ਨੂੰ ਛੁਪਾਉਣਾ, ਇਜਾਜ਼ਤ ਨੂੰ ਸ਼ੁਰੂ ਤੋਂ ਹੀ ਰੱਦ ਕਰ ਦੇਵੇਗਾ। ਟਾਊਨ ਐਂਡ ਕੰਟਰੀ ਪਲਾਨਿੰਗ ਵਿਭਾਗ ਦੁਆਰਾ 6 ਅਕਤੂਬਰ ਨੂੰ ਜਾਰੀ ਇੱਕ ਨੋਟੀਫਿਕੇਸ਼ਨ ਰਾਹੀਂ ਹਰਿਆਣਾ ਲਈ ਪੰਜਾਬ ਅਨੁਸੂਚਿਤ ਸੜਕਾਂ ਅਤੇ ਨਿਯੰਤਰਿਤ ਖੇਤਰ (ਅਨਿਯਮਿਤ ਵਿਕਾਸ ਦੀ ਪਾਬੰਦੀ) ਨਿਯਮ, 1965 ਵਿੱਚ ਸੋਧ ਕੀਤੀ ਗਈ ਹੈ। ਇਸਦਾ ਉਦੇਸ਼ ਉਦਯੋਗਿਕ ਗਤੀਵਿਧੀਆਂ ਨਾਲ ਸਬੰਧਤ ਇਜਾਜ਼ਤ ਪ੍ਰਕਿਰਿਆ ਨੂੰ ਸਰਲ ਬਣਾਉਣਾ ਅਤੇ ਸਵੈ-ਪ੍ਰਮਾਣੀਕਰਨ ਦੇ ਆਧਾਰ 'ਤੇ ਅਰਜ਼ੀ ਦੀ ਵਿਧੀ ਨੂੰ ਸਪੱਸ਼ਟ ਕਰਨਾ ਹੈ। ਨਿਯਮ 262, 263 ਅਤੇ 264 ਦੇ ਉਪਬੰਧ ਅਜਿਹੀਆਂ ਅਰਜ਼ੀਆਂ 'ਤੇ ਲਾਗੂ ਨਹੀਂ ਹੋਣਗੇ। ਇਸ ਦੇ ਨਾਲ ਹੀ ਨਿਯਮ 265 ਵਿੱਚ ਸੋਧ ਕਰਕੇ ਇਹ ਸਪੱਸ਼ਟ ਕੀਤਾ ਕਿ ਉਦਯੋਗਿਕ ਉਦੇਸ਼ ਲਈ ਆਨਲਾਈਨ ਸਵੈ-ਪ੍ਰਮਾਣੀਕਰਨ ਦੇ ਆਧਾਰ 'ਤੇ ਜਾਰੀ ਕੀਤੀ ਗਈ ਇਜਾਜ਼ਤ ਨੂੰ ਡਾਇਰੈਕਟਰ ਦੁਆਰਾ ਦਿੱਤੀ ਗਈ ਇਜਾਜ਼ਤ ਦੇ ਬਰਾਬਰ ਮੰਨਿਆ ਜਾਵੇਗਾ। ਸੋਧ ਅਨੁਕੂਲ ਵਰਤੋਂ, ਅਨੁਕੂਲ ਜ਼ੋਨ ਅਤੇ ਸਵੈ-ਪ੍ਰਮਾਣੀਕਰਨ ਸ਼ਬਦਾਂ ਨੂੰ ਵੀ ਪਰਿਭਾਸ਼ਿਤ ਕਰਦੀ ਹੈ।

ਹਰੀਸ਼ ਰਾਵਤ ਦਾ ਕਾਂਗਰਸ 'ਤੇ ਵੱਡਾ ਬਿਆਨ, 'ਪਾਰਟੀ ਲਈ ਬੋਝ ਬਣਿਆ ਤਾਂ ਘਰ ਬੈਠ ਜਾਵਾਂਗਾ ਪਰ ਟੁੱਟ ਨਹੀਂ ਸਕਦਾ'

ਕੌਮੀ ਪਤ੍ਰਿਕਾ

ਤੇਜਿੰਦਰ ਕੌਰ ਬੱਬਰ

ਦੇਹਰਾਦੂਨ 16 ਅਕਤੂਬਰ। ਉੱਤਰਾਖੰਡ ਦੇ ਸਾਬਕਾ ਮੁੱਖ ਮੰਤਰੀ ਅਤੇ ਕਾਂਗਰਸ ਦੇ ਸੀਨੀਅਰ ਨੇਤਾ ਹਰੀਸ਼ ਰਾਵਤ ਨੇ ਪਾਰਟੀ 'ਚ ਆਪਣੀ ਭੂਮਿਕਾ ਅਤੇ ਲੀਡਰਸ਼ਿਪ ਪ੍ਰਤੀ ਵਫ਼ਾਦਾਰੀ ਨੂੰ ਲੈ ਕੇ ਵੱਡਾ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਤੋਂ ਵੱਡਾ ਕੋਈ ਨਹੀਂ ਹੈ ਅਤੇ ਲੀਡਰਸ਼ਿਪ ਪ੍ਰਤੀ ਆਸਥਾ ਹੀ ਲੋਕਤੰਤਰ ਨੂੰ ਤਾਕਤ ਦਿੰਦੀ ਹੈ। ਜੇਕਰ ਉਨ੍ਹਾਂ ਨੂੰ ਕਦੇ ਲੱਗਿਆ ਕਿ ਉਹ ਪਾਰਟੀ ਲਈ ਬੋਝ ਬਣ ਰਹੇ ਹਨ ਜਾਂ ਲੀਡਰਸ਼ਿਪ ਵੱਲੋਂ ਉਨ੍ਹਾਂ ਨੂੰ ਘਰ ਬੈਠਣ ਲਈ ਕਿਹਾ ਗਿਆ ਤਾਂ ਉਹ ਬਿਨਾਂ ਕਿਸੇ ਝਿਜਕ ਦੇ ਹੁਕਮ ਦੀ ਪਾਲਣਾ ਕਰਨਗੇ। ਹਾਲਾਂਕਿ, ਉਨ੍ਹਾਂ ਇਹ ਵੀ ਕਿਹਾ ਕਿ ਪਾਰਟੀ 'ਚ ਉਨ੍ਹਾਂ ਦੀ ਭੂਮਿਕਾ ਦਾ ਸਹੀ ਮੁਲਾਂਕਣ ਕੀਤਾ ਜਾਣਾ ਚਾਹੀਦਾ ਹੈ। ਹਰੀਸ਼ ਰਾਵਤ ਨੇ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਇੱਕ ਪੋਸਟ ਵਿੱਚ ਆਪਣੇ ਸਿਆਸੀ ਸੰਘਰਸ਼ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਾਲ 2002 ਅਤੇ 2012 'ਚ ਵੀ ਉਨ੍ਹਾਂ ਦੀ ਸਖ਼ਤ ਪ੍ਰੀਖਿਆ ਹੋਈ ਸੀ ਪਰ ਉਹ ਅਟੁੱਟ ਤੌਰ 'ਤੇ ਪਾਰਟੀ ਦੇ ਨਾਲ ਖੜ੍ਹੇ ਰਹੇ ਅਤੇ ਕਾਂਗਰਸ ਦਾ ਝੰਡਾ ਬੁਲੰਦ ਰੱਖਿਆ। ਉਨ੍ਹਾਂ ਕਿਹਾ ਕਿ ਪਾਰਟੀ ਨੇ ਵੀ ਉਨ੍ਹਾਂ ਨੂੰ ਕੇਂਦਰੀ ਮੰਤਰੀ ਅਤੇ ਮੁੱਖ ਮੰਤਰੀ ਬਣਾ ਕੇ ਪੂਰਾ ਮਾਣ-ਸਤਿਕਾਰ ਦਿੱਤਾ। ਆਪਣੇ ਰਾਜਨੀਤਿਕ ਇਰਾਦੇ ਨੂੰ ਰੇਖਾਂਕਿਤ ਕਰਦੇ ਹੋਏ, ਰਾਵਤ ਨੇ ਕਿਹਾ, ਰੁੜ੍ਹਦੇ-ਰੁੜ੍ਹਦੇ, ਘਿਸਦੇ-ਘਿਸਦੇ, ਸਿਫ਼ਰ ਵਿੱਚ ਮਿਲ ਸਕਦਾ ਹਾਂ, ਪਰ ਟੁੱਟ ਨਹੀਂ ਸਕਦਾ। ਆਪਣੇ ਆਪ ਨੂੰ ਇੱਕ ਸ਼ੁੱਧ ਉਤਰਾਖੰਡੀ, ਗੜ੍ਹਵਾਲੀ ਅਤੇ ਕੁਮਾਓਨੀ ਦੱਸਦਿਆਂ ਉਸਨੇ ਕਿਹਾ ਕਿ ਉਸਨੂੰ ਅਜੇ ਵੀ ਵੱਡੀ ਗਿਣਤੀ 'ਚ ਕਾਂਗਰਸੀ ਵਰਕਰਾਂ ਅਤੇ ਆਮ ਲੋਕਾਂ ਦਾ ਸਮਰਥਨ ਪ੍ਰਾਪਤ ਹੈ। ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਲਾਲਕੁਆਂ ਅਤੇ ਕਿੱਛਾ ਖੇਤਰਾਂ ਦੇ ਆਪਣੇ ਹਾਲੀਆ ਦੌਰਿਆਂ ਦੌਰਾਨ, ਉਹ ਬਹੁਤ ਸਾਰੇ ਲੋਕਾਂ ਨੂੰ ਮਿਲੇ ਜਿਨ੍ਹਾਂ ਨੇ ਉਨ੍ਹਾਂ ਦੀ ਹਾਰ 'ਤੇ ਹੈਰਾਨੀ ਪ੍ਰਗਟ ਕੀਤੀ। ਰਾਵਤ ਦੇ ਅਨੁਸਾਰ, ਵੋਟਰ ਹੁਣ ਉਨ੍ਹਾਂ ਦੀ ਹਾਰ ਦੇ ਕਾਰਨਾਂ ਬਾਰੇ ਖੁੱਲ੍ਹ ਕੇ ਆਪਣੀਆਂ ਚਿੰਤਾਵਾਂ ਪ੍ਰਗਟ ਕਰ ਰਹੇ ਹਨ। ਹਰੀਸ਼ ਰਾਵਤ ਨੇ ਭਾਜਪਾ 'ਤੇ ਨਿਸ਼ਾਨਾ ਸਾਧਦਿਆਂ ਦੋਸ਼ ਲਗਾਇਆ ਕਿ ਉਨ੍ਹਾਂ ਦੇ ਪਿੱਛੇ ਸੀ.ਬੀ.ਆਈ. (329) ਅਤੇ ਈ.ਡੀ. (54) ਵਰਗੀਆਂ ਏਜੰਸੀਆਂ ਲਗਾਈਆਂ ਗਈਆਂ। ਉਨ੍ਹਾਂ ਕਿਹਾ ਕਿ ਸੂਬੇ ਦੇ ਸਾਬਕਾ ਮੁੱਖ ਮੰਤਰੀਆਂ ਅਤੇ ਵੱਖ-ਵੱਖ ਪਾਰਟੀਆਂ ਦੇ ਪ੍ਰਧਾਨਾਂ ਨੂੰ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ, ਜਦਕਿ ਉਨ੍ਹਾਂ ਨੂੰ ਕੋਈ ਸਹੂਲਤ ਨਹੀਂ ਦਿੱਤੀ ਜਾ ਰਹੀ। ਰਾਵਤ ਨੇ ਸਵਾਲ ਚੁੱਕਿਆ ਕਿ ਕੀ ਇਹ ਇਸ ਗੱਲ ਦਾ ਸੰਕੇਤ ਨਹੀਂ ਹੈ ਕਿ ਭਾਜਪਾ ਅੱਜ ਵੀ ਉਨ੍ਹਾਂ ਨੂੰ ਆਪਣਾ ਵਿਰੋਧੀ ਮੰਨਦੀ ਹੈ। ਉਨ੍ਹਾਂ ਇਹ ਵੀ ਦੋਸ਼ ਲਗਾਇਆ ਕਿ ਭਾਜਪਾ ਉਨ੍ਹਾਂ ਦਾ ਅਕਸ ਖ਼ਰਾਬ ਕਰਨ ਲਈ ਸੋਸ਼ਲ ਮੀਡੀਆ 'ਤੇ ਲਗਾਤਾਰ ਕੋਸ਼ਿਸ਼ ਕਰ ਰਹੀ ਹੈ। ਰਾਵਤ ਮੁਤਾਬਕ, ਉਨ੍ਹਾਂ ਦੇ ਅਕਸ ਵਿਗਾੜਨ ਲਈ ਚਾਰ-ਚਾਰ ਪੇਜ ਤੱਕ ਸਮਰਪਿਤ ਕੀਤੇ ਗਏ ਹਨ। ਉਨ੍ਹਾਂ ਸਵਾਲ ਕੀਤਾ ਕਿ ਉੱਤਰਾਖੰਡ ਵਿੱਚ ਅਜਿਹਾ ਹੋਰ ਕਿਹੜਾ ਨੇਤਾ ਹੈ, ਜਿਸ ਦਾ ਅਕਸ ਖ਼ਰਾਬ ਕਰਨ ਲਈ ਭਾਜਪਾ ਇੰਨਾ ਜ਼ੋਰ ਲਗਾ ਰਹੀ ਹੈ। ਕਾਂਗਰਸ ਦੇ ਅੰਦਰੂਨੀ ਸਿਆਸੀ ਮੁਕਾਬਲੇਬਾਜ਼ੀ ਬਾਰੇ ਵੀ ਰਾਵਤ ਨੇ ਆਪਣੀ ਗੱਲ ਰੱਖੀ। ਉਨ੍ਹਾਂ ਕਿਹਾ ਕਿ ਰਾਜਨੀਤੀ ਵਿੱਚ ਮੁਕਾਬਲਾ ਸੁਭਾਵਿਕ ਹੈ ਪਰ ਉਨ੍ਹਾਂ ਨੂੰ ਇਸ ਗੱਲ ਦਾ ਦੁੱਖ ਹੈ ਕਿ ਕੁਝ ਲੋਕ ਉਨ੍ਹਾਂ ਨਾਲ ਮੁਕਾਬਲਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਜਦਕਿ ਉਨ੍ਹਾਂ ਦੇ ਅਨੁਸਾਰ ਉਹ ਇਸ ਸਮਝ ਤੋਂ ਬਹੁਤ ਅੱਗੇ ਲੰਘ ਚੁੱਕੇ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਕੁਝ ਲੋਕ ਕਈ ਵਾਰ ਉਸਨੂੰ ਪਿੱਛੇ ਖਿੱਚਣ ਦੀ ਕੋਸ਼ਿਸ਼ ਕਰਦੇ ਹਨ ਅਤੇ ਕਈ ਵਾਰ ਉਸਦਾ ਰਸਤਾ ਰੋਕਣ ਦੀ ਕੋਸ਼ਿਸ਼ ਕਰਦੇ ਹਨ। ਰਾਵਤ ਨੇ ਕਿਹਾ ਕਿ ਉਹ ਆਪਣੇ ਆਪ ਨੂੰ ਪਾਰਟੀ ਲਈ ਇੱਕ ਪੂਰਕ ਵਜੋਂ ਦੇਖਦੇ ਹਨ ਅਤੇ ਜੇਕਰ ਪਾਰਟੀ ਉਨ੍ਹਾਂ ਦੀ ਵਰਤੋਂ ਕਰਨਾ ਚਾਹੁੰਦੀ ਹੈ ਤਾਂ ਉਹ ਹਮੇਸ਼ਾ ਹਾਜ਼ਰ ਹਨ। ਹਾਲਾਂਕਿ, ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਉਨ੍ਹਾਂ ਦੀ ਵਰਤੋਂ ਕਰਨੀ ਹੈ ਜਾਂ ਨਹੀਂ, ਇਸ ਦਾ ਫ਼ੈਸਲਾ ਉਨ੍ਹਾਂ ਲੋਕਾਂ ਨੇ ਕਰਨਾ ਹੈ ਜਿਨ੍ਹਾਂ ਕੋਲ ਸਿਆਸੀ ਰਣਨੀਤੀ ਅਤੇ ਫ਼ੈਸਲੇ ਲੈਣ ਦੀ ਜ਼ਿੰਮੇਵਾਰੀ ਹੈ।

ਵਿਅਕਤੀ ਨਾਲ ‘ਅਣਮਨੁੱਖੀ ਵਤੀਰਾ’, ਕੁੱਤੇ ਵਾਲੇ ਪਿੰਜਰੇ ’ਚ ਬੰਦ ਕਰ ਕੇ ਕੁੱਟਮਾਰ

ਕੌਮੀ ਪਤ੍ਰਿਕਾ

ਪਟਿਆਲਾ 16 ਅਕਤੂਬਰ। ਟਿੱਪਰ ਪਲਟਾਉਣ ਵਾਲੇ ਡਰਾਈਵਰ ਨੂੰ ਅਗਵਾ ਕਰ ਕੇ ਮਾਲਕ ਅਤੇ ਉਸ ਦੇ ਸਾਥੀਆਂ ਨੇ ਕੁੱਤੇ ਵਾਲੇ ਪਿੰਜਰੇ ’ਚ ਬੰਦ ਕਰ ਕੇ ਬੇਰਹਿਮੀ ਨਾਲ ਕੁੱਟਿਆ ਅਤੇ ਅਣਮਨੁੱਖੀ ਵਤੀਰਾ ਵੀ ਕੀਤਾ। ਇਸ ਦੀ ਵੀਡੀਓ ਵਾਇਰਲ ਹੋਣ ’ਤੇ ਪੁਲਸ ਨੇ ਪੀੜਤ ਡਰਾਈਵਰ ਦੀ ਸ਼ਿਕਾਇਤ ਦੇ ਅਧਾਰ ’ਤੇ ਥਾਣਾ ਸਦਰ ਪਟਿਆਲਾ ਵਿਖੇ ਕੇਸ ਦਰਜ ਕਰ ਲਿਆ ਹੈ। ਇਸ ਮਾਮਲੇ ’ਚ ਟਿੱਪਰ ਦੇ ਮਾਲਕ ਬਲਵੀਰ ਸਿੰਘ ਨੂੰ ਗ੍ਰਿਫਤਾਰ ਵੀ ਕਰ ਲਿਆ ਗਿਆ ਹੈ। ਇਹ ਘਟਨਾ 24 ਸਤੰਬਰ ਦੀ ਹੈ। ਜਾਣਕਾਰੀ ਦਿੰਦਿਆਂ ਐੱਸ. ਪੀ. ਸਿਟੀ ਮੋਹਿਤ ਅਗਰਵਾਲ ਨੇ ਦੱਸਿਆ ਕਿ ਇਸ ਮਾਮਲੇ ’ਚ ਪੀੜਤ ਡਰਾਈਵਰ ਪ੍ਰਿੰਸ ਪੁੱਤਰ ਨਵਦੀਪ ਸਿੰਘ ਵਾਸੀ ਪਿੰਡ ਮਹਿਮਦਪੁਰ ਜੱਟਾਂ ਥਾਣਾ ਸਦਰ ਦੀ ਸ਼ਿਕਾਇਤ ’ਤੇ ਰਾਜੇਸ਼ ਕੁਮਾਰ ਪੁੱਤਰ ਬਲਵੀਰ ਸਿੰਘ ਵਾਸੀ ਅਮਨ ਬਾਗ ਸਰਹੰਦ ਰੋਡ ਪਟਿਆਲਾ, ਬਲਵੀਰ ਸਿੰਘ ਪੁੱਤਰ ਜਗੀਰ ਸਿੰਘ, ਅਭਿਸ਼ੇਕ, ਸੋਨੂੰ ਦਾ ਡਰਾਈਵਰ ਲਾਡੀ ਅਤੇ 4-5 ਅਣਪਛਾਤੇ ਵਿਅਕਤੀਆਂ ਖਿਲਾਫ 140(2), 127(2), 191(3), 190, 115(2), 351(2) ਬੀ. ਐੱਨ. ਐੱਸ. ਤਹਿਤ ਕੇ ਦਰਜ ਕੀਤਾ ਹੈ। ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਮਾਮਲੇ ’ਚ ਪੁਲਸ ਨੂੰ ਇਕ ਹੋਰ ਐੱਫ. ਆਈ. ਆਰ. ਵੀ ਦਰਜ ਮਿਲੀ ਹੈ ਕਿ 21 ਸਤੰਬਰ ਨੂੰ ਥਾਣਾ ਸਿਟੀ ਰੂਪਨਗਰ ਥਾਣੇ ’ਚ ਐੱਫ. ਆਈ. ਆਰ. ਨੰਬਰ 227 ਦਰਜ ਹੋਈ ਸੀ। ਇਸ ’ਚ ਇਕ ਟਿੱਪਰ ਪਲਟਣ ਤੋਂ ਬਾਅਦ ਟਿੱਪਰ ਮਾਲਕ ਅਤੇ ਡਰਾਈਵਰ ਧਿਰ ਵਿਚਕਾਰ ਤੂੰ-ਤੂੰ, ਮੈਂ-ਮੈਂ ਹੋਈ ਸੀ। ਇਸ ਦੌਰਾਨ ਟਿੱਪਰ ਮਾਲਕ ਨਾਲ ਕੁੱਟਮਾਰ ਹੋਣ ਦਾ ਦੋਸ਼ ਲਾਇਆ ਗਿਆ ਅਤੇ ਇਸ ਸਬੰਧੀ ਰੂਪਨਗਰ ’ਚ ਕੇਸ ਵੀ ਦਰਜ ਕੀਤਾ ਗਿਆ। ਐੱਸ. ਪੀ. ਮੋਹਿਤ ਅਗਰਵਾਲ ਨੇ ਦੱਸਿਆ ਕਿ ਇਸ ਦਾ ਬਦਲਾ ਲੈਣ ਲਈ 24 ਸਤੰਬਰ ਨੂੰ ਪ੍ਰਿੰਸ ਨੂੰ ਉਸ ਦੇ ਘਰ ਦੇ ਨੇੜਿਓਂ ਗੱਡੀ ’ਚ ਅਗਵਾ ਕਰ ਲਿਆ ਗਿਆ ਅਤੇ ਉਸ ਦੀ ਕੁੱਟਮਾਰ ਹੋਈ। 24 ਸਤੰਬਰ ਤੋਂ ਬਾਅਦ ਡਰਾਈਵਰ ਪ੍ਰਿੰਸ ਨੇ ਕੋਈ ਸ਼ਿਕਾਇਤ ਨਹੀਂ ਦਿੱਤੀ ਅਤੇ ਘਟਨਾ ਦੀ ਵੀਡੀਓ ਵਾਇਰਲ ਹੋ ਗਈ। ਜਦੋਂ ਇਹ ਵੀਡੀਓ ਪੁਲਸ ਕੋਲ ਪਹੁੰਚੀ ਤਾਂ ਤੁਰੰਤ ਇਸ ’ਚ ਐਕਸ਼ਨ ਲੈਂਦਿਆਂ ਟਿੱਪਰ ਮਾਲਕ ਨੂੰ ਗ੍ਰਿਫਤਾਰ ਕਰ ਲਿਆ। ਉਨ੍ਹਾਂ ਦੱਸਿਆ ਕਿ ਕਿਸੇ ਵੀ ਵਿਅਕਤੀ ਨੂੰ ਕਾਨੂੰਨ ਨੂੰ ਆਪਣੇ ਹੱਥ ’ਚ ਨਹੀਂ ਲੈਣ ਦਿੱਤਾ ਜਾਵੇਗਾ। ਇਸ ਮਾਮਲੇ ’ਚ ਕਿਹੜੇ ਵਿਅਕਤੀ ਉਸ ਨੂੰ ਅਗਵਾ ਕਰ ਕੇ ਲੈ ਗਏ ਸਨ ਅਤੇ ਉਕਤ ਨਾਮਜ਼ਦ ਵਿਅਕਤੀਆਂ ਤੋਂ ਇਲਾਵਾ ਉਨ੍ਹਾਂ ਦੇ ਸਹਿਯੋਗ ਕਿਹੜੇ ਹਨ, ਉਸ ਦੀ ਪੜਤਾਲ ਕਰ ਕੇ ਉਨ੍ਹਾਂ ਖਿਲਾਫ ਵੀ ਕਾਰਵਾਈ ਕੀਤੀ ਜਾਵੇਗੀ। ਦੱਸਣਯੋਗ ਹੈ ਕਿ ਇਸ ਮਾਮਲੇ ਦੀ ਜਿਹੜੀ ਵੀਡੀਓ ਵਾਇਰਲ ਹੋਈ ਹੈ, ਵਿਚ ਪ੍ਰਿੰਸ ਨੂੰ ਇਕ ਕੁੱਤੇ ਵਾਲੇ ਪਿੰਜਰੇ ’ਚ ਬੰਦ ਕੀਤਾ ਹੋਇਆ ਹੈ ਅਤੇ ਉਸ ਦੀ ਕੁੱਟਮਾਰ ਕੀਤੀ ਜਾ ਰਹੀ ਹੈ। ਪੁਲਸ ਵੱਲੋਂ ਦਰਜ ਕੀਤੀ ਗਈ ਐੱਫ. ਆਈ. ਆਰ. ਵਿਚ ਵੀ ਪ੍ਰਿੰਸ ਵੱਲੋਂ ਆਪਣਾ ਬਿਆਨ ਦਰਜ ਕਰਵਾਇਆ ਗਿਆ ਹੈ ਕਿ ਉਹ 24 ਸਤੰਬਰ ਨੂੰ ਦੁੱਧ ਲੈਣ ਲਈ ਜਿੰਦਲ ਡੇਅਰੀ ਜਾ ਰਿਹਾ ਸੀ ਜਦੋਂ ਉਹ ਆਟਾ ਚੱਕੀ ਬਹਾਦਰਗੜ੍ਹ ਕੋਲ ਪਹੁੰਚਿਆ ਤਾਂ ਇਕ ਸਕਾਰਪੀਓ ਗੱਡੀ ਵਿਚ 4-5 ਵਿਅਕਤੀ ਆਏ ਉਸ ਨੂੰ ਜ਼ਬਰਦਸਤੀ ਬਿਠਾ ਕੇ ਲੈ ਗਏ ਅਤੇ ਜੈ ਕ੍ਰਿਪਾਲ/ਜੈ ਠਾਕੁਰ ਫਰਮ ਬਾਈਪਾਸ ਸਰਹੰਦ ਰੋਡ ਵਿਖੇ ਲਿਜਾ ਕੇ ਉਸ ਦੀ ਕੁੱਟਮਾਰ ਕੀਤੀ। ਉਸ ਦੇ ਕੱਪੜੇ ਪਾੜ ਕੇ ਉਸ ਨੂੰ ਕੁੱਤੇ ਵਾਲੇ ਪਿੰਜਰੇ ’ਚ ਬੰਦ ਕਰ ਦਿੱਤਾ ਗਿਆ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ। ਡਰਾ-ਧਮਕਾ ਕੇ ਇਕ ਕਾਗਜ਼ ’ਤੇ ਉਸ ਦੇ ਹਸਤਾਖਰ ਕਰਵਾ ਲਏ, ਉਸ ਦੀ ਵੀਡੀਓ ਬਣਾ ਕੇ ਉਸ ਕੇ ਅਲੀਪੁਰ ਚੌਂਕ ਕੋਲ ਛੱਡ ਦਿੱਤਾ। ਬਾਅਦ ’ਚ ਉਕਤ ਵਿਅਕਤੀਆਂ ਨੇ ਬਣਾਈ ਗਈ ਵੀਡੀਓ ਵੀ ਵਾਇਰਲ ਕਰ ਦਿੱਤੀ।

ਪੰਜਾਬ ’ਚ ਪ੍ਰਵਾਸੀ ਮਜ਼ਦੂਰ ਨੇ ਕੀਤਾ ਕਤਲ !

ਕੌਮੀ ਪਤ੍ਰਿਕਾ

ਜ਼ੀਰਾ 16 ਅਕਤੂਬਰ। ਵਿਧਾਨ ਸਭਾ ਹਲਕਾ ਜ਼ੀਰਾ ਦੇ ਪਿੰਡ ਸੇਖਵਾਂ ਵਿਚ ਬੀਤੀ ਰਾਤ ਇਕ ਪ੍ਰਵਾਸੀ ਮਜ਼ਦੂਰ ਵੱਲੋਂ ਆਪਣੇ ਹੀ ਸਾਥੀ ਦੀ ਸਿਰ ’ਤੇ ਕਿਸੇ ਚੀਜ਼ ਨਾਲ ਵਾਰ ਕਰ ਕੇ ਬੇਰਹਿਮੀ ਨਾਲ ਹੱਤਿਆ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਘਟਨਾ ਤੋਂ ਬਾਅਦ ਮੁਲਜ਼ਮ ਪ੍ਰਵਾਸੀ ਲਾਸ਼ ਨੂੰ ਘੜੀਸ ਕੇ ਬਾਹਰ ਖੇਤਾਂ ਵਿਚ ਲੈ ਆਇਆ ਅਤੇ ਉੱਥੇ ਉਸ ਨੂੰ ਨਗਨ ਹਾਲਤ ’ਚ ਸੁੱਟ ਕੇ ਫਰਾਰ ਹੋ ਗਿਆ। ਪੁਲਸ ਅਨੁਸਾਰ ਫਰਾਰ ਪ੍ਰਵਾਸੀ ਮਜ਼ਦੂਰ ਦੀਆਂ ਗਤੀਵਿਧੀਆਂ ਕੈਮਰੇ ’ਚ ਕੈਦ ਹੋਈਆਂ ਹਨ, ਜਿਸ ਦੇ ਆਧਾਰ ’ਤੇ ਪੁਲਸ ਅਗਲੇਰੀ ਜਾਂਚ ਕਰ ਰਹੀ ਹੈ ਅਤੇ ਉਸ ਨੂੰ ਫੜਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਪੁਲਸ ਨੂੰ ਦਿੱਤੇ ਬਿਆਨ ’ਚ ਪਿੰਡ ਸੇਖਵਾਂ ਦੇ ਸਾਬਕਾ ਸਰਪੰਚ ਗੁਰਪ੍ਰੇਮ ਸਿੰਘ ਬੱਬੂ ਪੁੱਤਰ ਅਜੈਬ ਸਿੰਘ ਵਾਲਾ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਬਿਹਾਰ ਨਿਵਾਸੀ ਦੋ ਪ੍ਰਵਾਸੀ ਰਾਜੂ ਅਤੇ ਰਵੀ ਉਸ ਕੋਲ ਖੇਤਾਂ ’ਚ ਕੰਮ ਕਰਨ ਲਈ ਆਏ ਸਨ ਅਤੇ ਉਹ ਉਨ੍ਹਾਂ ਦੇ ਪਿੰਡ ਕਾਲੀਆਂ ਵਾਲੀ ਰੋਡ ’ਤੇ ਬਣੇ ਖੇਤਾਂ ਦੇ ਮਕਾਨ ਵਿਚ ਰੁਕੇ ਹੋਏ ਸਨ। ਉਨ੍ਹਾਂ ਦੱਸਿਆ ਕਿ ਬੀਤੀ ਰਾਤ ਉਕਤ ਦੋਵਾਂ ਪ੍ਰਵਾਸੀਆਂ ’ਚ ਖਾਣਾ ਖਾਂਦੇ ਸਮੇਂ ਕਿਸੇ ਗੱਲ ਨੂੰ ਲੈ ਕੇ ਝਗੜਾ ਹੋਇਆ ਅਤੇ ਉਕਤ ਵਿਵਾਦ ਤੋਂ ਬਾਅਦ ਰਵੀ ਨੇ ਰਾਜੂ ਦੇ ਸਿਰ ’ਤੇ ਕਿਸੇ ਚੀਜ਼ ਨਾਲ ਵਾਰ ਕਰ ਕੇ ਉਸ ਦੀ ਹੱਤਿਆ ਕਰ ਦਿੱਤੀ ਅਤੇ ਫਰਾਰ ਹੋ ਗਿਆ। ਇਸ ਘਟਨਾ ਦੀ ਸੂਚਨਾ ਮਿਲਣ ’ਤੇ ਥਾਣਾ ਜ਼ੀਰਾ ਸਦਰ ਦੇ ਐੱਸ. ਐੱਚ. ਓ. ਗੁਰਪ੍ਰੀਤ ਸਿੰਘ ਅਤੇ ਡੀ. ਐੱਸ. ਪੀ. ਜਸਪਾਲ ਸਿੰਘ ਢਿੱਲੋਂ ਨੇ ਮੌਕੇ ’ਤੇ ਪਹੁੰਚ ਕੇ ਘਟਨਾ ਦੀ ਜਾਂਚ ਕੀਤੀ ਅਤੇ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ।

ਪੈਸਿਆਂ ਪਿੱਛੇ ਹੈਵਾਨ ਬਣੇ ਲੋਕ ! ਔਰਤ ਨਾਲ ਕੀਤੀ ਸ਼ਰਮਨਾਕ ਕਰਤੂਤ

ਨੈਸ਼ਨਲ ਡੈਸਕ 16 ਅਕਤੂਬਰ। ਬੈਂਗਲੁਰੂ ਤੋਂ ਇਕ ਅਜਿਹਾ ਮਾਮਲਾ ਸਾਹਮਣੇ ਆਇਆ ਹੈ, ਜਿਸ ’ਚ ਇਕ ਔਰਤ ਉਧਾਰ ਲਏ ਪੈਸੇ ਨਹੀਂ ਚੁਕਾ ਸਕੀ ਤਾਂ ਉਸ ਦੇ ਕੱਪੜੇ ਲਾਹੇ ਗਏ ਅਤੇ ਮਾਰਕੁੱਟ ਵੀ ਕੀਤੀ ਗਈ। ਇਸ ਮਾਮਲੇ ’ਚ ਮੁਲਜ਼ਮਾਂ ਨੇ ਔਰਤ ਦਾ ਵੀਡੀਓ ਵੀ ਬਣਾਇਆ ਅਤੇ ਵੀਡੀਓ ਨੂੰ ਸੋਸ਼ਲ ਮੀਡੀਆ ’ਤੇ ਪਾਉਣ ਦੀ ਧਮਕੀ ਦਿੱਤੀ। ਪੁਲਸ ਨੇ ਇਸ ਮਾਮਲੇ ’ਚ 2 ਔਰਤਾਂ ਸਮੇਤ 4 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਨਸਰਤ, ਰੇਸ਼ਮਾ, ਸੁਹੇਲ ਅਤੇ ਸੈਫ਼ ਵਜੋਂ ਹੋਈ ਹੈ। ਦੱਸਿਆ ਗਿਆ ਹੈ ਕਿ ਪੀੜਤਾ ਨੇ 2 ਸਾਲ ਪਹਿਲਾਂ ਰੇਸ਼ਮਾ ਤੋਂ 1 ਲੱਖ ਰੁਪਏ ਉਧਾਰ ਲਏ ਸਨ ਅਤੇ ਪਿਛਲੇ 6 ਮਹੀਨਿਆਂ ਤੋਂ ਵਿਆਜ ਨਹੀਂ ਚੁਕਾ ਰਹੀ ਸੀ। ਪੀੜਤਾ ਨੇ ਨਸਰਤ ਤੋਂ ਵੀ 50,000 ਰੁਪਏ ਉਧਾਰ ਲਏ ਸਨ, ਜਿਸ ਨੂੰ ਉਹ ਰੇਸ਼ਮਾ ਰਾਹੀਂ ਜਾਣਦੀ ਸੀ ਅਤੇ ਉਹ ਹਰ ਹਫ਼ਤੇ 5,000 ਰੁਪਏ ਚੁਕਾ ਰਹੀ ਸੀ, ਪਰ ਆਰਥਿਕ ਤੰਗੀ ਕਾਰਨ ਕਰੀਬ 4 ਹਫ਼ਤਿਆਂ ਤੱਕ ਪੇਮੈਂਟ ਨਹੀਂ ਕਰ ਸਕੀ। ਔਰਤ ਨੇ ਦੱਸਿਆ ਕਿ ਬਾਅਦ ’ਚ ਉਸ ਨੇ ਰੇਸ਼ਮਾ ਦਾ ਨੰਬਰ ਬਲਾਕ ਕਰ ਦਿੱਤਾ ਸੀ ਅਤੇ ਪ੍ਰੇਸ਼ਾਨ ਕੀਤੇ ਜਾਣ ਦੇ ਡਰੋਂ ਦੂਜੀ ਜਗ?ਹਾ ਚਲੀ ਗਈ। ਨਸਰਤ ਨੇ ਔਰਤ ਨੂੰ ਫੋਨ ਮਿਲਾਇਆ। ਨਾਲ ਹੀ ਨੌਕਰੀ ਅਤੇ ਪੈਸੇ ਦੇਣ ਦੇ ਬਹਾਨੇ ਨਾਲ ਉਸ ਨੂੰ ਆਪਣੇ ਘਰ ਬੁਲਾ ਲਿਆ ਸੀ।

ਨਸ਼ੇ ਵੇਚਣ ਤੋਂ ਰੋਕਣ ’ਤੇ ਪ੍ਰਵਾਸੀਆਂ ਨੇ ਕੀਤਾ ਪਰਿਵਾਰ ’ਤੇ ਹਮਲਾ, ਇਕ ਨੌਜਵਾਨ ਗੰਭੀਰ ਜ਼ਖ਼ਮੀ

ਸ੍ਰੀ ਅਨੰਦਪੁਰ ਸਾਹਿਬ 16 ਅਕਤੂਬਰ। ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿਚ ਨਸ਼ਿਆਂ ਦਾ ਕਾਰੋਬਾਰ ਦਿਨੋ-ਦਿਨ ਵੱਧਦਾ ਹੀ ਜਾ ਰਿਹਾ ਹੈ। ਪਵਿੱਤਰ ਨਗਰੀ ਐਲਾਨੇ ਜਾਣ ਦੇ ਬਾਵਜੂਦ ਸ਼ਹਿਰ ਵਿਚ ਬਹੁਤ ਸਾਰੀਆਂ ਦੁਕਾਨਾਂ ’ਤੇ ਜਿੱਥੇ ਬੀੜੀਆਂ, ਸਿਗਰਟਾਂ, ਜਰਦਾ, ਤੰਬਾਕੂ ਆਦਿ ਆਮ ਹੀ ਵੇਚੇ ਜਾ ਰਹੇ ਹਨ, ਉਥੇ ਹੀ ਨਾਜਾਇਜ਼ ਸ਼ਰਾਬ ਅਤੇ ਹੋਰ ਹਰ ਤਰ੍ਹਾਂ ਦੇ ਮਾਰੂ ਨਸ਼ੇ ਸ਼ਹਿਰ ਵਿਚ ਵਿਕਣ ਸਬੰਧੀ ਸ਼ਹਿਰ ਵਾਸੀਆਂ ਵੱਲੋਂ ਬਹੁਤ ਵਾਰ ਆਪਣੀਆਂ ਚਿੰਤਾਵਾਂ ਪ੍ਰਗਟ ਕੀਤੀਆਂ ਜਾਂਦੀਆਂ ਰਹੀਆਂ ਹਨ। ਬੱਸ ਸਟੈਂਡ ਦੇ ਸਾਹਮਣੇ ਰੇਲਵੇ ਲਾਈਨਾਂ ਦੇ ਪਾਰ ਬਣੀਆ ਝੁੱਗੀਆਂ ਅਤੇ ਸ੍ਰੀ ਦਸ਼ਮੇਸ਼ ਅਕੈਡਮੀ ਸੜਕ ਉੱਪਰ ਬਣੀਆਂ ਝੁੱਗੀਆਂ ਵਿਚ ਇਹ ਮਾਰੂ ਨਸ਼ੇ ਬਾਹਰੋਂ ਆਏ ਪ੍ਰਵਾਸੀਆਂ ਵੱਲੋਂ ਆਮ ਹੀ ਵੇਚੇ ਜਾ ਰਹੇ ਹਨ ਅਤੇ ਜੇਕਰ ਕੋਈ ਇਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕਰਦਾ ਹੈ ਤਾਂ ਇਹ ਜਾਨਲੇਵਾ ਹਮਲੇ ਕਰਨ ਤੋਂ ਵੀ ਨਹੀਂ ਡਰਦੇ। ਇਸ ਤਰ੍ਹਾਂ ਦਾ ਹੀ ਇਕ ਮਾਮਲਾ ਸਥਾਨਕ ਸ੍ਰੀ ਦਸ਼ਮੇਸ਼ ਅਕੈਡਮੀ ਸੜਕ ਉੱਪਰ ਦੋਵੇਂ ਨਹਿਰਾਂ ਦੇ ਪਾਰ ਪਿੰਡ ਸਹੋਟਾ ਵਿਖੇ ਬੀਤੀ ਰਾਤ ਸਾਹਮਣੇ ਆਇਆ ਜਦੋਂ ਇਕ ਪ੍ਰਵਾਸੀ ਪਰਿਵਾਰ ਵੱਲੋਂ ਸ਼ਰੇਆਮ ਬੀੜੀਆਂ, ਸਿਗਰਟਾਂ ਜਰਦੇ, ਤੰਬਾਕੂ ਤੋਂ ਇਲਾਵਾ ਹੋਰ ਵੀ ਕਈ ਤਰ੍ਹਾਂ ਦੇ ਮਾਰੂ ਨਸ਼ੇ ਵੇਚੇ ਜਾ ਰਹੇ ਸਨ ਤਾਂ ਨਾਲ ਦੇ ਗੁਆਂਢੀਆਂ ਵੱਲੋਂ ਇਸ ਗੱਲ ਦਾ ਇਤਰਾਜ ਕੀਤਾ ਗਿਆ ਅਤੇ ਉਨ੍ਹਾਂ ਨੂੰ ਅਜਿਹੇ ਕੰਮਾਂ ਨੂੰ ਕਰਨ ਤੋਂ ਵਰਜਿਆ ਗਿਆ ਤਾਂ ਪ੍ਰਵਾਸੀਆਂ ਵੱਲੋਂ ਉਕਤ ਪਰਿਵਾਰ ਉੱਪਰ ਹਮਲਾ ਕਰ ਦਿੱਤਾ ਗਿਆ। ਪ੍ਰਵਾਸੀਆਂ ਵੱਲੋਂ ਕੀਤੇ ਹਮਲੇ ਵਿਚ ਪਰਿਵਾਰ ਦੇ ਮੈਂਬਰ ਮੁਹੰਮਦ ਸ਼ਾਹਿਦ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ, ਜਿਸ ਨੂੰ ਸਥਾਨਕ ਭਾਈ ਜੈਤਾ ਜੀ ਸਿਵਲ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ। ਹਸਪਤਾਲ ਵਿਚ ਦਾਖਲ ਮੁਹੰਮਦ ਸ਼ਾਹਿਦ ਦੀ ਧਰਮ ਪਤਨੀ ਮਹਿਕ ਨੇ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ’ਤੇ ਹਮਲਾ ਕਰਨ ਅਤੇ ਨਸ਼ੇ ਵੇਚਣ ਵਾਲੇ ਪ੍ਰਵਾਸੀਆਂ ਦੇ ਖ਼?ਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ।

ਦਾਤਰਾਂ ਦੇ ਵਾਰਾਂ ਨਾਲ ਨੌਜਵਾਨ ਨੂੰ ਸੜਕ ’ਤੇ ਸੁੱਟਿਆ, ਸਕੂਟਰੀ ਤੇ ਕੀਮਤੀ ਸਮਾਨ ਲੁੱਟ ਕੇ ਫਰਾਰ

ਕੌਮੀ ਪਤ੍ਰਿਕਾ

ਲੁਧਿਆਣਾ 16 ਅਕਤੂਬਰ। ਥਾਣਾ ਮੋਤੀ ਨਗਰ ਦੇ ਇਲਾਕੇ ਵਿੱਚ ਲੁੱਟ ਦੀਆਂ ਵਾਰਦਾਤਾਂ ’ਤੇ ਪੁਲਿਸ ਦੀ ਸਖ਼ਤੀ ਦੇ ਬਾਵਜੂਦ ਬਦਮਾਸ਼ਾਂ ਦੇ ਹੌਸਲੇ ਪਸਤ ਹੁੰਦੇ ਨਜ਼ਰ ਨਹੀਂ ਆ ਰਹੇ। ਯਾਰਕ ਐਕਸਪੋਰਟ ਪੁਲ ’ਤੇ ਘਰ ਵੱਲ ਜਾ ਰਹੇ 45 ਸਾਲਾ ਵਿਅਕਤੀ ਨੂੰ ਦੋ ਮੋਟਰਸਾਈਕਲ ਸਵਾਰਾਂ ਨੇ ਪਿੱਛੋਂ ਆ ਕੇ ਘੇਰ ਲਿਆ। ਮੁਲਜ਼ਮਾਂ ਨੇ ਦਾਤਰ ਨਾਲ ਉਸ ’ਤੇ ਤਾਬੜਤੋੜ ਵਾਰ ਕਰਕੇ ਉਸ ਨੂੰ ਜ਼ਮੀਨ ’ਤੇ ਸੁੱਟ ਦਿੱਤਾ ਅਤੇ ਉਸ ਦੀ ਸਕੂਟਰੀ, ਬੈਗ ਤੇ ਹੋਰ ਕੀਮਤੀ ਸਾਮਾਨ ਲੁੱਟ ਕੇ ਫਰਾਰ ਹੋ ਗਏ। ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਸ਼ਾਸਤਰੀ ਨਗਰ ਦੀ ਮੱਕੜ ਕਾਲੋਨੀ ਵਾਸੀ ਸੁਨੀਲ ਸਿੰਘ ਨੇ ਦੱਸਿਆ ਕਿ ਉਹ ਆਪਣੀ ਮੈਸਟਰੋ ਸਕੂਟਰੀ ’ਤੇ ਸਵਾਰ ਹੋ ਕੇ ਸਮਰਾਲਾ ਚੌਕ ਵੱਲ ਜਾ ਰਿਹਾ ਸੀ। ਜਦੋਂ ਉਹ ਯਾਰਕ ਐਕਸਪੋਰਟ ਪੁਲ ਦੇ ਉੱਪਰ ਪਹੁੰਚਿਆ ਤਾਂ ਦੋ ਨੌਜਵਾਨ ਸਪਲੈਂਡਰ ਮੋਟਰਸਾਈਕਲ ’ਤੇ ਸਵਾਰ ਹੋ ਕੇ ਪਿੱਛੋਂ ਆਏ। ਮੁਲਜ਼ਮਾਂ ਨੇ ਉਸ ’ਤੇ ਦਾਤਰ ਨਾਲ ਹਮਲਾ ਕਰ ਦਿੱਤਾ। ਅਚਾਨਕ ਹੋਏ ਹਮਲੇ ਕਾਰਨ ਉਹ ਜ਼ਮੀਨ ’ਤੇ ਡਿੱਗ ਪਿਆ। ਸ਼ਿਕਾਇਤਕਰਤਾ ਅਨੁਸਾਰ ਮੁਲਜ਼ਮ ਉਸ ਦੀ ਕੁੱਟਮਾਰ ਕਰਨ ਤੋਂ ਬਾਅਦ ਉਸ ਦੀ ਸਕੂਟਰੀ ਅਤੇ ਬੈਗ ਲੈ ਕੇ ਮੌਕੇ ਤੋਂ ਫਰਾਰ ਹੋ ਗਏ। ਬੈਗ ਵਿੱਚ ਕਰੀਬ 20 ਹਜ਼ਾਰ ਰੁਪਏ ਨਕਦ, ਓਪੋ ਕੰਪਨੀ ਦਾ ਮੋਬਾਈਲ ਫੋਨ, ਆਧਾਰ ਕਾਰਡ, ਪੈਨ ਕਾਰਡ ਅਤੇ ਵੱਖ-ਵੱਖ ਬੈਂਕਾਂ ਦੇ ਡੈਬਿਟ ਕਾਰਡ ਸਨ। ਵਾਰਦਾਤ ਤੋਂ ਬਾਅਦ ਪੀੜਤ ਨੇ ਪੁਲਿਸ ਨੂੰ ਸੂਚਨਾ ਦਿੱਤੀ, ਜਿਸ ’ਤੇ ਥਾਣਾ ਮੋਤੀ ਨਗਰ ਦੀ ਪੁਲਿਸ ਨੇ ਮਾਮਲਾ ਦਰਜ ਕਰਕੇ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਥਾਣਾ ਮੋਤੀ ਨਗਰ ਇਲਾਕੇ ਦੇ ਅਧੀਨ ਆਉਂਦਾ ਦਿੱਲੀ ਹਾਈਵੇ ਤੇ ਪੈਂਦਾ ਇਹ ਪੁੱਲ ਪਿਛਲੇ ਸਮੇਂ ਤੋਂ ਲੁੱਟਾਂ ਦੀਆਂ ਵਾਰਦਾਤਾਂ ਕਾਰਨ ਚਰਚਾ ਵਿੱਚ ਰਿਹਾ ਹੈ। ਇਲਾਕੇ ਵਿੱਚ ਰਾਹਗੀਰਾਂ ਨੂੰ ਨਿਸ਼ਾਨਾ ਬਣਾਉਣ, ਮੋਟਰਸਾਈਕਲ ਸਵਾਰਾਂ ਨੂੰ ਘੇਰ ਕੇ ਉਨ੍ਹਾਂ ਕੋਲੋਂ ਵਾਹਨ ਤੇ ਕੀਮਤੀ ਸਾਮਾਨ ਖੋਹਣ ਅਤੇ ਹਥਿਆਰਾਂ ਦੀ ਨੋਕ ’ਤੇ ਲੁੱਟ ਕਰਨ ਦੀਆਂ ਕਈ ਘਟਨਾਵਾਂ ਸਾਹਮਣੇ ਆ ਚੁੱਕੀਆਂ ਹਨ। ਪਿਛਲੇ ਕਈ ਮਹੀਨਿਆਂ ਦੌਰਾਨ ਇੱਥੇ ਵਾਪਰੀਆਂ ਅਜਿਹੀਆਂ ਵਾਰਦਾਤਾਂ ਨੇ ਰਾਤ ਸਮੇਂ ਇਸ ਰਸਤੇ ਤੋਂ ਲੰਘਣ ਵਾਲੇ ਲੋਕਾਂ ਵਿੱਚ ਡਰ ਪੈਦਾ ਕੀਤਾ ਹੈ। ਇਸ ਤਾਜ਼ਾ ਘਟਨਾ ਨੇ ਇੱਕ ਵਾਰ ਮੁੜ ਸੁਰੱਖਿਆ ਪ੍ਰਬੰਧਾਂ ’ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਲੋਕਾਂ ਦਾ ਕਹਿਣਾ ਹੈ ਕਿ ਜੇਕਰ ਸੁੰਨਸਾਨ ਥਾਵਾਂ ਅਤੇ ਪੁਲਾਂ ’ਤੇ ਪੁਲਿਸ ਦੀ ਗਸ਼ਤ ਵਧਾਈ ਜਾਵੇ ਅਤੇ ਸੀਸੀਟੀਵੀ ਕੈਮਰਿਆਂ ਦੀ ਨਿਗਰਾਨੀ ਮਜ਼ਬੂਤ ਕੀਤੀ ਜਾਵੇ ਤਾਂ ਅਜਿਹੀਆਂ ਵਾਰਦਾਤਾਂ ’ਤੇ ਕਾਬੂ ਪਾਇਆ ਜਾ ਸਕਦਾ ਹੈ। ਪੁਲਿਸ ਵੱਲੋਂ ਮੁਲਜ਼ਮਾਂ ਦੀ ਪਛਾਣ ਅਤੇ ਗ੍ਰਿਫ਼ਤਾਰੀ ਲਈ ਜਾਂਚ ਕੀਤੀ ਜਾ ਰਹੀ ਹੈ।

ਗੁਰਦਾਸਪੁਰ ਪੁਲਸ ਵੱਲੋਂ ਵੱਖ-ਵੱਖ ਮਾਮਲਿਆਂ ’ਚ ਹੈਰੋਇਨ ਸਮੇਤ 6 ਮੁਲਜ਼ਮ ਗ੍ਰਿਫਤਾਰ

ਗੁਰਦਾਸਪੁਰ 16 ਅਕਤੂਬਰ। ਗੁਰਦਾਸਪੁਰ ਪੁਲਸ ਵੱਲੋਂ 285 ਗ੍ਰਾਮ 76 ਮਿਲੀਗ੍ਰਾਮ ਹੈਰੋਇਨ ਸਮੇਤ 6 ਮੁਲਜ਼ਮਾਂ ਨੂੰ ਕਾਬੂ ਕਰਕੇ ਮਾਮਲਾ ਦਰਜ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐੱਸ.ਐੱਸ.ਪੀ ਆਦਿੱਤਿਆ ਨੇ ਦੱਸਿਆ ਕਿ ਸਿਟੀ ਪੁਲਸ ਗੁਰਦਾਸਪੁਰ ਨੇ ਦੋਸੀ ਅਰੁਣ ਪੁੱਤਰ ਰਾਜ ਕੁਮਾਰ ਵਾਸੀ ਇਸਲਾਮਾਬਾਦ ਮੁਹੱਲਾ ਗੁਰਦਾਸਪੁਰ ਨੂੰ 4 ਗ੍ਰਾਮ ਹੈਰੋਇਨ ਸਮੇਤ ਕਾਬੂ ਕਰਕੇ ਮਾਮਲਾ ਦਰਜ ਕੀਤਾ। ਥਾਣਾ ਸਦਰ ਪੁਲਸ ਨੇ ਦੋਸੀ ਚਰਨਜੀਤ ਸਿੰਘ ਉਰਫ ਰੋਮੀ ਪੁੱਤਰ ਦਲਬੀਰ ਸਿੰਘ ਵਾਸੀ ਹਰਦੋਬਥਵਾਲਾ ਨੂੰ ਕਾਬੂ ਕਰਕੇ ਉਸ ਤੋਂ 3 ਗ੍ਰਾਮ ਹੈਰੋਇਨ ਅਤੇ ਦੋਸੀ ਅਮਿਤ ਕੁਮਾਰ ਉਰਫ ਬਿੱਲੀ ਪੁੱਤਰ ਸੁੱਚਾ ਰਾਮ ਵਾਸੀ ਸਿੱਧਵਾ ਜਮੀਤਾ ਨੂੰ 3 ਗ੍ਰਾਮ ਹੈਰੋਇਨ ਸਮੇਤ ਕਾਬੂ ਕਰਕੇ ਮਾਮਲਾ ਦਰਜ ਕੀਤਾ। ਜਦਕਿ ਥਾਣਾ ਤਿੱਬੜ ਪੁਲਸ ਨੇ 265 ਗ੍ਰਾਮ ਹੈਰੋਇਨ , 4100 ਰੁਪਏ ਡਰੱਗ ਮਨੀ , ਇਕ ਆਈ. ਫੋਨ , ਇਕ ਕੰਪਿਊਟਰ ਕੰਡਾ ਸਮੇਤ ਕਾਰ ਚਾਲਕ ਲਵਦੀਪ ਸਿੰਘ ਉਰਫ ਲਾਲਾ ਪੁੱਤਰ ਮੁਖਤਿਆਰ ਸਿੰਘ ਵਾਸੀ ਹਸਨਪੁਰ ਕਲਾਂ ਬਟਾਲਾ ਨੂੰ ਕਾਬੂ ਕਰਕੇ ਮਾਮਲਾ ਦਰਜ ਕੀਤਾ। ਇਸ ਤੋਂ ਇਲਾਵਾ ਦੀਨਾਨਗਰ ਪੁਲਸ ਨੇ 7ਗ੍ਰਾਮ 76 ਮਿਲੀਗ੍ਰਾਮ ਹੈਰੋਇਨ ਸਮੇਤ ਦੋਸ਼ੀ ਸੂਰਜ ਕੁਮਾਰ ਉਰਫ ਲਾਰਾ ਪੁੱਤਰ ਅਸ਼ਵਨੀ ਕੁਮਾਰ ਵਾਸੀ ਗਾਂਧੀਆਂ ਨੂੰ ਕਾਬੂ ਕਰਕੇ ਮਾਮਲਾ ਦਰਜ ਕੀਤਾ। ਜਦਕਿ ਬਹਿਰਾਮਪੁਰ ਪੁਲਸ ਨੇ ਦੋਸ਼ੀ ਰਜੇਸ ਕੁਮਾਰ ਉਰਫ ਜੱਗੀ ਪੁੱਤਰ ਲੇਟ. ਸੁਰਿੰਦਰ ਕੁਮਾਰ ਵਾਸੀ ਸ਼ਾਂਸੀਆਂ ਮੁਹੱਲਾ ਬਹਿਰਾਮਪੁਰ ਨੂੰ ਕਾਬੂ ਕਰਕੇ ਉਸ ਤੋਂ 3 ਗ੍ਰਾਮ ਹੈਰੋਇਨ ਬਰਾਮਦ ਕਰਕੇ ਮਾਮਲਾ ਦਰਜ ਕੀਤਾ।

ਇਕੋ ਦਿਨ 330 ਮੁਲਜ਼ਮ ਗ੍ਰਿ.ਫਤਾਰ ! ਆਸਾਮ ’ਚ ਧੋਖਾਦੇਹੀ ਦੇ ਮਾਮਲਿਆਂ ’ਚ ਪੁਲਸ ਦਾ ਵੱਡਾ ਐਕਸ਼ਨ

ਨੈਸ਼ਨਲ ਡੈਸਕ 16 ਅਕਤੂਬਰ। ਆਸਾਮ ਦੇ ਪੁਲਸ ਡਾਇਰੈਕਟਰ ਜਨਰਲ ਹਰਮੀਤ ਸਿੰਘ ਨੇ ਕਿਹਾ ਕਿ ਸੂਬਾ ਪੁਲਸ ਨੇ ਧੋਖਾਦੇਹੀ ਦੇ ਮਾਮਲਿਆਂ ਦੇ ਖ਼?ਲਾਫ ਸ਼ਨੀਵਾਰ ਤੜਕੇ ਚਲਾਈ ਗਈ ਇਕ ਵਿਸ਼ੇਸ਼ ਮੁਹਿੰਮ ’ਚ 330 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਹਰਮੀਤ ਸਿੰਘ ਨੇ ਕਿਹਾ ਕਿ ਖੁਦ ਨੂੰ ਪੁਲਸ ਮੁਲਾਜ਼ਮ ਦੱਸ ਕੇ ਲੋਕਾਂ ਨਾਲ ਠੱਗੀ ਮਾਰਨ ਵਾਲੇ ਮੁਲਜ਼ਮਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕੁਝ ਸ਼ੱਕੀਆਂ ਦਾ ਪਤਾ ਆਸਾਮ ਦੇ ਬਾਹਰ ਵੀ ਲੱਗਾ ਹੈ। ਇਨ੍ਹਾਂ ’ਚ ਹੈਦਰਾਬਾਦ ਅਤੇ ਬੈਂਗਲੁਰੂ ਵਰਗੇ ਸ਼ਹਿਰਾਂ ’ਚ ਮੌਜੂਦ ਲੋਕ ਸ਼ਾਮਲ ਹਨ। ਉਨ੍ਹਾਂ ਨੂੰ ਵੀ ਜਲਦ ਪੁਲਸ ਦੀ ਗ੍ਰਿਫ਼ਤ ’ਚ ਲਿਆਂਦਾ ਜਾਵੇਗਾ। ਪੁਲਸ ਡਾਇਰੈਕਟਰ ਜਨਰਲ ਨੇ ਦੱਸਿਆ ਕਿ ਗ੍ਰਿਫ਼ਤਾਰ ਲੋਕਾਂ ’ਤੇ ਪੁਲਸ ਨਾਲ ਜੁੜੇ ਮਾਮਲਿਆਂ ਨੂੰ ਨਿਪਟਾਉਣ ਦਾ ਝਾਂਸਾ ਦੇ ਕੇ ਲੋਕਾਂ ਨੂੰ ਫਸਾਉਣ, ਖ਼ੁਦ ਨੂੰ ਪੁਲਸ ਅਧਿਕਾਰੀ ਦੱਸ ਕੇ ਅਤੇ ਫੋਨ ’ਤੇ ਲੋਕਾਂ ਨੂੰ ਧਮਕਾ ਕੇ ਉਨ੍ਹਾਂ ਤੋਂ ਪੈਸੇ ਵਸੂਲਣ ਵਰਗੀ ਧੋਖਾਦੇਹੀ ’ਚ ਸ਼ਾਮਲ ਹੋਣ ਦਾ ਦੋਸ਼ ਹੈ। ਹਰਮੀਤ ਸਿੰਘ ਨੇ ਕਿਹਾ ਕਿ ਪੁਲਸ ਧੋਖਾਦੇਹੀ ਦੇ ਇਸ ਤਰ੍ਹਾਂ ਦੇ ਮਾਮਲਿਆਂ ਦੇ ਖ਼?ਲਾਫ਼ ਲਗਾਤਾਰ ਕਾਰਵਾਈ ਕਰ ਰਹੀ ਹੈ। ਮੁੱਖ ਮੰਤਰੀ ਦੇ ਹੁਕਮਾਂ ’ਤੇ ਇਹ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ।

ਪਸ਼ੂਆਂ ਨੂੰ ਬਚਾਉਂਦੇ ਸਮੇਂ ਸਕਾਰਪੀਓ ਗੱਡੀ ਪਲਟੀ, ਇਕ ਦੀ ਮੌਤ

ਮੋਗਾ 16 ਅਕਤੂਬਰ। ਮੋਗਾ-ਬੱਧਨੀ ਕਲਾਂ ਰੋਡ ’ਤੇ ਸਥਿਤ ਪਿੰਡ ਬੁੱਟਰ ਨੇੜੇ ਸੜਕ ’ਤੇ ਘੁੰਮ ਰਹੇ ਲਾਵਾਰਿਸ ਪਸ਼ੂਆਂ ਨੂੰ ਬਚਾਉਂਦੇ ਸਮੇਂ ਇਕ ਸਕਾਰਪੀਓ ਗੱਡੀ ਬੇਕਾਬੂ ਹੋ ਕੇ ਡਿਵਾਈਡਰ ’ਤੇ ਜਾ ਚੜ੍ਹੀ ਅਤੇ ਪਲਟ ਗਈ। ਇਸ ਹਾਦਸੇ ਵਿਚ ਜਸਪਾਲ ਸਿੰਘ (25) ਵਾਸੀ ਪਿੰਡ ਬੁਰਜ ਝੱਬਰ (ਮਾਨਸਾ) ਦੀ ਮੌਤ ਹੋ ਗਈ, ਜਦਕਿ ਗੱਡੀ ਵਿਚ ਸਵਾਰ ਪਿੰਡ ਲੁਠੇਰਾ ਫਤਿਹਾਬਾਦ ਵਾਸੀ ਰਵੀ ਪ੍ਰਤਾਪ, ਸੁਖਮੰਦਰ ਸਿੰਘ, ਲਕਸ਼ਮੀ ਅਤੇ ਇਕ ਹੋਰ ਵਿਅਕਤੀ ਸਮੇਤ ਚਾਰ ਜਣੇ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਵੱਖ-ਵੱਖ ਹਸਪਤਾਲਾਂ ਵਿਚ ਦਾਖਲ ਕਰਵਾਉਣਾ ਪਿਆ। ਹਾਦਸੇ ਦੀ ਜਾਣਕਾਰੀ ਮਿਲਣ ’ਤੇ ਥਾਣਾ ਬੱਧਨੀ ਕਲਾਂ ਦੇ ਸਹਾਇਕ ਥਾਣੇਦਾਰ ਵਰਿੰਦਰ ਕੁਮਾਰ ਪੁਲਸ ਪਾਰਟੀ ਸਮੇਤ ਮੌਕੇ ’ਤੇ ਪਹੁੰਚੇ। ਪੁਲਸ ਵੱਲੋਂ ਘਟਨਾ ਸਥਾਨ ਦਾ ਮੁਆਇਨਾ ਕਰਨ ਤੋਂ ਇਲਾਵਾ ਆਸ-ਪਾਸ ਦੇ ਲੋਕਾਂ ਤੋਂ ਪੁੱਛ-ਗਿੱਛ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਹਾਇਕ ਥਾਣੇਦਾਰ ਵਰਿੰਦਰ ਕੁਮਾਰ ਨੇ ਦੱਸਿਆ ਕਿ ਜਸਪਾਲ ਸਿੰਘ ਆਪਣੇ ਸਾਥੀਆਂ ਰਵੀ ਪ੍ਰਤਾਪ ਸਿੰਘ ਅਤੇ ਸੁਖਮੰਦਰ ਸਿੰਘ ਆਦਿ ਨਾਲ ਕਿਸੇ ਲੜਕੀ ਦਾ ਰਾਜ਼ੀਨਾਮਾ ਕਰਵਾਉਣ ਲਈ ਖੰਡੂਰ ਸਾਹਿਬ ਨੇੜੇ ਇਕ ਪਿੰਡ ਵਿਚ ਗਏ ਸਨ। ਜਦੋਂ ਉਹ ਵਾਪਸ ਆ ਰਹੇ ਸਨ ਤਾਂ ਪਿੰਡ ਬੁੱਟਰ ਨੇੜੇ ਸੜਕ ’ਤੇ ਘੁੰਮ ਰਹੇ ਲਾਵਾਰਿਸ ਪਸ਼ੂਆਂ ਨੂੰ ਬਚਾਉਂਦੇ ਸਮੇਂ ਉਨ੍ਹਾਂ ਦੀ ਸਕਾਰਪੀਓ ਗੱਡੀ ਬੇਕਾਬੂ ਹੋ ਗਈ ਅਤੇ ਡਿਵਾਈਡਰ ’ਤੇ ਜਾ ਚੜ੍ਹੀ ਅਤੇ ਪਲਟ ਗਈ। ਇਸ ਹਾਦਸੇ ਵਿਚ ਜਸਪਾਲ ਸਿੰਘ ਦੀ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਮ੍ਰਿਤਕ ਦੀ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਮੋਗਾ ਵਿਖੇ ਭੇਜਿਆ ਗਿਆ। ਇਸ ਸਬੰਧੀ ਮ੍ਰਿਤਕ ਦੇ ਭਰਾ ਹਰਪ੍ਰੀਤ ਸਿੰਘ ਦੇ ਬਿਆਨਾਂ ’ਤੇ ਅਧੀਨ ਧਾਰਾ 194 ਤਹਿਤ ਕਾਰਵਾਈ ਕਰਨ ਉਪਰੰਤ ਲਾਸ਼ ਵਾਰਿਸਾਂ ਦੇ ਹਵਾਲੇ ਕਰ ਦਿੱਤੀ ਗਈ।

ਕੇਂਦਰੀ ਜੇਲ੍ਹ ’ਚ 2 ਹਵਾਲਾਤੀਆਂ ਕੋਲੋਂ ਮੋਬਾਈਲ-ਸਿਮ ਤੇ ਇਕ ਕੋਲੋਂ ਨਸ਼ੀਲਾ ਪਦਾਰਥ ਬਰਾਮਦ

ਫਰੀਦਕੋਟ 16 ਅਕਤੂਬਰ। ਕੇਂਦਰੀ ਜੇਲ੍ਹ ਫਰੀਦਕੋਟ ਵਿਚ ਜੇਲ੍ਹ ਪ੍ਰਸ਼ਾਸਨ ਵੱਲੋਂ ਕੀਤੀਆਂ ਵੱਖ-ਵੱਖ ਤਲਾਸ਼ੀਆਂ ਦੌਰਾਨ 2 ਹਵਾਲਾਤੀਆਂ ਕੋਲੋਂ 2 ਟੱਚ ਸਕਰੀਨ ਮੋਬਾਈਲ ਤੇ ਸਿਮ ਕਾਰਡ ਬਰਾਮਦ ਹੋਣ ਤੋਂ ਇਲਾਵਾ ਇਕ ਹੋਰ ਹਵਾਲਾਤੀ ਕੋਲੋਂ 41 ਗ੍ਰਾਮ ਚਿੱਟੇ ਵਰਗਾ ਜਾਪਦਾ ਨਸ਼ੀਲਾ ਪਦਾਰਥ ਬਰਾਮਦ ਹੋਇਆ ਹੈ। ਇਨ੍ਹਾਂ ਮਾਮਲਿਆਂ ਸਬੰਧੀ ਥਾਣਾ ਸਿਟੀ ਕੋਤਵਾਲੀ ਫਰੀਦਕੋਟ ਦੀ ਪੁਲਸ ਨੇ ਸਬੰਧਤ ਐਕਟ ਤਹਿਤ ਮਾਮਲੇ ਦਰਜ ਕਰਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਸ ਨੂੰ ਮਿਲੀ ਸ਼ਿਕਾਇਤ ਅਨੁਸਾਰ ਜੇਲ੍ਹ ਕਰਮਚਾਰੀਆਂ ਵੱਲੋਂ ਬਲਾਕ ਨੰਬਰ 5 ਦੀ ਬੈਰਕ ਨੰਬਰ 9 ਦੀ ਅਚਨਚੇਤ ਤਲਾਸ਼ੀ ਲਈ ਗਈ। ਇਸ ਦੌਰਾਨ ਹਵਾਲਾਤੀ ਅਮਰਜੀਤ ਸਿੰਘ ਵਾਸੀ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਪਹਿਨੀ ਹੋਈ ਲੋਅਰ ਵਿੱਚੋਂ ਇਕ ਟੱਚ ਸਕਰੀਨ ਮੋਬਾਈਲ ਫੋਨ ਸਮੇਤ ਸਿਮ ਕਾਰਡ ਬਰਾਮਦ ਹੋਇਆ। ਇਸੇ ਤਰ੍ਹਾਂ ਦੂਜੇ ਹਵਾਲਾਤੀ ਰਾਹੁਲ ਸੰਧੂ ਵਾਸੀ ਜ਼ਿਲ੍ਹਾ ਫਿਰੋਜ਼ਪੁਰ ਦੀ ਤਲਾਸ਼ੀ ਲੈਣ ’ਤੇ ਉਸ ਕੋਲੋਂ ਵੀ ਇਕ ਟੱਚ ਸਕਰੀਨ ਮੋਬਾਈਲ ਫੋਨ ਸਮੇਤ ਸਿਮ ਕਾਰਡ ਬਰਾਮਦ ਕੀਤਾ ਗਿਆ। ਜੇਲ੍ਹ ਦੇ ਸਹਾਇਕ ਸੁਪਰਡੈਂਟ ਵੱਲੋਂ ਇਸ ਸਬੰਧੀ ਥਾਣਾ ਸਿਟੀ ਕੋਤਵਾਲੀ ਪੁਲਸ ਨੂੰ ਸ਼ਿਕਾਇਤ ਪੱਤਰ ਭੇਜਿਆ ਗਿਆ। ਸ਼ਿਕਾਇਤ ਦੇ ਆਧਾਰ ’ਤੇ ਸਹਾਇਕ ਥਾਣੇਦਾਰ ਗੁਰਪਾਲ ਸਿੰਘ ਵੱਲੋਂ ਦੋਵਾਂ ਹਵਾਲਾਤੀਆਂ ਖ਼?ਲਾਫ਼ ਜੇਲ੍ਹ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਇਕ ਹੋਰ ਮਾਮਲੇ ਵਿਚ ਜੇਲ੍ਹ ਕਰਮਚਾਰੀਆਂ ਵੱਲੋਂ ਬਲਾਕ ਨੰਬਰ 5 ਦੀ ਬੈਰਕ ਨੰਬਰ 16 ਦੀ ਤਲਾਸ਼ੀ ਲਈ ਜਾ ਰਹੀ ਸੀ। ਇਸ ਦੌਰਾਨ ਇਕ ਹਵਾਲਾਤੀ ਦੇ ਖੱਡੇ ਅਤੇ ਸਾਮਾਨ ਦੀ ਤਲਾਸ਼ੀ ਲੈਣ ਸਮੇਂ ਉਸ ਦੇ ਕੱਪੜਿਆਂ ਵਾਲੇ ਬੈਗ ਵਿੱਚੋਂ ਇਕ ਮੋਮੀ ਲਿਫ਼ਾਫ਼ਾ ਬਰਾਮਦ ਹੋਇਆ, ਜਿਸ ਵਿੱਚੋਂ 41 ਗ੍ਰਾਮ ਚਿੱਟੇ ਵਰਗਾ ਜਾਪਦਾ ਨਸ਼ੀਲਾ ਪਦਾਰਥ ਮਿਲਿਆ। ਉਕਤ ਹਵਾਲਾਤੀ ਦੀ ਪਛਾਣ ਪਵਨਪਾਲ ਸਿੰਘ ਵਾਸੀ ਸੰਗਤਪੁਰਾ, ਅੰਮ੍ਰਿਤਸਰ ਸਾਹਿਬ ਵਜੋਂ ਹੋਈ ਹੈ। ਜੇਲ੍ਹ ਪ੍ਰਸ਼ਾਸਨ ਵੱਲੋਂ ਇਸ ਸਬੰਧੀ ਥਾਣਾ ਸਿਟੀ ਕੋਤਵਾਲੀ ਫਰੀਦਕੋਟ ਨੂੰ ਪੱਤਰ ਭੇਜਿਆ ਗਿਆ। ਇਸ ’ਤੇ ਸਹਾਇਕ ਥਾਣੇਦਾਰ ਹਰਚਰਨ ਸਿੰਘ ਵੱਲੋਂ ਸਬੰਧਤ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

ਸਕੂਲ ਬੱਸ ਨੇ ਕੁਚਲਿਆ 3 ਸਾਲ ਦਾ ਮਾਸੂਮ, ਦਾਦੀ ਨਾਲ ਭੈਣ ਨੂੰ ਸਕੂਲ ਬੱਸ ’ਚ ਗਿਆ ਸੀ ਚੜ੍ਹਾਉਣ; ਗੁੱਸੇ ’ਚ ਆਏ ਪਿੰਡ ਵਾਸੀਆਂ ਨੇ ਚੁੱਕਿਆ ਵੱਡਾ ਕਦਮ

ਕੌਮੀ ਪਤ੍ਰਿਕਾ

ਪਰੀਕਸ਼ਿਤਗੜ੍ਹ (ਮੇਰਠ) 16 ਅਕਤੂਬਰ। ਪਿੰਡ ਆਲਮਗੀਰਪੁਰ ਬੜਲਾ ’ਚ ਵੀਰਵਾਰ ਸਵੇਰੇ ਇੱਕ ਦਰਦਨਾਕ ਹਾਦਸੇ ਦੌਰਾਨ ਸਕੂਲ ਬੱਸ ਹੇਠਾਂ ਆਉਣ ਨਾਲ ਤਿੰਨ ਸਾਲਾ ਮਾਸੂਮ ਬੱਚੇ ਦੀ ਮੌਕੇ ’ਤੇ ਹੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਨਵਨੀਤ ਵਜੋਂ ਹੋਈ ਹੈ। ਹਾਦਸੇ ਤੋਂ ਬਾਅਦ ਬੱਸ ਚਾਲਕ ਬੱਸ ਸਮੇਤ ਮੌਕੇ ਤੋਂ ਫਰਾਰ ਹੋ ਗਿਆ। ਘਟਨਾ ਤੋਂ ਗੁੱਸੇ ’ਚ ਆਏ ਪਰਿਵਾਰਕ ਮੈਂਬਰ ਅਤੇ ਪਿੰਡ ਵਾਸੀ ਬੱਚੇ ਦੀ ਲਾਸ਼ ਲੈ ਕੇ ਪਰੀਕਸ਼ਿਤਗੜ੍ਹ ਥਾਣੇ ਪਹੁੰਚੇ ਅਤੇ ਸਕੂਲ ਪ੍ਰਬੰਧਕ ਤੇ ਬੱਸ ਚਾਲਕ ਖ਼?ਲਾਫ਼ ਕਾਰਵਾਈ ਦੀ ਮੰਗ ਕੀਤੀ। ਕਰੀਬ ਦੋ ਘੰਟੇ ਤੱਕ ਕੋਈ ਠੋਸ ਕਾਰਵਾਈ ਨਾ ਹੋਣ ’ਤੇ ਲੋਕਾਂ ਨੇ ਥਾਣੇ ਦੇ ਸਾਹਮਣੇ ਸੜਕ ਜਾਮ ਕਰਕੇ ਪ੍ਰਦਰਸ਼ਨ ਕੀਤਾ। ਬਾਅਦ ’ਚ ਦੋਵਾਂ ਧਿਰਾਂ ਵਿਚਾਲੇ ਸਮਝੌਤਾ ਹੋਣ ਤੋਂ ਬਾਅਦ ਪਰਿਵਾਰ ਨੇ ਕਾਨੂੰਨੀ ਕਾਰਵਾਈ ਨਾ ਕਰਨ ਦਾ ਫੈਸਲਾ ਕੀਤਾ। ਪ੍ਰਾਪਤ ਜਾਣਕਾਰੀ ਅਨੁਸਾਰ, ਪਿੰਡ ਆਲਮਗੀਰਪੁਰ ਬੜਲਾ ਦੇ ਰਹਿਣ ਵਾਲੇ ਪ੍ਰਿੰਸ ਦੀ ਸੱਤ ਸਾਲਾ ਧੀ ਜਸਮੀਤ ਕਸਬੇ ਦੇ ਭਾਵਨਾ ਇੰਟਰਨੈਸ਼ਨਲ ਸਕੂਲ ’ਚ ਦੂਜੀ ਜਮਾਤ ਦੀ ਵਿਦਿਆਰਥਣ ਹੈ। ਵੀਰਵਾਰ ਸਵੇਰੇ ਕਰੀਬ 7:50 ਵਜੇ ਸਕੂਲ ਬੱਸ ਪਿੰਡ ’ਚ ਬੱਚਿਆਂ ਨੂੰ ਲੈਣ ਲਈ ਪਹੁੰਚੀ। ਜਸਮੀਤ ਦੀ ਦਾਦੀ ਉਰਮਿਲਾ ਉਸ ਨੂੰ ਬੱਸ ’ਚ ਬਿਠਾਉਣ ਲਈ ਗਈ ਹੋਈ ਸੀ। ਇਸ ਦੌਰਾਨ ਉਸ ਦਾ ਤਿੰਨ ਸਾਲਾ ਭਰਾ ਨਵਨੀਤ ਵੀ ਪਿੱਛੇ-ਪਿੱਛੇ ਬੱਸ ਦੇ ਨੇੜੇ ਪਹੁੰਚ ਗਿਆ। ਦੋਸ਼ ਹੈ ਕਿ ਬੱਸ ਚਾਲਕ ਅਤੇ ਕੰਡਕਟਰ ਦੀ ਲਾਪਰਵਾਹੀ ਕਾਰਨ ਨਵਨੀਤ ਬੱਸ ਦੇ ਅਗਲੇ ਪਹੀਏ ਹੇਠਾਂ ਆ ਗਿਆ, ਜਿਸ ਕਾਰਨ ਉਸ ਦੀ ਮੌਕੇ ’ਤੇ ਹੀ ਮੌਤ ਹੋ ਗਈ। ਹਾਦਸਾ ਦੇਖ ਕੇ ਦਾਦੀ ਅਤੇ ਭੈਣ ਦੀਆਂ ਚੀਕਾਂ ਨਿਕਲ ਗਈਆਂ। ਰੌਲਾ ਪੈਣ ’ਤੇ ਪਰਿਵਾਰਕ ਮੈਂਬਰ ਅਤੇ ਪਿੰਡ ਵਾਸੀ ਮੌਕੇ ’ਤੇ ਇਕੱਠੇ ਹੋ ਗਏ, ਪਰ ਇਸ ਦੌਰਾਨ ਬੱਸ ਚਾਲਕ ਬੱਸ ਲੈ ਕੇ ਉੱਥੋਂ ਫਰਾਰ ਹੋ ਗਿਆ। ਦੱਸਿਆ ਜਾ ਰਿਹਾ ਹੈ ਕਿ ਹਾਦਸੇ ਦੀ ਘਟਨਾ ਨੇੜੇ ਲੱਗੇ ਸੀਸੀਟੀਵੀ ਕੈਮਰੇ ’ਚ ਕੈਦ ਹੋ ਗਈ, ਜਿਸ ਦੀ ਵੀਡੀਓ ਬਾਅਦ ’ਚ ਸੋਸ਼ਲ ਮੀਡੀਆ ’ਤੇ ਵੀ ਸਾਹਮਣੇ ਆਈ। ਘਟਨਾ ਤੋਂ ਬਾਅਦ ਵੱਡੀ ਗਿਣਤੀ ’ਚ ਪਿੰਡ ਵਾਸੀ ਅਤੇ ਪਰਿਵਾਰਕ ਮੈਂਬਰ ਬੱਚੇ ਦੀ ਲਾਸ਼ ਲੈ ਕੇ ਥਾਣੇ ਪਹੁੰਚੇ। ਉਨ੍ਹਾਂ ਨੇ ਸਕੂਲ ਸੰਚਾਲਕ ਅਤੇ ਬੱਸ ਚਾਲਕ ਖ਼?ਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ। ਪਰਿਵਾਰ ਦਾ ਕਹਿਣਾ ਸੀ ਕਿ ਲੰਬੇ ਸਮੇਂ ਤੱਕ ਕਾਰਵਾਈ ਨਾ ਹੋਣ ਕਾਰਨ ਉਨ੍ਹਾਂ ’ਚ ਰੋਸ ਵਧ ਗਿਆ। ਇਸ ਤੋਂ ਬਾਅਦ ਲੋਕਾਂ ਨੇ ਥਾਣੇ ਦੇ ਸਾਹਮਣੇ ਸੜਕ ਜਾਮ ਕਰਕੇ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ। ਮਾਮਲਾ ਵਧਦਾ ਦੇਖ ਪੁਲਿਸ ਨੇ ਸਕੂਲ ਸੰਚਾਲਕ ਨੂੰ ਹਿਰਾਸਤ ’ਚ ਲੈ ਲਿਆ ਅਤੇ ਬੱਸ ਨੂੰ ਆਪਣੇ ਕਬਜ਼ੇ ’ਚ ਲੈ ਲਿਆ। ਇਸ ਦੌਰਾਨ ਭਾਰਤੀ ਕਿਸਾਨ ਯੂਨੀਅਨ ਟਿਕੈਤ ਦੇ ਜ਼ਿਲ੍ਹਾ ਪ੍ਰਧਾਨ ਅਨੁਰਾਗ ਚੌਧਰੀ ਵੀ ਮੌਕੇ ’ਤੇ ਪਹੁੰਚੇ ਅਤੇ ਪੀੜਤ ਪਰਿਵਾਰ ਨਾਲ ਮੁਲਾਕਾਤ ਕੀਤੀ। ਬਾਅਦ ’ਚ ਪੁਲਿਸ ਦੇ ਉੱਚ ਅਧਿਕਾਰੀ ਵੀ ਮੌਕੇ ’ਤੇ ਪਹੁੰਚੇ ਅਤੇ ਪਰਿਵਾਰ ਨੂੰ ਮਾਮਲੇ ’ਚ ਬਣਦੀ ਕਾਰਵਾਈ ਦਾ ਭਰੋਸਾ ਦਿੱਤਾ। ਆਗੂਆਂ ਅਤੇ ਪਿੰਡ ਵਾਸੀਆਂ ਨੇ ਪੀੜਤ ਪਰਿਵਾਰ ਲਈ 15 ਲੱਖ ਰੁਪਏ ਦੀ ਆਰਥਿਕ ਮਦਦ ਅਤੇ ਮ੍ਰਿਤਕ ਦੀ ਭੈਣ ਜਸਮੀਤ ਦੀ ਇੰਟਰਮੀਡੀਏਟ ਤੱਕ ਦੀ ਪੜ੍ਹਾਈ ਮੁਫ਼ਤ ਕਰਵਾਉਣ ਦੀ ਮੰਗ ਰੱਖੀ। ਕਰੀਬ ਚਾਰ ਘੰਟੇ ਚੱਲੀ ਗੱਲਬਾਤ ਤੋਂ ਬਾਅਦ ਸਕੂਲ ਪ੍ਰਬੰਧਕ ਵੱਲੋਂ ਪੀੜਤ ਪਰਿਵਾਰ ਨੂੰ 8 ਲੱਖ ਰੁਪਏ ਦੀ ਆਰਥਿਕ ਸਹਾਇਤਾ ਦੇਣ ਅਤੇ ਜਸਮੀਤ ਦੀ ਇੰਟਰਮੀਡੀਏਟ ਤੱਕ ਦੀ ਪੜ੍ਹਾਈ ਮੁਫ਼ਤ ਕਰਵਾਉਣ ’ਤੇ ਸਹਿਮਤੀ ਬਣ ਗਈ। ਇਸ ਤੋਂ ਬਾਅਦ ਪੁਲਿਸ ਨੇ ਲੋੜੀਂਦੀ ਕਾਨੂੰਨੀ ਕਾਰਵਾਈ ਪੂਰੀ ਕਰਕੇ ਬੱਚੇ ਦੀ ਲਾਸ਼ ਪਰਿਵਾਰ ਦੇ ਹਵਾਲੇ ਕਰ ਦਿੱਤੀ। ਬਾਅਦ ’ਚ ਗਮਗੀਨ ਮਾਹੌਲ ’ਚ ਬੱਚੇ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਪਰਿਵਾਰ ਨੇ ਅਗਲੀ ਕਾਨੂੰਨੀ ਕਾਰਵਾਈ ਕਰਵਾਉਣ ਤੋਂ ਇਨਕਾਰ ਕਰ ਦਿੱਤਾ। ਨਵਨੀਤ ਆਪਣੇ ਪਰਿਵਾਰ ਦਾ ਇਕਲੌਤਾ ਪੁੱਤਰ ਸੀ। ਉਸ ਦੀ ਵੱਡੀ ਭੈਣ ਜਸਮੀਤ ਨੇ ਕੁਝ ਦਿਨ ਪਹਿਲਾਂ ਹੀ ਰੱਖੜੀ ਦੇ ਤਿਉਹਾਰ ਮੌਕੇ ਆਪਣੇ ਛੋਟੇ ਭਰਾ ਦੀ ਕਲਾਈ ’ਤੇ ਰੱਖੜੀ ਬੰਨ੍ਹੀ ਸੀ। ਪਰ ਕਿਸੇ ਨੇ ਨਹੀਂ ਸੋਚਿਆ ਸੀ ਕਿ ਕੁਝ ਹੀ ਦਿਨਾਂ ਬਾਅਦ ਇਹ ਭੈਣ-ਭਰਾ ਦਾ ਪਿਆਰ ਹਮੇਸ਼ਾ ਲਈ ਵਿਛੋੜੇ ’ਚ ਬਦਲ ਜਾਵੇਗਾ। ਮਾਂ ਪੂਜਾ ਨੇ ਦੱਸਿਆ ਕਿ ਜਦੋਂ ਜਸਮੀਤ ਸਕੂਲ ਜਾਂਦੀ ਸੀ ਤਾਂ ਨਵਨੀਤ ਉਸ ਦੇ ਵਾਪਸ ਆਉਣ ਦੀ ਬੇਸਬਰੀ ਨਾਲ ਉਡੀਕ ਕਰਦਾ ਸੀ। ਭੈਣ ਦੇ ਘਰ ਪਹੁੰਚਦੇ ਹੀ ਉਹ ਖੁਸ਼ੀ ਨਾਲ ਝੂਮ ਉੱਠਦਾ ਅਤੇ ਅਕਸਰ ਉਸ ਦੇ ਨਾਲ ਹੀ ਖਾਣਾ ਖਾਂਦਾ ਸੀ। ਮਾਸੂਮ ਦੀ ਮੌਤ ਤੋਂ ਬਾਅਦ ਘਰ ’ਚ ਮਾਤਮ ਦਾ ਮਾਹੌਲ ਹੈ। ਮਾਂ ਪੂਜਾ, ਦਾਦੀ ਉਰਮਿਲਾ, ਪਿਤਾ ਪ੍ਰਿੰਸ ਅਤੇ ਹੋਰ ਪਰਿਵਾਰਕ ਮੈਂਬਰਾਂ ਦਾ ਰੋ-ਰੋ ਕੇ ਬੁਰਾ ਹਾਲ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ੀਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜ਼ਫ਼ਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

ਸਰਪੰਚਣੀ ਨਾਲ ਲੁੱਟ ! ਕੰਨਾਂ ’ਚੋਂ ਲਾਹ ਕੇ ਲੈ ਗਏ ਸੋਨੇ ਦੀਆਂ ਵਾਲੀਆਂ, ਖੋਹਬਾਜ਼ਾਂ ਦੇ ਨਾਲ-ਨਾਲ ਸੁਨਿਆਰਾ ਵੀ ਕਾਬੂ

ਕੌਮੀ ਪੱਤ੍ਰਿਕਾ

ਅੰਮ੍ਰਿਤਸਰ 16 ਅਕਤੂਬਰ। ਥਾਣਾ ਤਰਸਿੱਕਾ ਅਧੀਨ ਆਉਂਦੇ ਪਿੰਡ ਸੇਦੋਲੇਲ ਵਿਚ ਬੀਤੇ ਦਿਨੀਂ ਮੌਜੂਦਾ ਮਹਿਲਾ ਸਰਪੰਚ ਤੋਂ ਕੰਨਾਂ ਦੀਆਂ ਸੋਨੇ ਦੀਆਂ ਵਾਲੀਆਂ ਝਪਟਣ ਦੀ ਵਾਰਦਾਤ ਨੂੰ ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਸੁਲਝਾ ਲਿਆ ਹੈ। ਪੁਲਸ ਨੇ ਇਸ ਮਾਮਲੇ ਵਿਚ ਦੋ ਮੁੱਖ ਝਪਟਮਾਰਾਂ ਦੇ ਨਾਲ-ਨਾਲ ਝਪਟਿਆ ਹੋਇਆ ਸੋਨਾ ਖਰੀਦਣ ਵਾਲੇ ਇਕ ਸੁਨਿਆਰੇ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ। ਪੁਲਸ ਨੇ ਮੁਲਜ਼ਮਾਂ ਦੇ ਕਬਜ਼ੇ ਵਿੱਚੋਂ ਸਰਪੰਚ ਤੋਂ ਝਪਟੀਆਂ ਸੋਨੇ ਦੀਆਂ ਵਾਲੀਆਂ ਅਤੇ ਵਾਰਦਾਤ ਵਿਚ ਵਰਤੀ ਗਈ ਪਲਸਰ ਮੋਟਰਸਾਈਕਲ ਵੀ ਬਰਾਮਦ ਕਰ ਲਈ ਹੈ। ਮਾਮਲੇ ਦੀ ਜਾਣਕਾਰੀ ਦਿੰਦਿਆਂ ਪੁਲਸ ਅਧਿਕਾਰੀ ਅਵਤਾਰ ਸਿੰਘ ਨੇ ਦੱਸਿਆ ਕਿ 23 ਸਤੰਬਰ ਨੂੰ ਪਿੰਡ ਸੇਦੋਲੇਲ ਦੀ ਮੌਜੂਦਾ ਸਰਪੰਚ ਅਮਰਜੀਤ ਕੌਰ, ਉਮਰ ਲਗਭਗ 62 ਸਾਲ, ਦੇ ਘਰ ਦੋ ਅਣਪਛਾਤੇ ਨੌਜਵਾਨ ਮੋਟਰਸਾਈਕਲ ’ਤੇ ਸਵਾਰ ਹੋ ਕੇ ਆਏ ਸਨ। ਮੁਲਜ਼ਮਾਂ ਨੇ ਮੌਕਾ ਮਿਲਦਿਆਂ ਹੀ ਸਰਪੰਚ ਅਮਰਜੀਤ ਕੌਰ ਦੇ ਕੰਨਾਂ ਵਿੱਚੋਂ ਸੋਨੇ ਦੀਆਂ ਵਾਲੀਆਂ ਝਪਟ ਲਈਆਂ ਅਤੇ ਤੁਰੰਤ ਮੋਟਰਸਾਈਕਲ ’ਤੇ ਫ਼ਰਾਰ ਹੋ ਗਏ। ਇਹ ਪੂਰੀ ਵਾਰਦਾਤ ਨੇੜੇ ਲੱਗੇ ਸੀਸੀਟੀਵੀ ਕੈਮਰੇ ਵਿਚ ਕੈਦ ਹੋ ਗਈ ਸੀ। ਘਟਨਾ ਦੀ ਗੰਭੀਰਤਾ ਨੂੰ ਦੇਖਦਿਆਂ ਐੱਸਐੱਸਪੀ ਕੰਵਲਪ੍ਰੀਤ ਸਿੰਘ ਚਾਹਲ, ਐੱਸਪੀ ਇਨਵੈਸਟੀਗੇਸ਼ਨ ਰਮਨਦੀਪ ਸਿੰਘ ਅਤੇ ਡੀਐੱਸਪੀ ਜੰਡਿਆਲਾ ਬਲਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਤਰਸਿੱਕਾ ਪੁਲਿਸ ਦੀਆਂ ਵਿਸ਼ੇਸ਼ ਟੀਮਾਂ ਦਾ ਗਠਨ ਕੀਤਾ ਗਿਆ। ਪੁਲਿਸ ਨੇ ਇਲਾਕੇ ਦੇ ਵੱਖ-ਵੱਖ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਖੰਗਾਲੀ ਅਤੇ ਤਕਨੀਕੀ ਜਾਂਚ ਦੇ ਆਧਾਰ ’ਤੇ ਮਹਿਜ਼ ਤਿੰਨ ਦਿਨਾਂ ਦੇ ਅੰਦਰ 26 ਸਤੰਬਰ ਨੂੰ ਦੋਵੇਂ ਮੁੱਖ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ। ਗ੍ਰਿਫ਼ਤਾਰ ਕੀਤੇ ਗਏ ਮੁੱਖ ਮੁਲਜ਼ਮਾਂ ਦੀ ਪਛਾਣ ਮੰਗਾ ਨਾਥ ਅਤੇ ਸੂਰਜ ਨਾਥ ਵਜੋਂ ਹੋਈ ਹੈ, ਜੋ ਤਰਨਤਾਰਨ ਰੇਲਵੇ ਸਟੇਸ਼ਨ ਦੇ ਨੇੜੇ ਝੁੱਗੀਆਂ ਵਿੱਚ ਰਹਿੰਦੇ ਹਨ। ਪੁਲਿਸ ਪੁੱਛਗਿੱਛ ਦੌਰਾਨ ਸਾਹਮਣੇ ਆਇਆ ਕਿ ਦੋਵਾਂ ਖ਼?ਲਾਫ਼ ਪਹਿਲਾਂ ਵੀ ਮੋਗਾ ਅਤੇ ਟਾਂਡਾ ਵਿੱਚ ਸਨੈਚਿੰਗ ਅਤੇ ਹੋਰ ਧਾਰਾਵਾਂ ਤਹਿਤ ਅਪਰਾਧਿਕ ਮਾਮਲੇ ਦਰਜ ਹਨ। ਇਨ੍ਹਾਂ ਵਿੱਚੋਂ ਟਾਂਡਾ ਵਾਲੇ ਮਾਮਲੇ ਵਿੱਚ ਇੱਕ ਮੁਲਜ਼ਮ ਭਗੌੜਾ (ਪੀ.ਓ.) ਵੀ ਚੱਲ ਰਿਹਾ ਸੀ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਮੁਲਜ਼ਮਾਂ ਨੇ ਕਿਸੇ ਤਰ੍ਹਾਂ ਦੀ ਪਹਿਲਾਂ ਰੇਕੀ ਨਹੀਂ ਕੀਤੀ ਸੀ। ਉਹ ਬਿਨਾਂ ਕਿਸੇ ਹਥਿਆਰ ਦੇ ਗਲੀਆਂ ਵਿੱਚ ਘੁੰਮਦੇ ਅਤੇ ਕਿਸੇ ਵੀ ਘਰ ਦਾ ਦਰਵਾਜ਼ਾ ਖੜਕਾ ਦਿੰਦੇ ਸਨ। ਜਦੋਂ ਕੋਈ ਮਹਿਲਾ ਬਾਹਰ ਆਉਂਦੀ ਤਾਂ ਉਹ ਪਾਣੀ ਮੰਗਣ ਜਾਂ ਗੱਲਬਾਤ ਕਰਨ ਦਾ ਬਹਾਨਾ ਬਣਾਉਂਦੇ ਸਨ। ਜੇਕਰ ਮਹਿਲਾ ਨੇ ਸੋਨੇ ਦੇ ਗਹਿਣੇ ਪਹਿਨੇ ਹੁੰਦੇ ਤਾਂ ਉਹ ਝਪਟ ਕੇ ਫ਼ਰਾਰ ਹੋ ਜਾਂਦੇ ਸਨ। ਜੇਕਰ ਕੋਈ ਗਹਿਣਾ ਨਜ਼ਰ ਨਾ ਆਉਂਦਾ ਤਾਂ ਆਮ ਗੱਲਬਾਤ ਕਰਕੇ ਉੱਥੋਂ ਅੱਗੇ ਚਲੇ ਜਾਂਦੇ ਸਨ। ਫੜੇ ਗਏ ਮੁਲਜ਼ਮਾਂ ਤੋਂ ਸਖ਼ਤੀ ਨਾਲ ਪੁੱਛਗਿੱਛ ਕਰਨ ਤੋਂ ਬਾਅਦ ਪੁਲਿਸ ਨੇ ਲੁੱਟਿਆ ਗਿਆ ਸੋਨਾ ਖਰੀਦਣ ਵਾਲੇ ਸੁਨਿਆਰੇ ਹਰਪ੍ਰੀਤ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਲਿਆ।

ਭਿਆਨਕ ਸੜਕ ਹਾਦਸੇ ਨੇ ਪਲਾਂ ’ਚ ਉਜਾੜਿਆ ਸੁਹਾਗ, ਡੰਪਰ ਨਾਲ ਟੱਕਰ ਮਗਰੋਂ ਪਲਟੀ ਸਕਾਰਪੀਓ

ਰਾਮਨਗਰ 16 ਅਕਤੂਬਰ। ਰਾਸ਼ਟਰੀ ਰਾਜਮਾਰਗ-309 ਕਾਸ਼ੀਪੁਰ-ਬੁਆਖਾਲ ’ਤੇ ਤੜਕੇ ਡੰਪਰ ਤੇ ਸਕਾਰਪੀਓ ਦੀ ਟੱਕਰ ’ਚ ਇੱਕ ਵਿਅਕਤੀ ਦੀ ਮੌਤ ਹੋ ਗਈ। ਹਾਦਸੇ ’ਚ ਮ੍ਰਿਤਕ ਦੀ ਪਤਨੀ ਵੀ ਜ਼ਖ਼ਮੀ ਹੋਈ ਹੈ। ਘਟਨਾ ਦੌਰਾਨ ਸਕਾਰਪੀਓ ਤੇਜ਼ ਰਫ਼ਤਾਰ ਹੋਣ ਕਾਰਨ ਪਲਟ ਗਈ। ਉੱਤਰ ਪ੍ਰਦੇਸ਼ ਦੇ ਗਾਜ਼ੀਆਬਾਦ ਵਾਸੀ ਯਤੀਸ਼ ਪੁੱਤਰ ਸੁਰੇਸ਼ ਆਪਣੀ ਪਤਨੀ ਸ਼ੀਤਲ ਯਾਦਵ ਨਾਲ ਦੇਰ ਰਾਤ ਰਾਮਨਗਰ ਵੱਲ ਆ ਰਹੇ ਸਨ। ਸਕਾਰਪੀਓ ਗੱਡੀ ਯਤੀਸ਼ ਚਲਾ ਰਿਹਾ ਸੀ। ਪੁਲਿਸ ਮੁਤਾਬਕ ਰਾਤ ਕਰੀਬ 1:45 ਵਜੇ ਸਕਾਰਪੀਓ ਤੇ ਉਪਖਣਿਜ ਲੈ ਕੇ ਕਾਸ਼ੀਪੁਰ ਵੱਲ ਜਾ ਰਹੇ ਡੰਪਰ ਦੀ ਟੱਕਰ ਹੋ ਗਈ। ਹਾਦਸੇ ਤੋਂ ਬਾਅਦ ਸਕਾਰਪੀਓ ਪਲਟ ਗਈ, ਜਿਸ ਕਾਰਨ ਦੋਵੇਂ ਗੱਡੀ ਦੇ ਹੇਠਾਂ ਦੱਬ ਗਏ। ਸੂਚਨਾ ਮਿਲਣ ’ਤੇ ਪੁਲਿਸ ਵੀ ਮੌਕੇ ’ਤੇ ਪਹੁੰਚ ਗਈ। ਇਸ ਤੋਂ ਬਾਅਦ ਉੱਥੋਂ ਲੰਘ ਰਹੇ ਲੋਕਾਂ ਦੀ ਮਦਦ ਨਾਲ ਦੋਵਾਂ ਗੰਭੀਰ ਜ਼ਖ਼ਮੀਆਂ ਨੂੰ ਬਾਹਰ ਕੱਢਿਆ ਗਿਆ। ਸਰਕਾਰੀ ਹਸਪਤਾਲ ਲਿਜਾਣ ’ਤੇ ਡਾਕਟਰਾਂ ਨੇ ਯਤੀਸ਼ ਨੂੰ ਮ੍ਰਿਤਕ ਐਲਾਨ ਦਿੱਤਾ। ਕੋਤਵਾਲ ਸੁਸ਼ੀਲ ਕੁਮਾਰ ਨੇ ਦੱਸਿਆ ਕਿ ਦੋਵੇਂ ਸੈਲਾਨੀ ਨੈਨੀਤਾਲ ਵੱਲ ਜਾ ਰਹੇ ਸਨ। ਉਨ੍ਹਾਂ ਦੇ ਵਿਆਹ ਨੂੰ ਹਾਲੇ ਸਿਰਫ਼ ਚਾਰ ਮਹੀਨੇ ਹੀ ਹੋਏ ਸਨ। ਮ੍ਰਿਤਕ ਦੀ ਪਤਨੀ ਨੂੰ ਰਾਤ ਨੂੰ ਹੀ ਉੱਚ ਕੇਂਦਰ (ਹਾਇਰ ਸੈਂਟਰ) ਰੈਫਰ ਕਰ ਦਿੱਤਾ ਗਿਆ ਸੀ।

ਗੁਰਦੁਆਰਾ ਸਾਹਿਬ ਮੱਥਾ ਟੇਕਣ ਗਏ ਪਰਿਵਾਰ ਦੇ ਘਰ ਚੋਰਾਂ ਨੇ ਹੱਥ ਕੀਤਾ ਸਾਫ

ਤਰਨਤਾਰਨ 16 ਅਕਤੂਬਰ। ਤਰਨਤਾਰਨ ਦੇ ਪਿੰਡ ਜਾਮਾਰਾਏ ’ਚ ਚੋਰੀ ਦੀ ਵੱਡੀ ਵਾਰਦਾਤ ਸਾਹਮਣੇ ਆਈ ਹੈ। ਜਾਣਕਾਰੀ ਅਨੁਸਾਰ ਪਿੰਡ ਵਾਸੀ ਗੁਰਭੇਜ ਸਿੰਘ ਦਾ ਸਾਰਾ ਪਰਿਵਾਰ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਣ ਲਈ ਗਿਆ ਹੋਇਆ ਸੀ। ਇਸੇ ਦੌਰਾਨ ਅਣਪਛਾਤੇ ਚੋਰਾਂ ਨੇ ਵਾਰਦਾਤ ਨੂੰ ਅੰਜਾਮ ਦਿੱਤਾ। ਪੀੜਤ ਗੁਰਭੇਜ ਸਿੰਘ ਅਤੇ ਪਿੰਡ ਦੇ ਮੋਹਤਬਾਰ ਵਿਅਕਤੀਆਂ ਨੇ ਦੱਸਿਆ ਕਿ ਚੋਰ ਗੁਆਂਢੀਆਂ ਦੀ ਕੰਧ ਟੱਪ ਕੇ ਘਰ ਅੰਦਰ ਦਾਖਲ ਹੋਏ ਅਤੇ ਅੰਦਰਲਾ ਦਰਵਾਜ਼ਾ ਤੋੜ ਕੇ ਅਲਮਾਰੀਆਂ ’ਚ ਪਏ ਲਗਭਗ 46 ਤੋਲੇ ਸੋਨੇ ਦੇ ਗਹਿਣੇ ਅਤੇ ਨਕਦੀ ਚੋਰੀ ਕਰਕੇ ਫਰਾਰ ਹੋ ਗਏ।

ਸਿਰ ’ਤੇ ਸੱਟ ਲੱਗਣ ਕਾਰਨ ਹਸਪਤਾਲ ਦਾਖ਼ਲ ਔਰਤ ਦੀ ਹੋਈ ਮੌਤ

ਲੋਹੀਆਂ ਖ਼ਾਸ 16 ਅਕਤੂਬਰ। ਇਕ ਅਣਪਛਾਤੀ ਔਰਤ ਜਿਸ ਦੇ ਸਿਰ ’ਚ ਗੰਭੀਰ ਸੱਟ ਲੱਗੀ ਹੋਈ ਸੀ, ਨੂੰ ਇਲਾਜ ਲਈ 108 ਐਂਬੂਲੈਂਸ ਰਾਹੀਂ ਸਿਵਲ ਹਸਪਤਾਲ ਲੋਹੀਆਂ ਵਿਖੇ ਦਾਖ਼ਲ ਕਰਵਾਇਆ ਗਿਆ ਸੀ, ਜਿੱਥੇ ਉਸ ਦੀ ਮੌਤ ਹੋ ਗਈ ਹੈ। ਔਰਤ ਦਾ ਨਾਮ ਚਰਨਜੀਤ ਕੌਰ ਪਤਨੀ/ਸਪੁੱਤਰੀ ਕਾਲਾ ਵਾਸੀ ਹੇਰਾਂ ਦੱਸਿਆ ਜਾ ਰਿਹਾ ਸੀ। ਪੁਲਸ ਅਤੇ ਪ੍ਰਸ਼ਾਸਨ ਵੱਲੋਂ ਜਦੋਂ ਨਕੋਦਰ ਨੇੜਲੇ ਪਿੰਡ ਹੇਰਾਂ ਅਤੇ ਲੋਹੀਆਂ ਖੇਤਰ ਦੇ ਪਿੰਡ ਹੇਰਾਂ ਵਿਖੇ ਪੜਤਾਲ ਕੀਤੀ ਗਈ, ਤਾਂ ਸਾਹਮਣੇ ਆਇਆ ਕਿ ਇਹ ਔਰਤ ਉੱਥੋਂ ਦੀ ਪੱਕੀ ਵਸਨੀਕ ਨਹੀਂ ਹੈ, ਜਿਸ ਕਾਰਨ ਉਸ ਦੀ ਪੂਰੀ ਪਛਾਣ ਨਹੀਂ ਹੋ ਸਕੀ। ਮ੍ਰਿਤਕ ਔਰਤ ਦੀ ਦੇਹ ਨੂੰ ਪਛਾਣ ਲਈ ਅਗਲੇ 72 ਘੰਟਿਆਂ ਵਾਸਤੇ ਸਿਵਲ ਹਸਪਤਾਲ ਨਕੋਦਰ ਦੇ ਮੁਰਦਾਘਰ (ਮੋਰਚਰੀ) ਵਿਚ ਰੱਖਿਆ ਗਿਆ ਹੈ। ਪੁਲਸ ਦਾ ਕਹਿਣਾ ਹੈ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ ਇਸ ਔਰਤ ਜਾਂ ਉਸ ਦੇ ਪਰਿਵਾਰ ਬਾਰੇ ਕੋਈ ਜਾਣਕਾਰੀ ਹੋਵੇ, ਤਾਂ ਉਹ ਤੁਰੰਤ ਸਿਵਲ ਹਸਪਤਾਲ ਨਕੋਦਰ, ਸਬੰਧਤ ਪੁਲਸ ਥਾਣੇ ਜਾਂ ਥਾਣਾ ਲੋਹੀਆਂ ਦੇ ਐੱਸ. ਐੱਚ. ਓ. ਸੁਖਵਿੰਦਰ ਪਾਲ ਸਿੰਘ ਮੁਲਤਾਨੀ ਦੇ ਨੰਬਰ ’ਤੇ ਸੰਪਰਕ ਕਰਕੇ ਜਾਣਕਾਰੀ ਸਾਂਝੀ ਕੀਤਾ ਜਾ ਸਕਦੀ ਹੈ

NAME CHANGE

I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

NAME CHANGE

I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

NAME CHANGE

I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

NAME CHANGE

I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

NAME CHANGE

I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

NAME CHANGE

I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

NAME CHANGE

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

PUBLIC NOTICE

It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

PUBLIC NOTICE

It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

PUBLIC NOTICE

It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

NAME CHANGE

I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

NAME CHANGE

It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

PUBLIC NOTICE

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

NAME CHANGE

I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

NAME CHANGE

I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

NAME CHANGE

I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

NAME CHANGE

I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

NAME CHANGE

I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

NAME CHANGE

I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

NAME CHANGE

I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

NAME CHANGE

It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DIN-DAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

PUBLIC NOTICE

It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

NAME CHANGE

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

NAME CHANGE

I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

NAME CHANGE

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE

I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

PUBLIC NOTICE

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

NAME CHANGE

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

NAME CHANGE

I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

NAME CHANGE

I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

NAME CHANGE

I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

NAME CHANGE

I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

NAME CHANGE

I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

NAME CHANGE

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

NAME CHANGE

I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

NAME CHANGE

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

NAME CHANGE

I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

PUBLIC NOTICE

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

ਰੇਲਯਾਤਰੀ ਕ੍ਰਿਪਾ ਧਿਆਨ ਦੇਵੋ !

ਮਹੱਤਵਪੂਰਨ ਸੂਚਨਾ

ਤਿਓਹਾਰ ਵਿਸ਼ੇਸ਼ ਰੇਲਗੱਡੀਆਂ-2026 ਵਿਚ ਵਾਧਾ

ਰੇਲਯਾਤਰੀਆਂ ਦੀ ਸੁਵਿਧਾਜਨਕ ਆਉਣ-ਜਾਣ ਲਈ ਪਹਿਲਾ ਘੋਸ਼ਿਤ ਤਿਓਹਾਰ ਵਿਸ਼ੇਸ਼ ਰੇਲਗੱਡੀਆਂ ਦੇ ਨਾਲ-ਨਾਲ ਰੇਲਵੇ ਦੁਆਰਾ ਹੇਠਾ ਲਿਖੀ ਤਿਓਹਾਰ ਵਿਸ਼ੇਸ਼ ਰੇਲਗੱਡੀਆਂ ਵੀ ਹੇਠਾ ਦਿਤੀ ਗਈ ਸਮੇਂ-ਸਾਰਣੀ ਦੇ ਅਨੁਸਾਰ ਸੰਚਾਲਿਤ ਕੀਤੀ ਜਾਵੇਗੀ :-

04092/04091 ਦਿੱਲੀ ਜੰ: – ਹਾਵੜਾ ਜੰ: – ਦਿੱਲੀ ਜੰ: ਰਿਜ਼ਰਵ ਤਿਓਹਾਰ ਵਿਸ਼ੇਸ਼ ਐਕਸਪ੍ਰੈਸ ਰੇਲਗੱਡੀ
02 ਫੇਰੇ

ਰੇਲਗੱਡੀ ਨੰ: 04092		↓ ਸਟੇਸ਼ਨ ↑	ਰੇਲਗੱਡੀ ਨੰ: 04091	
ਆਉਣਾ	ਜਾਣਾ		ਆਉਣਾ	ਜਾਣਾ
----	00:30	ਦਿੱਲੀ ਜੰ:	15:50	----
08:40	----	ਹਾਵੜਾ ਜੰ:	----	10:10

ਚਲਨ ਦੇ ਦਿਨ : 04092 ਦਿੱਲੀ ਜੰ: ਤੋਂ ਮਿਤੀ 17.10.2026 ਨੂੰ ਅਤੇ **4091 ਹਾਵੜਾ ਜੰ:** ਤੋਂ ਮਿਤੀ 18.10.2026 ਨੂੰ।

ਠਹਿਰਾਵ : ਟੂੰਡਲਾ ਜੰ:, ਗੋਬਿੰਦਪੁਰੀ, ਪ੍ਰਯਾਗਰਾਜ ਜੰ:, ਪੰ. ਦੀਨ ਦਯਾਲ ਉਪਾਦਯੇ ਜੰ:, ਭਭੂਆ ਰੋਡ, ਸਾਸਾਰਾਮ ਜੰ:, ਡੇਹਰੀ ਆਨਸੋਨ, ਅਨੁਗ੍ਰਹਿ ਨਾਰਾਯਣ ਰੋਡ, ਗੁਰਾਰੂ, ਗਯਾ ਜੰ:, ਕੋਡਰਮਾ ਜੰ:, ਹਜਾਰੀਬਾਗ ਰੋਡ, ਨੇਤਾਜੀ ਸੁਭਾਸ਼ ਚੰਦਰ ਬੋਸ ਜੰ:, ਗੋਮੋਹ, ਧਨਬਾਦ ਜੰ:, ਆਸਨਸੋਲ ਜੰ:, ਦੁਰਗਾਪੁਰ ਅਤੇ ਵਰਦਮਾਨ ਜੰ: ਸਟੇਸ਼ਨ।

ਜਗ੍ਹਾਂ : ਵਾਤਾ.-2 ਟੀਯਰ ਅਤੇ ਵਾਤਾ.-3 ਟੀਯਰ

04404/04403 ਸ਼ਕੂਰ ਬਸਤੀ – ਪਟਨਾ ਜੰ: – ਸ਼ਕੂਰ ਬਸਤੀ ਅਣਰਿਜ਼ਰਵ ਤਿਓਹਾਰ ਵਿਸ਼ੇਸ਼ ਐਕਸਪ੍ਰੈਸ ਰੇਲਗੱਡੀ
16 ਫੇਰੇ

ਰੇਲਗੱਡੀ ਨੰ: 04404		↓ ਸਟੇਸ਼ਨ ↑	ਰੇਲਗੱਡੀ ਨੰ: 04403	
ਆਉਣਾ	ਜਾਣਾ		ਆਉਣਾ	ਜਾਣਾ
----	15:15	ਸ਼ਕੂਰ ਬਸਤੀ	15:00	----
14:30	----	ਪਟਨਾ ਜੰ:	----	15:40

ਚਲਨ ਦੇ ਦਿਨ : 04404 ਸ਼ਕੂਰ ਬਸਤੀ ਤੋਂ ਮਿਤੀ 05, 06, 07, 10, 11, 12, 13 ਅਤੇ 14.11.2026 ਨੂੰ ਅਤੇ **04403 ਪਟਨਾ ਜੰ:** ਤੋਂ ਮਿਤੀ 06, 07, 08, 11, 12, 13, 14 ਅਤੇ 15.11.2026 ਨੂੰ।

ਠਹਿਰਾਵ : ਨਵੀਂ ਦਿੱਲੀ, ਗਾਜੀਆਬਾਦ, ਅਲੀਗੜ੍ਹ ਜੰ:, ਟੂੰਡਲਾ ਜੰ:, ਗੋਬਿੰਦਪੁਰੀ, ਸੂਬੇਦਾਰਗੰਜ, ਮਿਰਜਾਪੁਰ, ਪੰ. ਦੀਨ ਦਯਾਲ ਉਪਾਦਯੇ ਜੰ:, ਬਕਸਰ, ਆਰਾ ਜੰ:, ਦਾਨਾਪੁਰ ਜੰ: ਸਟੇਸ਼ਨ।

ਜਗ੍ਹਾਂ : ਸਲੀਪਰ ਅਤੇ ਜਨਰਲ।

04410/04409 ਸ਼ਕੂਰ ਬਸਤੀ – ਝੰਝਾਰਪੁਰ ਜੰ: – ਸ਼ਕੂਰ ਬਸਤੀ ਅਣਰਿਜ਼ਰਵ ਤਿਓਹਾਰ ਵਿਸ਼ੇਸ਼ ਐਕਸਪ੍ਰੈਸ ਰੇਲਗੱਡੀ
16 ਫੇਰੇ

ਰੇਲਗੱਡੀ ਨੰ: 04410		↓ ਸਟੇਸ਼ਨ ↑	ਰੇਲਗੱਡੀ ਨੰ: 04409	
ਆਉਣਾ	ਜਾਣਾ		ਆਉਣਾ	ਜਾਣਾ
----	13:00	ਸ਼ਕੂਰ ਬਸਤੀ	01:40	----
16:00	----	ਝੰਝਾਰਪੁਰ ਜੰ:	----	18:15

ਚਲਨ ਦੇ ਦਿਨ : 04410 ਸ਼ਕੂਰ ਬਸਤੀ ਤੋਂ ਮਿਤੀ 05, 06, 07, 10, 11, 12, 13 ਅਤੇ 14.11.2026 ਨੂੰ ਅਤੇ **04409 ਝੰਝਾਰਪੁਰ ਜੰ:** ਤੋਂ ਮਿਤੀ 06, 07, 08, 11, 12, 13, 14 ਅਤੇ 15.11.2026 ਨੂੰ।

ਠਹਿਰਾਵ : ਨਵੀਂ ਦਿੱਲੀ, ਗਾਜੀਆਬਾਦ, ਅਲੀਗੜ੍ਹ ਜੰ:, ਕਾਨਪੁਰ ਸੈਂਟਰਲ, ਊਨਾਵ ਜੰ:, ਏਸ਼ਬਾਗ ਜੰ:, ਗੋਂਡਾ ਜੰ:, ਗੋਰਖਪੁਰ ਜੰ:, ਕਪਤਾਨਗੰਜ ਜੰ:, ਬਗਹਾ, ਨਰਕਟਿਯਾਗੰਜ ਜੰ:, ਸਿਕਟਾ, ਰਕਸੋਲ ਜੰ:, ਘੋੜਾਸਹਨ, ਬੈਰਗਨਿਯਾ, ਸੀਤਾਮੜ੍ਹੀ ਜੰ:, ਜਨਕਪੁਰ ਰੋਡ, ਕਮਤੋਲ, ਸ਼ਿਸ਼ੋ ਹਾਲਟ ਅਤੇ ਸਕਰੀ ਜੰ: ਸਟੇਸ਼ਨ।

ਜਗ੍ਹਾਂ : ਸਲੀਪਰ ਅਤੇ ਜਨਰਲ।

09617/09618 ਉਦੈਯਪੁਰ ਸਿਟੀ – ਦਿੱਲੀ ਸਰਾਏ ਰੋਹਿਲਾ – ਉਦੈਯਪੁਰ ਸਿਟੀ ਤਿਓਹਾਰ ਵਿਸ਼ੇਸ਼ ਐਕਸਪ੍ਰੈਸ ਰੇਲਗੱਡੀ (ਸਪਤਾਹਿਕ)
12 ਫੇਰੇ

ਰੇਲਗੱਡੀ ਨੰ: 09617		↓ ਸਟੇਸ਼ਨ ↑	ਰੇਲਗੱਡੀ ਨੰ: 09618	
ਆਉਣਾ	ਜਾਣਾ		ਆਉਣਾ	ਜਾਣਾ
----	21:15	ਉਦੈਯਪੁਰ ਸਿਟੀ	04:00	----
11:15	----	ਦਿੱਲੀ ਸਰਾਏ ਰੋਹਿਲਾ	----	13:45

ਚਲਨ ਦੇ ਦਿਨ : 09617 ਉਦੈਯਪੁਰ ਸਿਟੀ ਤੋਂ ਹਰੇਕ ਬੁੱਧਵਾਰ ਨੂੰ ਮਿਤੀ 21.10.2026 ਤੋਂ 25.11.2026 ਤਕ ਅਤੇ **09618 ਦਿੱਲੀ ਸਰਾਏ ਰੋਹਿਲਾ** ਤੋਂ ਹਰੇਕ ਵੀਰਵਾਰ ਨੂੰ ਮਿਤੀ 22.10.2026 ਤੋਂ 26.11.2026 ਤਕ।

ਠਹਿਰਾਵ : ਮਾਵਲੀ ਜੰ:, ਚੰਦੇਰਿਯਾ, ਭੀਲਵਾੜਾ, ਬਿਜਯਨਗਰ, ਅਜਮੇਰ ਜੰ:, ਕਿਸ਼ਨਗੜ੍ਹ, ਫੂਲੇਰਾ ਜੰ:, ਰੀਂਗਸ ਜੰ:, ਨੀਮ ਕਾ ਥਾਨਾ, ਨਾਰਨੋਲ, ਅਟੇਲੀ, ਰੇਵਾੜੀ ਜੰ:, ਗੁੜਗਾਂਵ ਅਤੇ ਦਿੱਲੀ ਛਾਵਣੀ ਸਟੇਸ਼ਨ।

ਜਗ੍ਹਾਂ : ਵਾਤਾ.-2 ਟੀਯਰ, ਵਾਤਾ.-3 ਟੀਯਰ, ਵਾਤਾ.-3 ਇਕੋਨਾਮੀ, ਸਲੀਪਰ ਅਤੇ ਜਨਰਲ।

08407/08408 ਖੋਰਧਾ ਰੋਡ ਜੰ: – ਆਨੰਦ ਵਿਹਾਰ (ਟ) – ਖੋਰਧਾ ਰੋਡ ਜੰ: ਤਿਓਹਾਰ ਵਿਸ਼ੇਸ਼ ਐਕਸਪ੍ਰੈਸ ਰੇਲਗੱਡੀ
02 ਫੇਰੇ

ਰੇਲਗੱਡੀ ਨੰ: 08407		↓ ਸਟੇਸ਼ਨ ↑	ਰੇਲਗੱਡੀ ਨੰ: 08408	
ਆਉਣਾ	ਜਾਣਾ		ਆਉਣਾ	ਜਾਣਾ
----	12:15	ਖੋਰਧਾ ਰੋਡ ਜੰ:	10:45	----
22:30	----	ਆਨੰਦ ਵਿਹਾਰ (ਟ)	----	00:30

ਚਲਨ ਦੇ ਦਿਨ : 08407 ਖੋਰਧਾ ਰੋਡ ਜੰ: ਤੋਂ ਮਿਤੀ 17.10.2026 ਨੂੰ ਅਤੇ **08408 ਆਨੰਦ ਵਿਹਾਰ (ਟ)** ਤੋਂ ਮਿਤੀ 19.10.2026 ਨੂੰ।

ਠਹਿਰਾਵ : ਭੁਵਨੇਸ਼ਰ, ਕਟਕ, ਜਾਜਪੁਰ, ਕੇਦਰੂਝਰ ਰੋਡ, ਭਦ੍ਰਖ, ਬਾਲੇਸ਼ਵਰ, ਹਿਜਲੀ, ਮੇਦਿਨੀਪੁਰ, ਵਿਸ਼ਨੂਪੁਰ, ਬਾਂਕੁੜਾ ਜੰ:, ਆਦ੍ਰਾ ਜੰ:, ਨੇਤਾਜੀ ਸੁਭਾਸ਼ ਚੰਦਰ ਬੋਸ ਜੰ:, ਗੋਮੋਹੋ, ਕੋਡਰਮਾ, ਗਯਾ ਜੰ:, ਡੇਹਰੀ ਆਨਸੋਨ, ਸਾਸਾਰਾਮ, ਭਭੂਆ ਰੋਡ, ਪੰ. ਦੀਨ ਦਯਾਲ ਉਪਾਦਯੇ ਜੰ:, ਸੂਬੇਦਾਰਗੰਜ, ਗੋਬਿੰਦਪੁਰੀ, ਟੂੰਡਲਾ ਜੰ: ਅਤੇ ਗਾਜੀਆਬਾਦ।

ਜਗ੍ਹਾਂ : ਵਾਤਾ.-2 ਟੀਯਰ, ਵਾਤਾ.-3 ਟੀਯਰ, ਸਲੀਪਰ ਅਤੇ ਜਨਰਲ।

04070/04069 ਨਵੀਂ ਦਿੱਲੀ – ਹਾਵੜਾ ਜੰ: – ਨਵੀਂ ਦਿੱਲੀ ਰਿਜ਼ਰਵ ਤਿਓਹਾਰ ਵਿਸ਼ੇਸ਼ ਸੁਪਰਫਾਸਟ ਐਕਸਪ੍ਰੈਸ ਰੇਲਗੱਡੀ
02 ਫੇਰੇ

ਰੇਲਗੱਡੀ ਨੰ: 04070		↓ ਸਟੇਸ਼ਨ ↑	ਰੇਲਗੱਡੀ ਨੰ: 04069	
ਆਉਣਾ	ਜਾਣਾ		ਆਉਣਾ	ਜਾਣਾ
----	08:20	ਨਵੀਂ ਦਿੱਲੀ	18:45	----
10:50	----	ਹਾਵੜਾ ਜੰ:	----	15:00

ਚਲਨ ਦੇ ਦਿਨ : 04070 ਨਵੀਂ ਦਿੱਲੀ ਤੋਂ ਮਿਤੀ 17.10.2026 ਨੂੰ ਅਤੇ **04069 ਹਾਵੜਾ ਜੰ:** ਤੋਂ ਮਿਤੀ 18.10.2026 ਨੂੰ।

ਠਹਿਰਾਵ : ਅਲੀਗੜ੍ਹ ਜੰ:, ਕਾਨਪੁਰ ਸੈਂਟਰਲ, ਪ੍ਰਯਾਗਰਾਜ ਜੰ:, ਪੰ. ਦੀਨ ਦਯਾਲ ਉਪਾਦਯੇ ਜੰ:, ਆਰਾ ਜੰ:, ਪਟਨਾ ਜੰ:, ਬਖਿਤਯਾਰਪੁਰ ਜੰ;, ਕਿਊਲ ਜੰ:, ਝਾਝਾ, ਜਸੀਡੀਹ ਜੰ:, ਮਧੂਪੁਰ ਜੰ:, ਚਿਤਰੰਜਨ, ਆਸਨਸੋਲ ਜੰ;, ਦੁਰਗਾਪੁਰ, ਵਰਦਮਾਨ ਜੰ: ਅਤੇ ਬੈਂਡੇਲ ਜੰ: ਸਟੇਸ਼ਨ।

ਜਗ੍ਹਾਂ : ਵਾਤਾ.-2 ਟੀਯਰ, ਵਾਤਾ.-3 ਟੀਯਰ।

04085/04086 ਨਵੀਂ ਦਿੱਲੀ – ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ – ਨਵੀਂ ਦਿੱਲੀ ਰਿਜ਼ਰਵ ਤਿਓਹਾਰ ਵਿਸ਼ੇਸ਼ ਐਕਸਪ੍ਰੈਸ ਰੇਲਗੱਡੀ
02 ਫੇਰੇ

ਰੇਲਗੱਡੀ ਨੰ: 04085		↓ ਸਟੇਸ਼ਨ ↑	ਰੇਲਗੱਡੀ ਨੰ: 04086	
ਆਉਣਾ	ਜਾਣਾ		ਆਉਣਾ	ਜਾਣਾ
----	14:00	ਨਵੀਂ ਦਿੱਲੀ	23:30	----
03:00	----	ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ	----	10:00

ਚਲਨ ਦੇ ਦਿਨ : 04085 ਨਵੀਂ ਦਿੱਲੀ ਤੋਂ ਮਿਤੀ 17.10.2026 ਨੂੰ ਅਤੇ **04086 ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ** ਤੋਂ ਮਿਤੀ 18.10.2026 ਨੂੰ।

ਠਹਿਰਾਵ : ਸੋਨੀਪਤ ਜੰ:, ਪਾਨੀਪਤ ਜੰ:, ਕੁਰਖਸ਼ੇਤਰ ਜੰ:, ਅੰਬਾਲਾ ਛਾਵਣੀ ਜੰ:, ਢੰਢਾਰੀ ਕਲਾ, ਜਲੰਧਰ ਛਾਵਣੀ ਜੰ:, ਪਠਾਨਕੋਟ ਛਾਵਣੀ, ਸ਼ਹੀਦ ਕਪਤਾਨ ਸੁਨੀਲ ਕੁਮਾਰ ਚੋਧਰ ਕਠੂਆ, ਜੰਮੂ ਤਵੀ ਅਤੇ ਸ਼ਹੀਦ ਕਪਤਾਨ ਤੁਸ਼ਾਰ ਮਹਾਜਨ ਸਟੇਸ਼ਨ।

ਜਗ੍ਹਾਂ : ਵਾਤਾ.-2 ਟੀਯਰ, ਵਾਤਾ.-3 ਟੀਯਰ, ਸਲੀਪਰ ਅਤੇ ਜਨਰਲ।

ਰੇਲਯਾਤਰੀਆਂ ਤੋਂ ਅਨੁਰੋਧ ਹੈ ਕਿ ਕਿਸੀ ਵੀ ਜਾਣਕਾਰੀ ਦੇ ਲਈ ਕ੍ਰਿਪਾ ਰੇਲਮਦਦ ਹੈਲਪਲਾਈਨ ਨੰ: 139 ਉਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੈੱਬਸਾਈਟ
https://www.enquiry.indianrail.gov.in ਜਾਂ NTES App ਦੇਖੋ।

04485/04486 ਨਵੀਂ ਦਿੱਲੀ – ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ – ਨਵੀਂ ਦਿੱਲੀ ਰਿਜ਼ਰਵ ਤਿਓਹਾਰ ਵਿਸ਼ੇਸ਼ ਐਕਸਪ੍ਰੈਸ ਰੇਲਗੱਡੀ
04 ਫੇਰੇ

ਰੇਲਗੱਡੀ ਨੰ: 04485		↓ ਸਟੇਸ਼ਨ ↑	ਰੇਲਗੱਡੀ ਨੰ: 04486	
ਆਉਣਾ	ਜਾਣਾ		ਆਉਣਾ	ਜਾਣਾ
----	14:15	ਨਵੀਂ ਦਿੱਲੀ	23:30	----
03:00	----	ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ	----	10:00

ਚਲਨ ਦੇ ਦਿਨ : 04485 ਨਵੀਂ ਦਿੱਲੀ ਤੋਂ ਮਿਤੀ 18.10.2026 ਅਤੇ 20.10.2026 ਨੂੰ ਅਤੇ **04486 ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ** ਤੋਂ ਮਿਤੀ 19.10.2026 ਅਤੇ 21.10.2026 ਨੂੰ।

ਠਹਿਰਾਵ : ਸੋਨੀਪਤ ਜੰ:, ਪਾਨੀਪਤ ਜੰ:, ਕੁਰਖਸ਼ੇਤਰ ਜੰ:, ਅੰਬਾਲਾ ਛਾਵਣੀ ਜੰ:, ਢੰਢਾਰੀ ਕਲਾ, ਜਲੰਧਰ ਛਾਵਣੀ ਜੰ:, ਪਠਾਨਕੋਟ ਛਾਵਣੀ, ਸ਼ਹੀਦ ਕਪਤਾਨ ਸੁਨੀਲ ਕੁਮਾਰ ਚੋਧਰ ਕਠੂਆ, ਜੰਮੂ ਤਵੀ ਅਤੇ ਸ਼ਹੀਦ ਕਪਤਾਨ ਤੁਸ਼ਾਰ ਮਹਾਜਨ ਸਟੇਸ਼ਨ।

ਜਗ੍ਹਾਂ : ਵਾਤਾ.-2 ਟੀਯਰ, ਵਾਤਾ.-3 ਟੀਯਰ, ਸਲੀਪਰ ਅਤੇ ਜਨਰਲ।

04231/04232 ਵਾਰਾਣਸੀ ਜੰ: – ਜੰਮੂ ਤਵੀ – ਵਾਰਾਣਸੀ ਜੰ: ਰਿਜ਼ਰਵ ਤਿਓਹਾਰ ਵਿਸ਼ੇਸ਼ ਐਕਸਪ੍ਰੈਸ ਰੇਲਗੱਡੀ
02 ਫੇਰੇ

ਰੇਲਗੱਡੀ ਨੰ: 04231		↓ ਸਟੇਸ਼ਨ ↑	ਰੇਲਗੱਡੀ ਨੰ: 04232	
ਆਉਣਾ	ਜਾਣਾ		ਆਉਣਾ	ਜਾਣਾ
----	13:40	ਵਾਰਾਣਸੀ ਜੰ:	17:40	----
21:00	21:10	ਲਖਨਊ ਜੰ:	10:05	10:15
15:20	----	ਜੰਮੂ ਤਵੀ	----	17:00

ਚਲਨ ਦੇ ਦਿਨ : 04231 ਵਾਰਾਣਸੀ ਜੰ: ਤੋਂ ਮਿਤੀ 18.10.2026 ਨੂੰ ਅਤੇ **04232 ਜੰਮੂ ਤਵੀ** ਤੋਂ ਮਿਤੀ 19.10.2026 ਨੂੰ।

ਠਹਿਰਾਵ : ਜੌਨਪੁਰ ਜੰ:, ਅਯੋਧਿਆ ਧਾਮ ਜੰ:, ਅਯੋਧਿਆ ਕੈਂਟ, ਲਖਨਊ ਜੰ:, ਸ਼ਾਹਜਹਾਂਪੁਰ ਜੰ:, ਬਰੇਲੀ ਜੰ:, ਮੁਰਾਦਾਬਾਦ ਜੰ:, ਸਹਾਰਨਪੁਰ ਜੰ:, ਅੰਬਾਲਾ ਛਾਵਣੀ ਜੰ:, ਲੁਧਿਆਣਾ ਜੰ:, ਜਲੰਧਰ ਛਾਵਣੀ ਜੰ: ਅਤੇ ਪਠਾਨਕੋਟ ਛਾਵਣੀ ਸਟੇਸ਼ਨ।

ਜਗ੍ਹਾਂ : ਵਾਤਾ.-3 ਟੀਯਰ, ਸਲੀਪਰ ਅਤੇ ਜਨਰਲ।

04201/04202 ਵਾਰਾਣਸੀ ਜੰ: – ਅਯੋਧਿਆ ਧਾਮ ਜੰ: – ਵਾਰਾਣਸੀ ਜੰ: ਅਣਰਿਜ਼ਰਵ ਐਮਈਐਮਯੂ ਤਿਓਹਾਰ ਵਿਸ਼ੇਸ਼ ਐਕਸਪ੍ਰੈਸ ਰੇਲਗੱਡੀ (ਹਰਰੋਜ਼)
88 ਫੇਰੇ

ਰੇਲਗੱਡੀ ਨੰ: 04201		↓ ਸਟੇਸ਼ਨ ↑	ਰੇਲਗੱਡੀ ਨੰ: 04202	
ਆਉਣਾ	ਜਾਣਾ		ਆਉਣਾ	ਜਾਣਾ
----	16:20	ਵਾਰਾਣਸੀ ਜੰ:	04:00	----
21:40	----	ਅਯੋਧਿਆ ਧਾਮ ਜੰ:	----	22:20

ਚਲਨ ਦੇ ਦਿਨ : 04201 ਵਾਰਾਣਸੀ ਜੰ: ਤੋਂ ਅਤੇ **04202 ਅਯੋਧਿਆ ਧਾਮ ਜੰ:** ਤੋਂ ਮਿਤੀ 18.10.2026 ਤੋਂ 30.11.2026 ਤਕ (ਹਰਰੋਜ਼)।

ਠਹਿਰਾਵ : ਸ਼ਿਵਪੁਰ, ਬੀਰਪਟਟੀ, ਬਾਬਤਪੁਰ, ਪਿੰਡਰਾ ਰੋਡ ਹਾਲਟ, ਖਾਲਿਸਪੁਰ, ਤਿਰਲੋਚਨ ਮਹਾਦੇਵ, ਜਲਾਲਗੰਜ, ਸਰਕੋਨੀ, ਜਫਰਾਬਾਦ ਜੰ:, ਜੌਨਪੁਰ ਜੰ:, ਮਹਗਵਾਂ, ਮੇਹਰਾਵਾਂ, ਮਾਨੀਕਲਾਂ ਹਾਲਟ, ਖੇਤਾਸਰਾਯ, ਸ਼ਾਹਗੰਜ ਜੰ:, ਬਿਲਵਾਈ, ਤੁਲਸੀ ਨਗਰ, ਮਾਲੀਪੁਰ, ਜਾਫਰਗੰਜ, ਅਕਬਰਪੁਰ ਜੰ:, ਕਟਹਰੀ, ਗੋਸ਼ਾਈਗੰਜ, ਅਲਨਾ ਭਾਰੀ। ਬਿਲਹਰ ਘਾਟ ਅਤੇ ਦਰਸ਼ਨ ਨਗਰ ਸਟੇਸ਼ਨ।

ਜਗ੍ਹਾਂ : ਜਨਰਲ।

ਰੇਲਗੱਡੀਆਂ ਦਾ ਅਸਥਾਈ ਵਿਸਤਾਰ

14212 ਨਵੀਂ ਦਿੱਲੀ – ਆਗਰਾ ਛਾਵਣੀ ਕੈਂਟ ਇੰਟਰਸਿਟੀ ਐਕਸਪ੍ਰੈਸ ਦਾ ਸੰਚਾਲਨ 05.11.2026 ਤੋਂ 14.11.2026 ਤੋਂ ਪ੍ਰਭਾਰੀ ਗਵਾਲੀਅਰ ਸਟੇਸ਼ਨ ਤਕ ਵਿਸਤਾਰ ਕੀਤਾ ਗਿਆ। 14211 ਆਗਰਾ ਛਾਵਣੀ – ਨਵੀਂ ਦਿੱਲੀ ਇੰਟਰਸਿਟੀ ਐਕਸਪ੍ਰੈਸ ਦਾ ਸੰਚਾਲਨ 06.11.2026 ਤੋਂ 15.11.2026 ਤੋਂ ਪ੍ਰਭਾਵੀ ਗਵਾਲੀਅਰ ਸਟੇਸ਼ਨ ਤੋਂ ਸ਼ੁਰੂ ਹੋਵੇਗੀ।

ਰੇਲਗੱਡੀ ਨੰ: 14212		ਸਟੇਸ਼ਨ	ਰੇਲਗੱਡੀ ਨੰ: 14211	
ਆਉਣਾ	ਜਾਣਾ		ਆਉਣਾ	ਜਾਣਾ
----	17:40	ਨਵੀਂ ਦਿੱਲੀ	10:00	----
		ਕੋਈ ਤਬਦੀਲੀ ਨਹੀਂ		
22:05	22:20	ਆਗਰਾ ਛਾਵਣੀ ਜੰ:	05:40	05:45
23:18	23:20	ਧੋਲਪੁਰ ਜੰ:	04:35	04:37
00:10	00:12	ਮੁਰੇਨਾ	03:28	03:30
01:40	----	ਗਵਾਲੀਅਰ ਜੰ:	----	02:40

64426 ਨਵੀਂ ਦਿੱਲੀ – ਗਾਜੀਆਬਾਦ ਈਐਮਯੂ ਨੂੰ ਅਲੀਗੜ੍ਹ ਜੰਕਸ਼ਨ ਤਕ ਵਧਾਇਆ ਜਾਵੇਗਾ ਅਤੇ 64429 ਗਾਜੀਆਬਾਦ – ਨਵੀਂ ਦਿੱਲੀ ਈਐਮਯੂ ਅਲੀਗੜ੍ਹ ਜੰਕਸ਼ਨ ਤੋਂ ਸ਼ੁਰੂ ਹੋਵੇਗੀ, ਇਹ ਪ੍ਰਕ੍ਰਿਯਾ 05.11.2026 ਤੋਂ 14.11.2026 ਤਕ ਪ੍ਰਭਾਵੀ ਰਹੇਗੀ।

ਰੇਲਗੱਡੀ ਨੰ: 64426		ਸਟੇਸ਼ਨ	ਰੇਲਗੱਡੀ ਨੰ: 64429	
ਆਉਣਾ	ਜਾਣਾ		ਆਉਣਾ	ਜਾਣਾ
----	09:55	ਨਵੀਂ ਦਿੱਲੀ	17:20	----
		ਕੋਈ ਤਬਦੀਲੀ ਨਹੀਂ		
10:45	10:55	ਗਾਜੀਆਬਾਦ	16:10	16:30
11:20	11:21	ਮਾਰੀਪਤ	15:12	15:13
11:26	11:27	ਦਾਦਰੀ	15:01	15:02
11:31	11:32	ਬੇਡਾਕੀ ਹਾਲਟ	14:55	14:56
11:37	11:38	ਅਜਾਯਬਪੁਰ	14:50	14:51
11:45	11:46	ਦਨਕੋਰ	14:42	14:43
11:53	11:54	ਬੈਰ	14:34	14:35
11:59	12:00	ਚੋਲਾ	14:28	14:29
12:04	12:05	ਗੰਗਰੋਲ ਹਾਲਟ	14:23	14:24
12:09	12:10	ਸਿਕਨਦਰਪੁਰ	14:18	14:19
12:15	12:16	ਖੁਰਜਾ ਜੰ:	14:12	14:13
12:21	12:22	ਕਮਾਲਪੁਰ	14:05	14:06
12:26	12:27	ਡਾਵਰ	14:00	14:01
12:35	12:36	ਸੋਮਨਾ	13:51	13:52
12:44	12:45	ਕੁਲਵਾ	13:42	13:43
12:50	12:51	ਮਹਰਾਵਲ	13:36	13:37
13:00	----	ਅਲੀਗੜ੍ਹ ਜੰ:	----	13:30

ਸਰਵਸਾਧਾਰਨ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉੱਤਰ ਰੇਲਵੇ ਦੁਆਰਾ ਹੇਠਾ ਲਿਖੀ ਤਿਓਹਾਰ ਵਿਸ਼ੇਸ਼ ਰੇਲਗੱਡੀਆਂ ਦੇ ਸੰਚਾਲਨ ਦੇ ਸਮੇਂ ਨੂੰ ਵਧਾਣ ਦਾ ਫੈਸਲਾ ਲਿਤਾ ਹੈ, ਜਿਸਦਾ ਵੇਰਵਾ ਹੇਠਾ ਅਨੁਸਾਰ ਹੈ :-

ਰੇਲਗੱਡੀ ਨੰ: ਅਤੇ ਨਾਮ	ਅਤਿਰਿਕਤ ਫੇਰਿਆਂ ਦੀ ਮਿਤੀ	ਫੇਰਿਆ ਦੀ ਗਿਣਤੀ
04052 ਨਵੀਂ ਦਿੱਲੀ – ਹਾਵੜਾ ਜੰ: ਤਿਓਹਾਰ ਵਿਸ਼ੇਸ਼	17.10.2026 ਅਤੇ 21.10.2026	02
04051 ਹਾਵੜਾ ਜੰ: – ਨਵੀਂ ਦਿੱਲੀ ਤਿਓਹਾਰ ਵਿਸ਼ੇਸ਼	17.10.2026, 19.10.2026 ਅਤੇ 23.10.2026	03
04081 ਨਵੀਂ ਦਿੱਲੀ – ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ ਤਿਓਹਾਰ ਵਿਸ਼ੇਸ਼	26.10.2026 ਤੋਂ 06.11.2026	12
04082 ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ– ਨਵੀਂ ਦਿੱਲੀ ਤਿਓਹਾਰ ਵਿਸ਼ੇਸ਼	27.10.2026 ਤੋਂ 07.11.2026	12

ਨੋਟ :- ਹੋਰ ਸਾਰੇ ਨਿਰਦੇਸ਼ ਯਥਾਵਤ ਰਹਿਣਗੇ।

ਰੇਲਮਦਦ ਹੈਲਪਲਾਈਨ
139

ਰੇਲਮਦਦ ਵੈੱਬਸਾਈਟ ਦੇਖੋ :-
www.railmadad.indianrailways.gov.in
ਰੇਲਮਦਦ ਐਪ ਡਾਊਨੋਡ ਕਰੋਂ

ਉਤੇ ਸਾਨੂੰ ਫਾਲੋ ਕਰੋ

ਉੱਤਰ ਰੇਲਵੇ
ਹਮੇਸ਼ਾ ਤੁਹਾਡੀ ਸੇਵਾ ਵਿਚ
ਸਾਨੂੰ www.nr.indianrailways.gov.in ਉਤੇ ਮਿਲੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਸਰਹੱਦੀ ਪੂੜਾਂ 'ਚ ਪਿਸਦੀ ਸ਼ਰਧਾ

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੂਰੀ ਜ਼ਿੰਦਗੀ ਮਨੁੱਖਤਾ ਦੇ ਲੇਖੇ ਲਾ ਦਿੱਤੀ। 'ਸੱਚਾ ਸੌਦਾ ਕਰਨ ਵਾਲੇ' ਅਤੇ ਸਾਂਝੀਵਾਲਤਾ ਦਾ ਸੁਨੇਹਾ ਲੈ ਕੇ ਕਈ ਉਦਾਸੀਆਂ ਕਰਨ ਵਾਲੇ ਇਸ ਫਕੀਰ ਦੀ ਯਾਦ 'ਚ ਕਈ ਥਾਵਾਂ 'ਤੇ ਗੁਰਦੁਆਰਿਆਂ ਦੀ ਉਸਾਰੀ ਹੋਈ। 1947 ਦੀ ਭਾਰਤ-ਪਾਕਿ ਵੰਡ ਹੋਈ ਤਾਂ ਦੇਸ਼ ਦੋ ਹਿੱਸਿਆਂ 'ਚ ਵੰਡਿਆ ਗਿਆ ਅਤੇ ਇਸ ਦੇ ਨਾਲ ਹੀ ਬਾਬਾ ਨਾਨਕ ਦੀ ਯਾਦ 'ਚ ਉਸਾਰੇ ਦੋ ਇਤਿਹਾਸਕ ਗੁਰਦੁਆਰਾ ਸਾਹਿਬ 'ਚ ਸਰਹੱਦਨੁਮਾ ਲਕੀਰ ਖਿੱਚ ਦਿੱਤੀ ਗਈ। ਸ੍ਰੀ ਕਰਤਾਰਪੁਰ ਸਾਹਿਬ ਗੁਰਦੁਆਰਾ ਪਾਕਿਸਤਾਨ ਦੇ ਹਿੱਸੇ ਆਇਆ ਅਤੇ ਡੇਰਾ ਬਾਬਾ ਨਾਨਕ ਸਥਿਤ ਗੁਰਦੁਆਰਾ ਸ੍ਰੀ ਚੋਲਾ ਸਾਹਿਬ ਭਾਰਤ ਦੇ ਹਿੱਸੇ। ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਵੱਲੋਂ ਪਾਕਿਸਤਾਨੀ ਫ਼ੌਜ ਦੇ ਮੁਖੀ ਕਮਰ ਜਾਵੇਦ ਬਾਜਵਾ ਨਾਲ ਗਲਵਕੜੀ ਪਾਏ ਜਾਣ ਤੋਂ ਬਾਅਦ ਦੇਸ਼ ਵਿਚਾਲੇ ਉੱਠੇ ਸਿਆਸੀ ਤੂਫਾਨ ਕਾਰਨ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਦਾ ਸਵਾਲ ਇਕ ਵਾਰ ਮੁੜ ਤੋਂ ਸੁਰਖੀਆਂ 'ਚ ਆ ਗਿਆ। ਕਰਤਾਰਪੁਰ ਸਾਹਿਬ ਦੇ ਲਾਂਘੇ ਸਬੰਧੀ ਵੱਖ-ਵੱਖ ਪਹਿਲੂਆਂ 'ਤੇ ਪੇਸ਼ ਹੈ 'ਪੰਜਾਬੀ ਜਾਗਰਣ' ਵੱਲੋਂ ਅਕਾਸ਼ ਤੇ ਮਹਿੰਦਰ ਸਿੰਘ ਅਰਲੀਭੰਨ ਦੀ ਖਾਸ ਰਿਪੋਰਟ :



ਭਾਰਤ-ਪਾਕਿ ਵੰਡ ਨੇ ਵੰਡੇ ਬਾਬੇ ਨਾਨਕ ਦੇ ਗੁਰਦੁਆਰੇ

ਭਾਰਤ-ਪਾਕਿਸਤਾਨ ਦੀ ਵੰਡ ਪਿੱਛੋਂ ਬਾਬਾ ਨਾਨਕ ਦੀ ਯਾਦ 'ਚ ਉਸਾਰੇ ਗਏ ਦੋ ਗੁਰਦੁਆਰੇ ਵੀ ਵੰਡ ਦਿੱਤੇ ਗਏ। ਇਤਿਹਾਸਕ ਗੁਰਦੁਆਰਾ ਸ੍ਰੀ ਚੋਲਾ ਸਾਹਿਬ ਡੇਰਾ ਭਾਰਤ ਤੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਪਾਕਿਸਤਾਨ ਦੇ ਹਿੱਸੇ ਆਇਆ। ਸ੍ਰੀ ਕਰਤਾਰਪੁਰ ਸਾਹਿਬ ਗੁਰਦੁਆਰਾ ਦੇ ਖੁੱਲ੍ਹੇ ਦਰਸ਼ਨ ਲਈ ਨਾਨਕ ਨਾਮ ਲੇਵਾ ਸੰਗਤ ਪਿਛਲੇ ਕਰੀਬ 71 ਸਾਲ ਤੋਂ ਤਰਸ ਰਹੀ ਹੈ।

17 ਅਗਸਤ ਨੂੰ ਪਾਕਿਸਤਾਨ ਦੇ ਨਵੇਂ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਸਹੁੰ ਚੁੱਕ ਸਮਾਗਮ ਦੌਰਾਨ ਭਾਰਤੀ ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੱਧੂ ਵੱਲੋਂ ਪਾਕਿਸਤਾਨੀ ਫ਼ੌਜ ਦੇ ਮੁਖੀ ਕਮਰ ਜਾਵੇਦ ਬਾਜਵਾ ਨਾਲ ਗਲਵਕੜੀ ਪਾਉਣ ਦਾ ਮਾਮਲਾ ਰਾਤੋ-ਰਾਤ ਦੇਸ਼ ਭਰ 'ਚ ਸੁਰਖੀਆਂ 'ਚ ਛਾ ਗਿਆ। ਇਸ ਮੁੱਦੇ 'ਤੇ ਕਈ ਲੋਕਾਂ ਵੱਲੋਂ ਨਵਜੋਤ ਸਿੱਧੂ ਨੂੰ ਦੇਸ਼ ਵਿਰੋਧੀ ਕਰਾਰ ਦਿੱਤਾ ਗਿਆ। ਜਿਥੇ ਭਾਜਪਾ ਵੱਲੋਂ ਸਿੱਧੂ 'ਤੇ ਚਹੁੰ ਤਰਫ਼ੋਂ ਹਮਲੇ ਕੀਤੇ ਗਏ, ਉਥੇ ਹੀ ਆਪਣੀ ਹੀ ਸਰਕਾਰ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਬਾਜਵਾ ਨੂੰ ਸਿੱਧੂ ਵੱਲੋਂ ਗਲਵਕੜੀ ਪਾਉਣਾ ਗਲਤ ਦੱਸਿਆ। ਅਕਾਲੀ ਦਲ ਵੱਲੋਂ ਖਾਸ ਕਰ ਹਰਸਿਮਰਤ ਕੌਰ ਬਾਦਲ ਵੱਲੋਂ ਸਿੱਧੂ 'ਤੇ ਤਿੱਖੇ ਹਮਲੇ ਕੀਤੇ ਗਏ। ਜੱਫੀ ਪਾ ਕੇ ਬੁਰੀ ਤਰ੍ਹਾਂ ਕੁੜਿੱਕੀ 'ਚ ਫਸੇ ਸਿੱਧੂ ਨੇ ਇਹ ਕਹਿ ਕੇ ਸਿੱਖ ਵਰਗ ਦੀਆਂ ਭਾਵਨਾਵਾਂ ਨੂੰ ਕੈਸ਼ ਕਰਨ ਦੀ ਕੋਸ਼ਿਸ਼ ਕੀਤੀ ਕਿ ਬਾਜਵਾ ਨੇ ਉਸ ਨੂੰ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਦਾ ਭਰੋਸਾ ਦਿੱਤਾ, ਜਿਸ ਕਾਰਨ ਉਹ ਸ਼ੁਕਰਾਨੇ ਵਜੋਂ ਖੁਦ ਨੂੰ ਬਾਜਵਾ ਨੂੰ ਗਲਵਕੜੀ ਪਾਉਣ ਤੋਂ ਨਹੀਂ ਰੋਕ ਸਕੇ। ਕੁਝ ਹੱਦ ਤਕ ਸਿੱਖ ਸੰਗਤ ਦਾ ਗੁੱਸਾ ਸ਼ਾਂਤ ਹੋਇਆ ਪਰ ਸਿੱਧੂ ਦੇ ਬਿਆਨ ਤੋਂ ਬਾਅਦ ਪਾਕਿਸਤਾਨ ਦੀ ਤਰਫੋਂ ਜਿਸ ਤਰ੍ਹਾਂ ਬਦਲਵੇਂ ਬਿਆਨ ਆਏ ਉਸ ਨਾਲ ਸਿੱਧੂ ਦੀਆਂ ਮੁਸ਼ਕਿਲਾਂ ਘੱਟ ਨਹੀਂ ਹੋਈਆਂ। ਸਿੱਧੂ ਵੱਲੋਂ ਵਿਦੇਸ਼ ਮਤਰੀ ਸੁਸ਼ਮਾ ਸਵਰਾਜ ਨਾਲ ਮੁਲਾਕਾਤ ਕਰ ਕੇ ਭਾਰਤ ਸਰਕਾਰ ਦੀ ਤਰਫੋਂ ਸਾਰਥਕ ਕਦਮ ਚੁੱਕਣ ਦੀ ਅਪੀਲ ਕੀਤੀ ਗਈ। ਭਾਰਤ ਸਰਕਾਰ ਦਾ ਰੁੱਖ ਕੀ ਹੁੰਦਾ ਹੈ ਇਹ ਅਜੇ ਪੂਰੀ ਤਰ੍ਹਾਂ ਸਾਫ਼ ਨਹੀਂ ਹੈ।

ਸੁਰੱਖਿਆ ਕਾਰਨ ਵੀ ਲਾਂਘਾ ਖੋਲ੍ਹਣ 'ਚ ਅੜਿੱਕਾ

ਲਾਂਘਾ ਖੋਲ੍ਹਣ 'ਚ ਸਭ ਤੋਂ ਵੱਡਾ ਅੜਿੱਕਾ ਸੁਰੱਖਿਆ ਕਾਰਨਾਂ ਨੂੰ ਸਮਝਿਆ ਜਾ ਰਿਹਾ ਹੈ ਕਿਉਂਕਿ ਕੌਮਾਂਤਰੀ ਸਰਹੱਦ ਤੋਂ 40 ਕਿਲੋਮੀਟਰ ਦੂਰ ਤਿਬੜੀ ਛਾਉਣੀ ਸਥਿਤ ਹੈ। ਪਠਾਨਕੋਟ ਦਾ ਅਸਲਾ ਭੰਡਾਰ ਵੀ ਦੂਰ ਨਹੀਂ ਅਤੇ ਗੁਰਦਾਸਪੁਰ ਦੇ ਦੀਨਾਨਗਰ ਅਤੇ ਪਠਾਨਕੋਟ ਦੇ ਏਅਰ ਫੋਰਸ ਸਟੇਸ਼ਨ 'ਤੇ ਪਹਿਲਾਂ ਹੀ ਪਾਕਿਸਤਾਨੀ ਅੱਤਵਾਦੀਆਂ ਵੱਲੋਂ ਦੋ ਵੱਡੇ ਅੱਤਵਾਦੀ ਹਮਲੇ ਹੋ ਚੁੱਕੇ ਹਨ। ਇਸ ਦੇ ਬਾਵਜੂਦ ਭਾਰਤੀ ਫੌਜ ਦੇ ਬਹੁਤੇ ਅਧਿਕਾਰੀ ਸੁਰੱਖਿਆ ਨੂੰ ਕੋਈ ਕਾਰਨ ਨਹੀਂ ਮੰਨਦੇ ਕਿਉਂਕਿ ਉਨ੍ਹਾਂ ਅਨੁਸਾਰ ਭਾਰਤੀ ਫੌਜ ਅਤੇ ਬੀਐੱਸਐੱਫ ਪੂਰੀ ਤਰ੍ਹਾਂ ਮੁਸਤੈਦ ਅਤੇ ਸਮਰੱਥ ਹੈ। ਸਿੱਖ ਸੰਗਤ ਨੂੰ ਇਕ ਵਾਰ ਫਿਰ ਤੋਂ ਆਸ ਦੀ ਕਿਰਨ ਦਿਖਾਈ ਦੇ ਰਹੀ ਹੈ ਅਤੇ ਜੇਕਰ ਦੋਵੇਂ ਸਰਕਾਰਾਂ ਗੰਭੀਰਤਾ ਨਾਲ ਵਿਚਾਰ ਕਰਨ ਤਾਂ ਲਾਂਘਾ ਖੋਲ੍ਹ ਕੇ ਉਹ ਸਿੱਖ ਸੰਗਤ ਦੀ 7 ਦਹਾਕਿਆਂ ਪੁਰਾਣੀ ਮੰਗ ਨੂੰ ਪੂਰਾ ਕਰ ਸਕਦੀਆਂ ਹਨ।

1521 'ਚ ਰੱਖਿਆ ਸ੍ਰੀ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਨੀਂਹ ਪੱਥਰ

ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਨੀਂਹ ਪੱਥਰ ਸਾਲ 1521 ਨੂੰ ਰੱਖਿਆ ਗਿਆ ਸੀ। ਇਸ ਇਤਿਹਾਸਕ ਗੁਰੂਧਾਮ ਦੀਆਂ ਤਿੰਨ ਮੰਜ਼ਿਲਾਂ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਉਸਾਰੀ ਕਰਵਾਏ ਗਏ ਗੁਰਦੁਆਰਾ ਸਾਹਿਬ ਰਾਵੀ ਦਰਿਆ ਦੀ ਭੇਟ ਚੜ੍ਹਨ ਤੋਂ ਬਾਅਦ ਇਸ ਗੁਰਦੁਆਰਾ ਸਾਹਿਬ ਦੀ ਉਸਾਰੀ ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾ ਵੱਲੋਂ ਕਰਵਾ ਕੇ ਨਵੀਂ ਦਿੱਖ ਦਿੱਤੀ ਗਈ। ਗੁਰੂ ਨਾਨਕ ਸਾਹਿਬ ਨੇ ਆਪਣੀਆਂ ਚਾਰ ਉਦਾਸੀਆਂ ਤੋਂ ਬਾਅਦ 1952 ਈਸਵੀ ਵਿਚ ਸ੍ਰੀ ਕਰਤਾਰਪੁਰ ਸਾਹਿਬ ਆ ਕੇ ਆਪਣਾ ਪੱਕਾ ਵਾਸਾ ਕਰ ਲਿਆ ਅਤੇ ਇਥੇ ਰਹਿ ਕੇ ਖੇਤੀ ਕਰਨੀ ਸ਼ੁਰੂ ਕਰ ਦਿੱਤੀ ਅਤੇ ਕਰਤਾਰਪੁਰ ਸਾਹਿਬ ਸ਼ਹਿਰ ਵਸਾਇਆ। ਗੁਰੂ ਨਾਨਕ ਦੇਵ ਜੀ ਨੇ ਇਥੇ ਸਭ ਧਰਮਾਂ ਦੇ ਲੋਕਾਂ ਲਈ ਧਰਮਸ਼ਾਲਾ ਬਣਾਈ। ਗੁਰੂ ਸਾਹਿਬ ਵੱਲੋਂ ਇੱਥੇ ਜ਼ਿੰਦਗੀ ਦਾ ਕਾਫ਼ੀ ਸਮਾਂ ਬਿਤਾਉਣ ਕਾਰਨ ਇਹ ਅਸਥਾਨ ਸਿੱਖ ਧਰਮ ਦਾ ਪ੍ਰਚਾਰ ਕੇਂਦਰ ਬਣਿਆ।

ਸਰਹੱਦ 'ਤੇ ਲੱਗਾ ਕਰਤਾਰਪੁਰ ਸਾਹਿਬ ਨੂੰ ਜਾਣ ਵਾਲਾ ਬੋਰਡ।

ਪਾਕਿਸਤਾਨ 'ਚ 4 ਦਿਹਾੜੇ ਮਨਾਉਣ ਜਾਂਦੇ ਨੇ ਸ਼ਰਧਾਲੂ

ਭਾਰਤ ਵਸਦੇ ਸ਼ਰਧਾਲੂ ਪਾਕਿਸਤਾਨ 'ਚ ਸਥਿਤ ਗੁਰੂਧਾਮਾਂ ਦੇ ਦਰਸ਼ਨ ਕਰਨ ਲਈ ਪਾਸਪੋਰਟ ਤੇ ਵੀਜ਼ਾ ਪ੍ਰਾਪਤ ਕਰ ਕੇ 4 ਵਾਰ ਵਿਸਾਖੀ, ਸ਼ਹੀਦੀ ਦਿਹਾੜਾ ਸ੍ਰੀ ਗੁਰੂ ਅਰਜਨ ਦੇਵ ਜੀ, ਬਰਸੀ ਮਹਾਰਾਜਾ ਰਣਜੀਤ ਸਿੰਘ ਤੋਂ ਇਲਾਵਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਮਨਾਉਣ ਲਈ ਜਾਂਦੇ ਹਨ। ਜਦਕਿ ਫਿਰ ਵੀ ਬਹੁ ਗਿਣਤੀ ਸੰਗਤਾਂ ਕਾਗਜ਼ੀ ਕਾਰਵਾਈ ਤੋਂ ਬਾਅਦ ਅਤੇ ਕਾਗਜ਼ੀ ਕਾਰਵਾਈ ਦੀ ਉਲਝਣ ਕਾਰਨ ਦਰਸ਼ਨ ਦੀਦਾਰ ਕਰਨ ਤੋਂ ਵਾਂਝੀਆਂ ਰਹਿ ਜਾਂਦੀਆਂ ਹਨ।

ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੀ ਤਸਵੀਰ।

ਬਾਬਾ ਅਜਿੱਤੇ ਰੰਧਾਵਾ ਵੱਲੋਂ ਦਿੱਤੀ ਜ਼ਮੀਨ 'ਤੇ ਵਸਿਆ ਡੇਰਾ ਬਾਬਾ ਨਾਨਕ

ਸ੍ਰੀ ਗੁਰੂ ਨਾਨਕ ਦੇਵ ਜੀ ਦੀ 76ਵੀਂ ਪੀੜ੍ਹੀ ਦੇ ਬਾਬਾ ਸੁਖਦੀਪ ਸਿੰਘ ਨੇ ਦੱਸਿਆ ਕਿ ਡੇਰਾ ਬਾਬਾ ਨਾਨਕ ਸਥਿਤ ਬਾਬਾ ਅਜਿੱਤੇ ਰੰਧਾਵਾ ਦੇ ਖੂਹ 'ਤੇ ਸ੍ਰੀਗੁਰੂ ਨਾਨਕ ਦੇਵ ਜੀ ਕਰਤਾਰਪੁਰ ਸਾਹਿਬ ਤੋਂ ਮੱਝੀਆਂ ਚਾਰਨ ਲਈ ਆਉਂਦੇ ਸਨ। ਉਥੇ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਬਾਬਾ ਅਜਿੱਤੇ ਰੰਧਾਵਾ ਗੋਸ਼ਟੀ ਕਰਦੇ ਸਨ। ਬਾਬਾ ਅਜਿੱਤੇ ਰੰਧਾਵਾ ਜੋ ਪਿੰਡ ਪੱਖੋ ਕੇ ਰੰਧਾਵਾ ਦੇ ਵਾਸੀ ਸਨ, ਨੇ ਗੁਰੂ ਨਾਨਕ ਦੇਵ ਜੀ ਨੂੰ ਡੇਰਾ ਬਾਬਾ ਨਾਨਕ ਵਸਾਉਣ ਲਈ 526 ਕਨਾਲ ਜ਼ਮੀਨ ਦਿੱਤੀ ਸੀ, ਜਿਸ ਨੂੰ ਬਾਬੇ ਨਾਨਕ ਦੇ ਪੋਤਰੇ ਧਰਮ ਚੰਦ ਪੁੱਤਰ ਬਾਬਾ ਲਖਮੀ ਦਾਸ ਵੱਲੋਂ ਡੇਰਾ ਬਾਬਾ ਨਾਨਕ ਦੇ ਵਜੋਂ ਵਸਾਇਆ ਗਿਆ। ਇਸ ਤੋਂ ਇਲਾਵਾ ਡੇਰਾ ਬਾਬਾ ਨਾਨਕ ਵਿਖੇ ਬਾਬਾ ਅਜਿੱਤੇ ਰੰਧਾਵਾ ਦੇ ਪੁਰਾਤਨ ਖੂਹ 'ਤੇ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਅੰਗ ਬਸਤਰ ਚੋਲਾ ਸਾਹਿਬ, ਜੋ ਬੇਦੀ ਕਾਬਲੀ ਮੱਲ ਵੱਲੋਂ ਕਾਬਲ ਕੰਧਾਰ ਆਫਗਾਨਿਸਤਾਨ ਤੋਂ ਲਿਆਂਦਾ ਸੀ, ਇਸ ਸਮੇਂ ਵੀ ਗੁਰਦੁਆਰਾ ਚੋਲਾ ਸਾਹਿਬ ਵਿਖੇ ਬਿਰਾਜਮਾਨ ਹੈ। ਇਥੇ ਹਰ ਸਾਲ 4,5,6 ਮਾਰਚ ਨੂੰ ਜੋੜ ਮੇਲਾ ਲੱਗਦਾ ਹੈ।

ੴ ਸਤਿਗੁਰ ਪ੍ਰਸਾਦਿ ॥
ਅਰਦਾਸ
ਗੁਰਦੁਆਰਾ ਕਰਤਾਰਪੁਰ ਸਾਹਿਬ (ਰਾਵੀ) ਦੇ ਖੁੱਲ੍ਹੇ ਲਾਂਘੇ ਲਈ
ਗੁਰਦੁਆਰਾ ਕਰਤਾਰਪੁਰ ਸਾਹਿਬ ਪਾਕਿਸਤਾਨ
ਸ੍ਰੀ ਗੁਰੂ ਨਾਨਕ ਦੇਵ ਜੀ

ਦਰਸ਼ਨ ਅਭਿਲਾਖੀ ਸੰਸਥਾ ਕਰਦੀ ਆ ਰਹੀ ਹੈ ਅਰਦਾਸ

ਇਸ ਲਾਂਘੇ ਨੂੰ ਖੋਲ੍ਹਣ ਲਈ ਕਰਤਾਰਪੁਰ ਦਰਸ਼ਨ ਅਭਿਲਾਖੀ ਸੰਸਥਾ 13 ਅਪ੍ਰੈਲ 2001 ਤੋਂ ਹੁਣ ਤਕ ਮੱਸਿਆ ਦੇ ਦਿਹਾੜੇ 'ਤੇ ਖੁੱਲ੍ਹੇ ਦਰਸ਼ਨ ਦੀਦਾਰੇ ਲਈ ਸੰਗਤ ਸਮੇਤ ਅਰਦਾਸ ਕਰਦੀ ਆ ਰਹੀ ਹੈ। ਭਾਵੇਂ ਇਸ ਕਾਰਜ ਦੀ ਸ਼ੁਰੂਆਤ ਮਰਹੂਮ ਕੁਲਦੀਪ ਸਿੰਘ ਵਡਾਲਾ ਅਤੇ ਸੰਸਥਾ ਦੇ ਜਰਨਲ ਸਕੱਤਰ ਗੁਰਿੰਦਰ ਸਿੰਘ ਬਾਜਵਾ ਵੱਲੋਂ ਕੀਤੀ ਗਈ ਪਰ ਅਰਦਾਸ ਬੇਨਤੀ ਦੇ ਮਹੀਨਾਵਾਰ ਇਸ ਕਾਰਜ ਨੂੰ ਹੋਰ ਸੰਗਤਾਂ ਹਰ ਮੱਸਿਆ 'ਤੇ ਨਿਰੰਤਰ ਕਰਦੀਆਂ ਆ ਰਹੀਆਂ ਹਨ। ਇਸ ਤੋਂ ਇਲਾਵਾ ਸੰਗਰਾਂਦ ਅਤੇ ਹੋਰਨਾਂ ਦਿਹਾੜਿਆਂ 'ਤੇ ਵੀ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਖੁੱਲ੍ਹੇ ਦਰਸ਼ਨ ਦੀਦਾਰਿਆਂ ਲਈ ਸਮੂਹਿਕ ਰੂਪ 'ਚ ਅਰਦਾਸ ਬੇਨਤੀ ਕਰਦੀਆਂ ਆ ਰਹੀਆਂ ਹਨ।

ਦਰਸ਼ਨ ਕਰ ਕੇ ਭਾਵੁਕ ਹੋ ਜਾਂਦੀਆਂ ਨੇ ਸੰਗਤਾਂ

ਦਰਸ਼ਨ ਸਥੱਲ ਡੇਰਾ ਬਾਬਾ ਨਾਨਕ ਵਿਖੇ ਅਕਸਰ ਸੰਗਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰ ਕੇ ਭਾਵੁਕ ਹੋ ਜਾਂਦੀਆਂ ਹਨ। ਸਿੱਖ ਸੰਗਤ ਲਈ ਸ੍ਰੀ ਕਰਤਾਰਪੁਰ ਸਾਹਿਬ ਦੇ ਖੁੱਲ੍ਹੇ ਦਰਸ਼ਨ ਸੰਭਵ ਨਾ ਹੋਣ ਕਰ ਕੇ ਸੰਗਤ ਇਸ ਸਥਾਨ 'ਤੇ ਬੈਠ ਕੇ ਜਾਪ ਕਰ ਕੇ ਗੁਰੂ ਘਰ ਦੀ ਖੁਸ਼ੀ ਪ੍ਰਾਪਤ ਕਰਦੀਆਂ ਹਨ। ਸੋਹਣ ਸਿੰਘ ਪਟਿਆਲਾ, ਤਲਵਿੰਦਰ ਸਿੰਘ ਬੁੱਟਰ, ਅਜੇਪਾਲ ਸਿੰਘ ਸੰਧੂ, ਭਾਈ ਬਲਦੇਵ ਸਿੰਘ ਸਾਹਪੁਰ, ਧਰਮਿੰਦਰਜੀਤ ਸਿੰਘ ਕੰਗ ਆਦਿ ਨੇ ਕਿਹਾ ਕਿ ਉਨ੍ਹਾਂ ਵੱਲੋਂ ਦੂਰਬੀਨ ਰਾਹੀਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਜੀ ਦੇ ਦਰਸ਼ਨ ਦੀਦਾਰੇ ਕਰ ਕੇ ਆਪਣੇ ਮਨ 'ਚ ਗੁਰੂ ਪ੍ਰਤੀ ਪਿਆਰ ਦੀ ਭਾਵਨਾ ਨੂੰ ਪੂਰਾ ਕੀਤਾ ਜਾਂਦਾ ਹੈ।

ਜ਼ਿੰਦਗੀ ਦੇ ਆਖ਼ਰੀ ਸਾਢੇ 17 ਸਾਲ ਕਰਤਾਰਪੁਰ ਬਿਤਾਏ

ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਜਿਨ੍ਹਾਂ ਨੂੰ ਬਾਬਾ ਨਾਨਕ ਤੇ ਨਾਨਕਸ਼ਾਹ ਦੇ ਨਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ, ਦਾ ਜਨਮ ਕਤਕ ਦੀ ਪੂਰਨਮਾਸ਼ੀ 1469 ਨੂੰ ਨਨਕਾਣਾ ਸਾਹਿਬ ਪਾਕਿਸਤਾਨ 'ਚ ਰਾਏ ਭੋਇ ਦੀ ਤਲਵੰਡੀ ਪਿਤਾ ਕਲਿਆਣ ਦਾਸ (ਕਾਲੂ) ਮਹਿਤਾ ਜੋ ਪਟਵਾਰੀ ਸਨ ਅਤੇ ਮਾਂ ਤ੍ਰਿਪਤਾ ਦੀ ਕੁੱਖੋਂ ਹੋਇਆ ਸੀ। ਉਨ੍ਹਾਂ ਨੇ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਆਪਣੀ ਜ਼ਿੰਦਗੀ ਦੇ ਆਖਿਰੀ 17 ਸਾਲ 5 ਮਹੀਨੇ 9 ਦਿਨ ਬਿਤਾਏ। ਉਨ੍ਹਾਂ ਸ੍ਰੀ ਕਰਤਾਰਪੁਰ ਸਾਹਿਬ ਦੀ ਧਰਤੀ 'ਤੇ 22 ਸਤੰਬਰ 1539 ਨੂੰ ਜੋਤੀ ਜੋਤ ਸਮਾਉਣ ਤੋਂ ਪਹਿਲਾ ਭਾਈ ਲਹਿਣੇ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਬਣਾ ਕੇ ਸਿੱਖਾਂ ਦੇ ਦੂਜੇ ਗੁਰੂ ਵਜੋਂ ਗੁਰਗੱਦੀ ਸੌਂਪੀ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਲਾਹੌਰ ਦੇ ਸੇਠ ਕਰੋੜੀ ਮੱਲ ਦੇ ਪੁੱਤਰ ਦੂਨੀ ਚੰਦ ਨੇ ਜ਼ਮੀਨ ਅਤੇ ਖੂਹ ਭੇਟ ਕੀਤਾ ਸੀ।

ਦੋ ਭਰਾਵਾਂ ਦਾ ਪਿਆਰ ਦੇਖ ਬਾਬੇ ਨਾਨਕ ਨੇ ਵਸਾਇਆ ਸੀ ਕਰਤਾਰਪੁਰ ਸਾਹਿਬ

ਰੂਹਾਨੀਅਤ ਦਾ ਪ੍ਰਚਾਰ ਕਰਦੇ ਹੋਏ ਲੰਮੀਆਂ ਉਦਾਸੀਆਂ ਤੋਂ ਬਾਅਦ ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਰਾਵੀ ਨਦੀ ਕੰਢੇ ਵਸੇ ਪਿੰਡ ਦੋਦਾ ਦੀ ਧਰਤੀ 'ਤੇ ਆਏ ਤਾਂ ਦੋਦਾ ਪਿੰਡ ਦੇ ਬਾਹਰ ਦੋ ਭਰਾ ਆਪਣੇ ਖੇਤਾਂ ਵਿਚ ਦਾਣਿਆਂ ਦਾ ਬੋਹਲ ਇਕੱਠਾ ਕਰ ਰਹੇ ਸਨ। ਵੱਡਾ ਭਰਾ ਘਰ ਖਾਣਾ ਖਾਣ ਗਿਆ ਤਾਂ ਛੋਟੇ ਨੇ ਸੋਚਿਆ ਕਿ ਵੱਡੇ ਭਰਾ ਦਾ ਪਰਿਵਾਰ ਵੱਡਾ ਹੈ, ਉਹ ਕਿਸ ਤਰ੍ਹਾਂ ਗੁਜਾਰਾ ਕਰੇਗਾ? ਇਹ ਸੋਚ ਕੇ ਛੋਟੇ ਨੇ ਆਪਣੇ ਬੋਹਲ ਤੋਂ ਦਾਣੇ ਚੁੱਕ ਕੇ ਵੱਡੇ ਦੇ ਬੋਹਲ ਵਿਚ ਪਾ ਦਿੱਤੇ। ਇਸ ਤੋਂ ਬਾਅਦ ਜਦੋਂ ਵੱਡਾ ਭਰਾ ਖਾਣਾ ਖਾ ਕੇ ਆਇਆ ਤਾਂ ਛੋਟਾ ਭਰਾ ਘਰ ਰੋਟੀ ਖਾਣ ਚਲਾ ਗਿਆ। ਇਸ ਦੌਰਾਨ ਵੱਡੇ ਭਰਾ ਦੇ ਮਨ ਵਿਚ ਆਇਆ ਕਿ ਛੋਟੇ ਭਰਾ ਦੇ ਛੋਟੇ-ਛੋਟੇ ਬੱਚੇ ਹਨ। ਉਸ ਲਈ ਗੁਜ਼ਾਰਾ ਕਰਨਾ ਔਖਾ ਹੋਊ ਤਾਂ ਉਸ ਨੇ ਵੀ ਆਪਣੇ ਬੋਹਲ ਤੋਂ ਦਾਣੇ ਕੱਢ ਕੇ ਛੋਟੇ ਦੇ ਬੋਹਲ ਵਿਚ ਪਾ ਦਿੱਤੇ। ਇਸ ਘਟਨਾ ਨੂੰ ਬਾਬਾ ਨਾਨਕ ਦੇਖ ਰਹੇ ਸਨ, ਜਿਨ੍ਹਾਂ ਨੇ ਆਪਣੇ ਸਾਥੀ ਭਾਈ ਮਰਦਾਨਾ ਨੂੰ ਕਿਹਾ 'ਮਰਦਾਨਿਆ ਇਥੇ ਵੱਸਦਾ ਏ ਕਰਤਾਰ।' ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣਾ ਡੇਰਾ ਸ੍ਰੀ ਕਰਤਾਰਪੁਰ ਸਾਹਿਬ 'ਚ ਲਾ ਲਿਆ। ਪਿੰਡ ਦੋਦਾ ਕਰਤਾਰਪੁਰ ਨੇੜੇ ਸਥਿਤ ਹੈ। ਸ੍ਰੀ ਕਰਤਾਰਪੁਰ ਸਾਹਿਬ ਤਹਿਸੀਲ ਸ਼ਕਰਗੜ੍ਹ ਜ਼ਿਲ੍ਹਾ ਨਾਰੋਵਾਲ ਲਹਿੰਦੇ ਪੰਜਾਬ ਪਾਕਿਸਤਾਨ ਨੂੰ 'ਕਰਤਾਰਪੁਰ ਰਾਵੀ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।

ਮੁੱਦਾ ਕੀ ਸੀ ਤੇ ਕੀ ਬਣਾ ਕੇ ਰੱਖ ਦਿੱਤਾ

ਜਸਵਿੰਦਰ ਸਿੰਘ ਐਡਵੋਕੇਟ
ਮੋਬਾਈਲ : 98148-98802

ਕੀ ਮਾਮਲਾ ਕਰਤਾਰਪੁਰ ਲਾਂਘੇ ਦਾ ਹੈ ਜਾਂ ਮਾਮਲਾ ਨਵਜੋਤ ਸਿੰਘ ਵੱਲੋਂ ਕਰਤਾਰਪੁਰ ਲਾਂਘੇ ਦਾ ਸੁਨੇਹਾ ਲਿਆਉਣ ਦਾ ਹੈ? ਬੁਨਿਆਦੀ ਸਵਾਲ ਇਹ ਹੋਣਾ ਚਾਹੀਦਾ ਹੈ ਕਿ ਮਾਮਲਾ ਕਰਤਾਰਪੁਰ ਦਾ ਲਾਂਘਾ ਮਿਲੇ ਪਰ ਜਿਵੇਂ ਕਿਸੇ ਭੁੱਖੇ ਨੂੰ ਪੁੱਛੋ ਦੋ ਤੇ ਦੋ ਕਿੰਨੇ ਹਨ, ਉਹ ਕਹੇਗਾ ਚਾਰ ਰੋਟੀਆਂ ਕਿਉਂਕਿ ਉਹ ਭੁੱਖਾ ਹੈ ਇਹੀ ਹਾਲ ਸਾਡੇ ਸਿਆਸੀ ਲੀਡਰਾਂ ਦਾ ਹੋ ਗਿਆ ਹੈ।ਮਾਮਲਾ ਤਾਂ ਇਹ ਸੀ ਕਰਤਾਪੁਰ ਦਾ ਲਾਂਘਾ ਸਿੱਖਾਂ ਦੀ ਭਾਵਨਾ ਨਾਲ ਜੁੜਿਆ ਹੋਇਆ ਹੈ। 1947 ਤੋਂ ਬਆਦ ਹਰ ਸਿੱਖ ਜਦੋਂ ਅਰਦਾਸ ਕਰਦਾ ਹੈ ਉਹ ਆਪਣੇ ਗੁਰਦੁਆਰਾ ਸਾਹਿਬ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਦੀ ਗੱਲ ਕਰਦਾ ਹੈ। ਹਾਲਾਂਕਿ ਪਾਕਿਸਤਾਨ 'ਚ ਰਹਿ ਗਏ ਗੁਦੁਆਰਾ ਸਾਹਿਬਾਨ ਦਾ ਪ੍ਰਬੰਧ ਕਾਨੂੰਨ ਮੁਤਾਬਕ ਸਾਡੇ ਸਿੱਖ ਭਰਾ ਹੀ ਕਰ ਰਹੇ ਹਨ।

ਸਿੱਖਾਂ ਦੀਆਂ ਭਾਵਨਾਵਾਂ ਨੂੰ ਅਣਗੌਲਿਆਂ ਕਰਦਿਆਂ ਇਸ ਮਾਮਲੇ ਨੂੰ ਸਿਆਸੀ ਰੰਗਤ ਦਿੰਦਿਆਂ ਸਾਰਾ ਧਿਆਨ ਸਿੱਧੂ ਦੀ ਬਾਜਵੇ ਨਾਲ ਜੱਫੀ 'ਤੇ ਕੇਂਦਰਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਵੈਸੇ ਤਾਂ ਪੰਜਾਬੀ ਭਾਵੇਂ ਚੜ੍ਹਦੇ ਪੰਜਾਬ ਦਾ ਹੋਵੇ ਜਾਂ ਲਹਿੰਦੇ ਪੰਜਾਬ ਦਾ ਜੱਫੀ ਪਾ ਕੇ ਮਿਲਣਾ ਸਾਡੇ ਸਭਿਆਚਾਰ ਦਾ ਹਿੱਸਾ ਹੈ। ਜਿਹੜਾ ਕਿ ਹੱਥ ਮਿਲਾ ਕੇ ਮਿਲਣ ਦੇ ਸਭਿਆਚਾਰ ਤੋਂ ਕਿਤੇ ਵੀ ਵੱਖਰਾ ਨਹੀਂ ਹੈ।

ਸਿੱਖ ਆਪਣੇ ਗੁਰੂ ਦੇ ਨਾਂ 'ਤੇ ਇੰਨਾ ਭਾਵੁਕ ਹੁੰਦਾ ਹੈ ਉਹ ਆਪਣਾ ਬੰਦ-ਬੰਦ ਕਟਾਉਣ, ਖੋਪਰ ਲੁਹਾਉਣ, ਚਰਖੜੀਆਂ 'ਤੇ ਚੜ੍ਹਨਾ ਸਹਿਜ ਨਾਲ ਹੀ ਕਰ ਵਿਚਰਦਾ ਹੈ।ਸੁਨੇਹਾ ਪੱਗ ਵਾਲਾ ਨਵਜੋਤ ਸਿੰਘ ਸਿੱਧੂ ਲੈ ਕੇ ਆਇਆ ਹੈ ਜਾਂ ਜਿਨ੍ਹਾਂ ਨੇ ਆਪਣੇ ਆਪ ਨੂੰ ਪੰਥ ਦਾ ਠੇਕੇਦਾਰ ਥਾਪ ਰੱਖਿਆ ਉਨ੍ਹਾਂ ਦੀ ਪਾਰਟੀ ਜਾਂ ਫਿਰ ਕੋਈ ਹੋਰ, ਤਕਲੀਫ ਕਿਸ ਗੱਲ ਦੀ ਹੈ?

ਸੁਨੇਹਾ ਕੌਣ ਲਿਆਇਆ, ਕਿੱਦਾਂ ਲਿਆਇਆ, ਕਿਸ ਦੇ ਕਹਿਣ 'ਤੇ ਲਿਆਇਆ, ਆਪਣੇ ਅਖਤਿਆਰ 'ਚ ਲਿਆਇਆ ਜਾਂ ਆਪਣੇ ਅਖਤਿਆਰ ਤੋਂ ਬਾਹਰ ਲਿਆਇਆ ਹੈ। ਇਹ ਸਭ ਕੁਝ ਛੱਡ ਦੇਈਏ।ਕਰਤਾਰਪੁਰ ਸਾਹਿਬ ਸਿੱਖਾਂ ਲਈ ਅਹਿਮ ਅਸਥਾਨ ਰੱਖਦਾ ਹੈ।

"ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ॥"

ਸਿੱਖ ਕੌਮ ਲਈ ਉਸ ਦਾ ਹਰੇਕ ਗੁਰਦੁਆਰਾ ਸਾਹਿਬ ਅਕਾਲੀ ਗਿਆਨ, ਵਿਚਾਰ ਧਾਰਾ ਤੇ ਸਿੱਖੀ ਸਿਧਾਂਤਾਂ ਨੂੰ ਲੈ ਕੇ ਆਪਣੇ ਜੀਵਨ ਨੂੰ ਰੁਸ਼ਨਾਉਣ ਲਈ ਸਦਾ ਹੀ ਤਤਪਰ ਰਿਹਾ ਹੈ। ਕਰਤਾਰਪੁਰ ਸਾਹਿਬ ਨੂੰ ਗੁਰੂ ਨਾਨਕ ਸਾਹਿਬ ਜੀ ਨੇ ਸੰਸਾਰ ਕਰਤੇ ਦੇ ਨਾਂ 'ਤੇ ਆਪ ਵਸਾਇਆ ਹੈ।ਸਿੱਖ ਲਈ ਕਰਤਾਰਪੁਰ ਸਾਹਿਬ (ਪਾਕਿਸਤਾਨ) ਦਾ ਗੁਰਦੁਆਰਾ ਸਾਹਿਬ ਬਹੁਤ ਮੱਹਤਤਾ ਰੱਖਦਾ ਹੈ।ਗੁਰੂ ਸਾਹਿਬ ਆਪਣੀ ਹਰ ਪ੍ਰਚਾਰ ਫੇਰੀ ਤੋਂ ਬਾਅਦ ਸ੍ਰੀ ਕਰਤਾਰਪੁਰ ਸਾਹਿਬ ਆ ਕੇ ਰਹਿੰਦੇ ਸਨ। ਗੁਰੂ ਸਾਹਿਬ ਜੀ ਨੇ ਹੱਥੀਂ ਕਿਰਤ ਸ਼ੁਰੂ ਤੋਂ ਹੀ ਕੀਤੀ ਪਰ ਆਪਣੇ ਜ਼ਿੰਦਗੀ ਦਾ ਬਹੁਤਾ ਸਮਾਂ ਇਥੇ ਹੀ ਗੁਜਾਰਿਆ। ਸ੍ਰੀ ਕਰਤਾਰਪੁਰ ਸਾਹਿਬ ਕਿਰਤੀ ਸਿੱਖ ਲਈ ਵੱਡੇ ਪ੍ਰੇਰਨਾ ਸਰੋਤ ਦੇ ਨਾਲ ਨਾਲ ਮਾਣ ਮਹਿਸੂਸ ਕਰਵਾਉਣ ਵਾਲਾ ਹੈ। ਕਿਰਤ ਤੋਂ ਭਗੌੜੇ ਹੋ ਚੁੱਕੇ ਵਿਹਲੜਾਂ ਨੂੰ ਮਿਹਨਤੀ ਬਣਨ ਲਈ ਮਾਰਗ ਦਰਸ਼ਨ ਵੀ ਕਰਦਾ ਹੈ।

ਮੇਰੀ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ, ਸੂਬਾ ਸਰਕਾਰਾਂ, ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਬੇਨਤੀ ਹੈ ਕਿ ਸਾਡੀ ਭਾਵਨਾ ਨਾਲ ਖਿਲਵਾੜ ਨਾ ਕਰੋ। ਰਸਤੇ ਦੀ ਮੰਗ ਨੂੰ ਸਾਰਥਕਤਾ ਦਾ ਜਾਮਾ ਪਹਿਨਾਓ ਤੇ ਆਸੀਸਾਂ ਦੇ ਪਾਤਰ ਬਣੋ।

ਡੇਰਾ ਬਾਬਾ ਨਾਨਕ 'ਚ ਦਰਸ਼ਨ ਸਥਲ ਦੀ ਉਸਾਰੀ

ਦਰਸ਼ਨ ਸਥਲ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੀ ਉਸਾਰੀ ਬਾਬਾ ਗੁਰਚਰਨ ਸਿੰਘ ਬੇਦੀ, ਬਾਬਾ ਜਗਦੀਪ ਸਿੰਘ ਬੇਦੀ ਮੈਮੋਰੀਅਲ ਚੈਰੀਟੇਬਲ ਹਸਪਤਾਲ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 17ਵੇਂ ਅੰਸ਼ ਦੇ ਬਾਬਾ ਸੁਖਦੀਪ ਸਿੰਘ ਬੇਦੀ ਵੱਲੋਂ 6 ਮਈ 2008 ਨੂੰ ਕਰੀਬ 40 ਲੱਖ ਰੁਪਏ ਦੀ ਲਾਗਤ ਨਾਲ ਕਰਵਾਈ ਗਈ। ਇਸ ਨੂੰ ਬੀਐੱਸਐੱਫ ਦੀ ਉਸ ਸਮੇਂ 153 ਬਟਾਲੀਅਨ ਦੇ ਸਪੁਰਦ ਕੀਤਾ ਗਿਆ ਸੀ। ਉਸ ਮੌਕੇ 'ਤੇ ਬੀਐੱਸਐੱਫ ਦੇ ਆਈਜੀ ਹਿੰਮਤ ਸਿੰਘ, ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਗ੍ਰੰਥੀ ਗੋਬਿੰਦ ਸਿੰਘ ਤੋਂ ਇਲਾਵਾ ਪਾਕਿਸਤਾਨ ਦੇ ਰੇਂਜਰ ਵੀ ਮੌਜੂਦ ਸਨ। ਬਾਬਾ ਸੁਖਦੀਪ ਸਿੰਘ ਬੇਦੀ ਨੇ ਦੱਸਿਆ ਕਿ ਦਰਸ਼ਨ ਸਥੱਲ ਵਿਖੇ ਰੋਜ਼ਾਨਾ ਨਾਨਕ ਨਾਮ ਲੇਵਾ ਸੰਗਤਾਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦੂਰਬੀਨ ਨਾਲ ਦਰਸ਼ਨ ਕਰਨ ਆਉਂਦੀਆਂ ਹਨ। ਇਸ ਸਥੱਲ 'ਤੇ ਪਿਛਲੇ ਸਮੇਂ ਤੋਂ 20 ਦੇ ਕਰੀਬ ਦੂਰਬੀਨਾਂ ਲਾਈਆਂ ਜਾ ਚੁੱਕੀਆਂ ਹਨ। ਇਸ ਦਰਸ਼ਨ ਸਥੱਲ 'ਤੇ ਵੀਆਈਪੀ ਰੂਮ, ਕੰਟੀਨ, ਵਿਸ਼ਰਾਮ ਘਰ, ਪਖਾਨੇ, ਬਾਥਰੂਮ ਆਦਿ ਦੀ ਉਸਾਰੀ ਕੀਤੀ ਜਾ ਚੁੱਕੀ ਹੈ। ਪਾਕਿ 'ਚ ਸਥਿਤ ਲਾਹੌਰ ਤੋਂ ਇਹ ਅਸਥਾਨ ਤਕਰੀਬਨ 120 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ ਅਤੇ ਵੀਜ਼ਾ ਪਾਸਪੋਰਟ ਨਾਲ ਪਹੁੰਚਣ ਲਈ ਕਰੀਬ 4 ਘੰਟੇ ਦਾ ਸਮਾਂ ਲੱਗਦਾ ਹੈ, ਜਦਕਿ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਭਾਰਤ-ਪਾਕਿਸਤਾਨ ਸਰਹੱਦ ਤੋਂ ਭਾਰਤ ਵਾਲੇ ਪਾਸਿਓਂ ਸਿਰਫ 4 ਕਿਲੋਮੀਟਰ ਦੀ ਦੂਰੀ' ਤੇ ਸਥਿਤ ਹੈ। ਜਦਕਿ ਇਸ ਲਾਂਘੇ ਤੋਂ ਸ੍ਰੀ ਕਰਤਾਰਪੁਰ ਸਾਹਿਬ ਪੈਦਲ ਜਾਣ ਲਈ ਰਾਵੀ ਦਰਿਆ ਅਤੇ ਵੇਈਂ ਨਦੀ ਪਾਰ ਕਰ ਕੇ ਜਾਣਾ ਪਵੇਗਾ।

ਬਾਬਾ ਸੁਖਦੀਪ ਸਿੰਘ ਬੇਦੀ।

ਦੂਰਬੀਨ ਨਾਲ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਦੀਆਂ ਹੋਈਆਂ ਸੰਗਤਾਂ।

ਲਾਂਘਾ ਖੁੱਲ੍ਹਣ 'ਤੇ ਵਰਤੀ ਜਾਵੇਗੀ ਚੌਕਸੀ : ਡੀਆਈਜੀ

ਬੀਐੱਸਐੱਫ ਦੇ ਸੈਕਟਰ ਗੁਰਦਾਸਪੁਰ ਦੇ ਡੀਆਈਜੀ ਰਾਜੇਸ਼ ਸ਼ਰਮਾ ਨੇ ਕਿਹਾ ਕਿ ਜੇਕਰ ਭਾਰਤ ਪਾਕਿਸਤਾਨ ਦੋਵਾਂ ਦੇਸ਼ਾਂ ਵਿਚਾਲੇ ਲਾਂਘਾ ਖੋਲ੍ਹਣ ਲਈ ਕੋਈ ਸਹਿਮਤੀ ਬਣਦੀ ਹੈ ਤਾਂ ਬੀਐੱਸਐੱਫ ਦੇਸ਼ ਦੀ ਸੁਰੱਖਿਆ 'ਤੇ ਕੋਈ ਆਂਚ ਨਹੀਂ ਆਉਣ ਦੇਵੇਗੀ ਤੇ ਪੂਰੀ ਚੌਕਸੀ ਵਰਤ ਕੇ ਦੇਸ਼ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਦਰਸ਼ਨ ਸਥੱਲ ਤੋਂ ਸੈਂਕੜੇ ਸੰਗਤਾਂ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਦੀਆਂ ਹਨ।

ਡੇਰਾ ਬਾਬਾ ਨਾਨਕ ਨੂੰ ਦਿੱਤੀ ਜਾਵੇਗੀ ਨਵੀਂ ਦਿੱਖ

ਸਹਿਕਾਰਤਾ ਤੇ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਉਹ ਭਾਗਾਂ ਵਾਲੇ ਹਨ, ਜਿਨ੍ਹਾਂ ਦੀ ਨਗਰੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਹੈ। ਉਨ੍ਹਾਂ ਕਿਹਾ ਕਿ 550ਵੇਂ ਪ੍ਰਕਾਸ਼ ਪੁਰਬ ਸਬੰਧੀ ਡੇਰਾ ਬਾਬਾ ਨਾਨਕ ਨੂੰ ਨਵੀਂ ਦਿੱਖ ਦੇਣ ਲਈ 159 ਕਰੋੜ ਰੁਪਏ ਦਾ ਅਨੁਮਾਨ ਲਗਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਡੇਰਾ ਬਾਬਾ ਨਾਨਕ 'ਚ ਭਾਈ ਬਾਲਾ ਤੇ ਭਾਈ ਮਰਦਾਨਾ ਦੀ ਯਾਦ 'ਚ ਗੇਟ ਤੇ ਬਾਬਾ ਬੁੱਢਾ ਸਾਹਿਬ ਯਾਦਗਰੀ ਮਾਰਗ ਦੀ ਉਸਾਰੀ ਕੀਤੀ ਜਾਵੇਗੀ।

ਮੋਦੀ ਸਰਕਾਰ ਦੇ ਫ਼ੈਸਲੇ ਦੀ ਉਡੀਕ : ਬਾਜਵਾ

ਕਰਤਾਰਪੁਰ ਰਾਵੀ ਦਰਸ਼ਨ ਅਭਿਲਾਖੀ ਸੰਸਥਾ ਦੇ ਜਨਰਲ ਸਕੱਤਰ ਗੁਰਿੰਦਰ ਸਿੰਘ ਬਾਜਵਾ ਨੇ ਗੱਲਬਾਤ ਕਰਦਿਆਂ ਕਿਹਾ ਕਿ ਪਾਕਿਸਤਾਨ ਦੇ ਲਾਂਘਾ ਖੋਲ੍ਹਣ ਦੇ ਹਾਂ ਪੱਖੀ ਵਤੀਰੇ ਤੋਂ ਬਾਅਦ ਵੀ ਭਾਰਤ ਸਰਕਾਰ ਨੇ ਚੁੱਪੀ ਵੱਟੀ ਹੋਈ ਹੈ ਅਤੇ ਸਮੁੱਚੀ ਨਾਨਕ ਨਾਮ ਲੇਵਾ ਸੰਗਤ ਮੋਦੀ ਸਰਕਾਰ ਦੇ ਫੈਸਲੇ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੀ ਹੈ।

ਸ਼੍ਰੋਮਣੀ ਕਮੇਟੀ ਸਰਕਾਰਾਂ ਨਾਲ ਕਰੇਗੀ ਤਾਲਮੇਲ: ਲੌਂਗੋਵਾਲ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਡੇਰਾ ਬਾਬਾ ਨਾਨਕ ਸਥਿਤ ਕੌਮਾਂਤਰੀ ਸਰਹੱਦ 'ਤੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਬਿਨਾਂ ਵੀਜ਼ਾ ਤੇ ਪਾਸਪੋਰਟ ਦੇ ਲਾਂਘਾ ਖੋਲ੍ਹਣ ਸਬੰਧੀ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲਿਖਤੀ ਤੌਰ 'ਤੇ ਜਾਣੂ ਕਰਵਾ ਚੁੱਕੀ ਹੈ ਅਤੇ ਲਾਂਘੇ ਨੂੰ ਖੋਲ੍ਹਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਲਾਂਘੇ ਸਬੰਧੀ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨਾਲ ਤਾਲਮੇਲ ਬਣਾ ਕੇ ਕਰਕੇ ਲਾਂਘਾ ਖੋਲ੍ਹਣ ਸਬੰਧੀ ਮੰਗ ਕਰੇਗੀ।

ਸੰਗਤ ਦੇ ਹੁੰਗਾਰੇ ਨੇ ਛੇੜੀ ਲਾਂਘੇ ਦੀ ਲਹਿਰ

—ਬੀਐੱਸ ਗੁਰਾਇਆ

ਮੇਰਾ ਪਿੰਡ ਅਲਾਵਲਪੁਰ ਹੈ, ਜੋ ਕਿ ਸਰਹੱਦ 'ਤੇ ਸਥਿਤ ਹੈ। ਹਾਲਾਂਕਿ ਕਰਤਾਰਪੁਰ ਸਾਹਿਬ ਤੋਂ 9 ਕਿਲੋਮੀਟਰ ਹੱਟਵਾਂ ਹੈ ਪਰ 1971 ਦੀ ਜੰਗ ਤੋਂ ਪਹਿਲਾਂ ਮੇਰੇ ਪਿੰਡ ਤੋਂ ਸ੍ਰੀ ਕਰਤਾਰਪੁਰ ਸਾਹਿਬ ਦਾ ਪੰਜ ਮੰਜ਼ਲੀ ਗੁੰਬਦ ਨਜ਼ਰ ਆਉਂਦਾ ਹੁੰਦਾ ਸੀ। ਮੇਰੇ ਨਾਨਕੇ ਵੀ ਕਰਤਾਰਪੁਰ ਲਾਗੇ ਦੇ ਸਨ। ਮੇਰੀ ਮਾਂ ਬੜੇ ਮਾਣ ਨਾਲ ਕਿਹਾ ਕਰਦੀ ਸੀ ਕਿ ਉਨ੍ਹਾਂ ਮਹਾਰਾਜਾ ਪਟਿਆਲਾ ਦੀਆਂ ਰਾਣੀਆਂ (ਕੈਪਟਨ ਅਮਰਿੰਦਰ ਸਿੰਘ ਦੀਆਂ ਦਾਦੀਆਂ) ਨਾਲ 1928-30 ਵਿਚ ਕਰਤਾਰਪੁਰ ਦੀ ਹੋਈ ਕਾਰਸੇਵਾ ਵਿਚ ਹਿੱਸਾ ਲਿਆ ਸੀ। ਲਗਪਗ ਉਨ੍ਹਾਂ ਦਿਨਾਂ 'ਚ ਦਰਿਆ ਰਾਵੀ 'ਤੇ ਪੁਲ ਬਣਿਆ ਸੀ, ਜਿਸ ਬਾਬਤ ਇਲਾਕੇ ਵਿਚ ਕਈ ਦੰਦ ਕਥਾਵਾਂ ਮਸ਼ਹੂਰ ਸਨ।

1994 ਵਿਚ ਪਾਕਿਸਤਾਨ ਗੁਰੂਧਾਮਾਂ ਦੀ ਯਾਤਰਾ ਵਿਚ ਕਰੀਬ 3000 ਸ਼ਰਧਾਲੂ ਸ਼ਾਮਲ ਹੋਏ ਸਨ, ਜਥੇ ਦੀ ਅਗਵਾਈ ਮਨਜੀਤ ਸਿੰਘ ਕਲਕੱਤਾ ਸਕੱਤਰ ਸ਼੍ਰੋਮਣੀ ਕਮੇਟੀ ਨੇ ਕੀਤੀ ਸੀ। ਉਸ ਸਮੇਂ ਮੈਨੂੰ ਵੀ ਜਥੇ ਨਾਲ ਜਾਣ ਦਾ ਸੁਭਾਗ ਪ੍ਰਾਪਤ ਹੋਇਆ ਸੀ। ਉਸ ਵੇਲੇ ਮੈਂ ਈਐੱਸਆਈ ਵਿਚ ਬਤੌਰ ਮੈਨੇਜਰ ਬਟਾਲਾ ਵਿਖੇ ਡਿਊਟੀ ਨਿਭਾਅ ਰਿਹਾ ਸਾਂ।

ਅਟਾਰੀ ਤੋਂ ਦੁਪਿਹਰ ਦੀ ਚੱਲੀ ਰੇਲ ਅਗਲੀ ਸਵੇਰ 4 ਵਜੇ ਪੰਜਾ ਸਾਹਿਬ ਪਹੁੰਚੀ। ਵੈਸਾਖੀ (14 ਅਪ੍ਰੈਲ 1994) ਨੂੰ ਬੇਨਜ਼ੀਰ ਭੁੱਟੋ ਸਰਕਾਰ ਦੇ ਵਜ਼ੀਰ ਫਤਹਿ ਮੁਹੰਮਦ ਹਸਨੀ (ਬਲੋਚ) ਤੇ ਓਕਾਫ ਬੋਰਡ ਦੇ ਉਚ ਅਧਿਕਾਰੀ ਪੰਜਾ ਸਾਹਿਬ ਵਿਖੇ ਪਹੁੰਚੇ। ਹਸਨੀ ਜਦੋਂ ਸੰਗਤ ਨੂੰ ਸੰਬੋਧਨ ਕਰ ਰਿਹਾ ਸੀ ਤਾਂ ਉਸ ਨੂੰ ਕੋਈ ਵੀ ਸੁਣਨ ਨੂੰ ਤਿਆਰ ਨਹੀਂ ਸੀ। ਜ਼ਿਆਦਾਤਰ ਸੰਗਤ ਖੜ੍ਹੀ ਸੀ। ਮੈਂ ਕਲਕੱਤਾ ਸਾਬ੍ਹ ਨੂੰ ਸੁਚੇਤ ਕੀਤਾ ਕਿ ਇਹ ਅਗਲੇ ਦੀ ਬੇਇਜ਼ਤੀ ਹੋ ਰਹੀ ਹੈ। ਕਲਕੱਤੇ ਨੇ ਮੈਨੂੰ ਹੁਕਮ ਕਰ ਦਿੱਤਾ ਕਿ ਤੂੰ ਬਿਠਾ ਕੇ ਵੇਖ ਲੈ ਜੇ ਕੋਈ ਬਹਿੰਦਾ ਹੈ ਤਾਂ। ਮੈਂ ਵਜ਼ੀਰ ਨੂੰ ਬੇਨਤੀ ਕਰ ਕੇ ਮਾਈਕ ਆਪਣੇ ਹੱਥ ਲਿਆ ਤੇ ਸੰਗਤ ਨੂੰ ਵਜ਼ੀਰ ਦੀ ਅਹਿਮੀਅਤ ਬਾਰੇ ਦੱਸਿਆ। ਸੰਗਤ ਬਹਿ ਗਈ ਤੇ ਬੜੇ ਪਿਆਰ ਸਤਿਕਾਰ ਨਾਲ ਪਾਕਿਸਤਾਨੀ ਵਜ਼ੀਰ ਦੀ ਗੱਲ ਸੁਣੀ।

ਇਸ ਦੀਵਾਨ ਤੋਂ ਬਾਅਦ ਗੁਰਦੁਆਰਾ ਸਾਹਿਬ ਵੱਲੋਂ ਪਾਕਿਸਤਾਨੀ ਅਧਿਕਾਰੀਆਂ ਅਤੇ ਜਥੇ ਦੇ ਮੁਖੀਆਂ ਲਈ ਚਾਹ ਪਾਣੀ ਦਾ ਇੰਤਜਾਮ ਕੀਤਾ ਹੋਇਆ ਸੀ। ਪਾਕਿਸਤਾਨੀ ਅਫਸਰਾਂ ਦੇ ਕਹਿਣ 'ਤੇ ਮੈਨੂੰ ਵੀ ਸ਼ਾਮਲ ਕਰ ਲਿਆ ਗਿਆ। ਮੈਂ ਉਸ ਅਫਸਰ ਦਾ ਨਾਂ ਭੁੱਲ ਚੁੱਕਾ ਹਾਂ ਜਿਸ ਨੇ ਸ੍ਰੀ ਕਰਤਾਰਪੁਰ ਬਾਰੇ ਬਹੁਤ ਦਿਲਚਸਪੀ ਦਿਖਾਈ। ਚਾਹ ਪਾਣੀ ਮੌਕੇ ਖੁੱਲ੍ਹੀਆਂ ਵਿਚਾਰਾਂ ਹੋ ਰਹੀਆਂ ਸਨ, ਕੀ ਸਿੱਖਾਂ ਦੇ ਪਾਕਿਸਤਾਨ ਨਾਲ ਸੰਬੰਧ ਕਿਵੇਂ ਬੇਹਤਰ ਹੋਣ। ਇਸ ਦੌਰਾਨ ਸਿੱਖ ਜਥੇ 'ਚੋਂ ਇਕ ਜਣੇ ਨੇ ਟਿੱਪਣੀ ਕਰਦਿਆਂ ਕਿਹਾ ਕਿ ਹੁਣ ਸਿੱਖਾਂ ਨੂੰ ਸਮਝ ਆ ਗਈ ਹੈ ਕਿ ਹਕੂਮਤ ਕੁਝ ਹੋਰ ਹੁੰਦੀ ਹੈ ਤੇ ਮਜ਼੍ਹਬ ਕੁਝ ਹੋਰ। ਉਸ ਦਾ ਕਹਿਣਾ ਸੀ ਕਿ ਅੱਜ ਸਿੱਖਾਂ ਨੂੰ ਪਤਾ ਲੱਗ ਚੁੱਕਾ ਹੈ ਕਿ ਔਰੰਗਜੇਬ ਤੇ ਆਮ ਮੁਸਲਮਾਨ ਵਿਚ ਕੀ ਫਰਕ ਹੁੰਦਾ ਹੈ। ਉਥੇ ਵਿਚਾਰ ਪ੍ਰਗਟ ਕਰਦਿਆਂ ਮੈਂ ਦੱਸਿਆ ਕਿ ਸਮਾਜਿਕ ਪੱਧਰ 'ਤੇ ਸਿੱਖ ਹਿੰਦੂਆਂ ਦੇ ਬਹੁਤ ਨੇੜੇ ਹਨ। ਇਸ ਮੌਕੇ ਮੈਂ ਸੁਝਾਅ ਦਿੱਤਾ ਕਿ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ ਮੁਸਲਮਾਨਾ ਕਬਰ ਹੈ ਉਹ ਵੀ ਸਿੱਖਾਂ ਨੂੰ ਵਿਖਾਇਆ ਕਰੋ। ਜਿਵੇ ਹੀ ਅਸਾਂ ਇਹ ਸੁਝਾਅ ਦਿਤਾ ਤਾਂ ਪਾਕਿਸਤਾਨੀ ਟੀਮ ਸੁਣ ਕੇ ਅਚੰਭੇ ਵਿਚ ਪੈ ਗਈ ਕਿ ਬਾਬੇ ਦੀ ਕਬਰ ਵੀ ਹੈਗੀ ਆ ਅਤੇ ਉਹ ਵੀ ਪਾਕਿਸਤਾਨ ਵਿਚ, ਉਨ੍ਹਾਂ ਸਾਡੇ ਕੋਲੋਂ ਸਾਰੀ ਤਫਸੀਲ ਹਾਸਲ ਕੀਤੀ। ਪਾਕਿਸਤਾਨੀਆਂ ਦੇ ਤਾਂ ਇਕ ਤਰਾਂ ਨਾਲ ਕੰਨ ਖੜ੍ਹੇ ਹੋ ਗਏ।

ਪਾਕਿਸਤਾਨ ਨੇ 1995 ਤੇ 1997 ਵਿਚ ਸ੍ਰੀ ਕਰਤਾਰਪੁਰ ਸਾਹਿਬ ਦੀ ਕਾਰਸੇਵਾ ਕਰਵਾਈ ਪਰ ਪੰਜ ਮੰਜਿਲਾ ਗੁੰਬਦ ਨੂੰ ਤਿੰਨ ਮੰਜਿਲਾ ਕਰ ਦਿੱਤਾ ਗਿਆ। ਇਸ ਤੋਂ ਬਾਅਦ ਜਦੋਂ ਵੀ ਜਥਾ ਪਾਕਿਸਤਾਨ ਜਾਂਦਾ ਤਾਂ ਪਾਕਿ ਸਰਕਾਰ ਇਹੋ ਐਲਾਨ ਕਰਦੀ ਕਿ ਪਾਕਿ ਸਰਕਾਰ ਲਾਂਘਾ ਖੋਲ੍ਹਣ 'ਤੇ ਵਿਚਾਰ ਕਰ ਰਹੀ ਹੈ। ਅਜਿਹੀ ਇਕ ਖਬਰ 1999 ਵਿਚ ਡੇਰਾ ਬਾਬਾ ਨਾਨਕ ਦੇ ਸੋਹਣ ਸਿੰਘ ਖਾਸਾਂਵਾਲੀ ਨੇ ਲਾਈ ਪਰ ਕੋਈ ਵੀ ਸਿੱਖ ਲੀਡਰ ਇਸ ਪਾਸੇ ਧਿਆਨ ਨਹੀ ਸੀ ਦੇ ਰਿਹਾ।

ਫਿਰ 4 ਦਸੰਬਰ ਸੰਨ 2000 ਨੂੰ ਅਜੀਤ ਅਖਬਾਰ ਦੇ ਧਰਮ ਤੇ ਵਿਰਸਾ ਸਪਲੀਮੈਂਟ ਵਿਚ ਹਰਪਾਲ ਸਿੰਘ ਭੁੱਲਰ ਫਿਰੋਜ਼ਪੁਰ ਦਾ ਲੇਖ ਛੱਪਿਆ, ਜਿਸ ਨੇ ਸਾਫ ਇਸ਼ਾਰਾ ਦਿੱਤਾ ਕਿ ਪਾਕਿਸਤਾਨ ਕਰਤਾਰਪੁਰ ਸਾਹਿਬ ਨੂੰ ਨਿਰਾ ਖੋਲ ਹੀ ਨਹੀ ਰਿਹਾ, ਲਾਂਘਾ ਵੀ ਦੇ ਸਕਦਾ ਹੈ। ਕੋਈ ਵੀ ਇਸ ਅੰਦੋਲਨ ਵਿਚ ਪੈਰ ਪਾਉਣ ਨੂੰ ਤਿਆਰ ਨਹੀਂ ਸੀ। 'ਅਕਾਲ ਪੁਰਖ ਕੀ ਫੌਜ' ਅੰਮ੍ਰਿਤਸਰ ਜੱਥੇ ਨੇ ਪਹਿਲਾਂ ਤਾਂ ਹਾਮੀ ਭਰੀ ਪਰ ਬਾਅਦ ਵਿਚ ਉਸ ਨੇ ਵੀ ਪੈਰ ਪਿੱਛੇ ਖਿੱਚ ਲਏ। ਜਿਵੇਂ ਕਿ ਹਰ ਸਰਕਾਰੀ ਮੁਲਾਜ਼ਮ ਸਿਆਸੀ ਕੰਮਾਂ ਤੋਂ ਡਰਦਾ ਹੈ, ਮੈਂ ਵੀ ਹੱਦ ਦਰਜੇ ਦਾ ਡਰਪੋਕ ਸੀ। ਫਰਵਰੀ 2001 ਵਿਚ ਅਕਾਲ ਤਖਤ ਸਾਹਿਬ ਤੇ ਕੋਈ ਬਾਦਲ ਵਿਰੋਧੀ ਇਕੱਠ ਹੋਇਆ ਸੀ। ਅਸੀਂ ਉਥੇ ਪੁੱਜ ਕੇ ਲੀਡਰਾਂ ਨਾਲ ਗੱਲ ਕਰਨੀ ਚਾਹੀ ਪਰ ਕਿਤੇ ਦਾਲ ਨਾ ਗਲੀ। ਜਦੋਂ ਅਸੀਂ ਜੋੜਾ ਘਰ ਪਹੁੰਚੇ ਤਾਂ ਜਥੇਦਾਰ ਕੁਲਦੀਪ ਸਿੰਘ ਵਡਾਲਾ ਨਾਲ ਮੇਲ ਹੋ ਗਿਆ। ਜਦ ਉਨ੍ਹਾਂ ਨੂੰ ਬੇਨਤੀ ਕੀਤੀ ਤਾਂ ਉਨ੍ਹਾਂ ਸਾਨੂੰ ਜਲੰਧਰ ਆ ਕੇ ਮਿਲਣ ਲਈ ਕਿਹਾ। ਜਲੰਧਰ ਮਿਲਣ ਉਪਰੰਤ ਉਨ੍ਹਾਂ ਕਿਹਾ ਕਿ ਇਹ ਫੈਸਲਾ ਲੈਣ ਲਈ ਜਥੇ ਦੇ ਬਾਕੀ ਮੈਂਬਰਾਂ ਨਾਲ ਵੀ ਸਲਾਹ ਕਰਨੀ ਹੋਵੇਗੀ। ਸਾਨੂੰ ਕਹਿਣ ਲੱਗੇ ਕਿ ਤੁਸੀਂ 28 ਫਰਵਰੀ ਨੂੰ ਬੁਰਜ ਸਾਹਿਬ ਧਾਰੀਵਾਲ ਪਹੁੰਚੋ। ਵਡਾਲਾ ਸਾਹਿਬ ਨੇ ਤਾਂ ਬੁਰਜ ਸਾਹਿਬ ਇਕ ਤਰ੍ਹਾਂ ਨਾਲ ਨਾਂਹ ਕਰ ਦਿੱਤੀ ਪਰ ਨਾਲ ਹੀ ਸਾਨੂੰ ਮੌਕਾ ਬਖਸ਼ ਦਿੱਤਾ ਕਿ ਸੰਗਤ ਨਾਲ ਵੀ ਗੱਲ ਕਰ ਲਓ। ਅਸੀਂ ਜਿਵੇਂ ਸੰਗਤ ਨੂੰ ਖਬਰ ਸੁਣਾਈ ਕਿ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਖੁੱਲ੍ਹਣ ਦੀ ਸੰਭਾਵਨਾ ਬਣੀ ਹੈ ਤਾਂ ਸੰਗਤ ਨੇ ਸਾਨੂੰ ਹੱਥਾਂ 'ਚ ਚੁੱਕ ਲਿਆ। ਸੰਗਤ ਦਾ ਅਜਿਹਾ ਜਵਾਬ ਵੇਖ ਵਡਾਲਾ ਸਾਹਿਬ ਬਾਗੋ ਬਾਗ ਹੋ ਗਏ ਤੇ ਸ੍ਰੀ ਕਰਤਾਰਪੁਰ ਲਈ ਅੰਦੋਲਨ ਵਾਸਤੇ ਤਿਆਰ ਹੋ ਗਏ।

30 ਮਾਰਚ 2001 ਨੂੰ ਫਿਰ ਕਰਤਾਰਪੁਰ ਰਾਵੀ ਦਰਸ਼ਨ ਅਭਿਲਾਖੀ ਸੰਸਥਾ ਦਾ ਗਠਨ ਕੀਤਾ ਤੇ 14 ਅਪ੍ਰੈਲ 2001 ਨੂੰ ਡੇਰਾ ਬਾਬਾ ਨਾਨਕ ਇਕੱਠ ਕਰ ਕੇ ਪਹਿਲੀ ਅਰਦਾਸ ਕੀਤੀ ਗਈ। ਉਸ ਦਿਨ ਅਕਾਲ ਪੁਰਖ ਕੀ ਫੌਜ ਜਥੇ ਨੇ ਵੀ ਅਰਦਾਸ ਕੀਤੀ। ਸੁੱਤੇ ਪਏ ਕਸਬੇ ਵਿਚ ਜੋਸ਼ ਠਾਠਾਂ ਮਾਰ ਰਿਹਾ ਸੀ। 'ਸੇਵਕ ਕਉ ਸੇਵਾ ਬਨਿ ਆਈ' ਦੇ ਮਹਾਵਾਕ ਅਨੁਸਾਰ ਉਸ ਤੋਂ ਬਾਅਦ ਅਰਦਾਸਾਂ ਦਾ ਸਿਲਸਿਲਾ ਵਡਾਲਾ ਸਾਹਿਬ ਨੇ ਆਖਰੀ ਸਵਾਸਾਂ 5 ਜੂਨ 2018 ਤਕ ਨਿਭਾਇਆ, ਜੋ ਉਨਾਂ ਤੋਂ ਬਾਅਦ ਨਿਰੰਤਰ ਜਾਰੀ ਹੈ।

ਸਿੱਖ ਰਾਜ ਦਾ ਅਦੁੱਤੀ ਜਰਨੈਲ ਹਰੀ ਸਿੰਘ ਨਲੂਆ

ਭਗਵਾਨ ਸਿੰਘ ਜੌਹਲ

ਸਿੱਖ ਰਾਜ ਦੇ ਥੰਮ੍ਹ ਅਤੇ ਅਦੁੱਤੀ ਜਰਨੈਲ ਸ: ਹਰੀ ਸਿੰਘ ਨਲੂਆ ਦੀ ਸ਼ਹਾਦਤ ਸਮੇਂ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਅੱਥਰੂ ਕੇਰਦਿਆਂ ਕਿਹਾ ਸੀ-ਜੇ ਮੈਂ ਲਗਾਤਾਰ ਹਰ ਯੁੱਧ ਵਿਚ ਫ਼ਤਹਿ ਪ੍ਰਾਪਤ ਕੀਤੀ ਹੈ ਤਾਂ ਉਹ ਕੇਵਲ ਇਸ ਅਦੁੱਤੀ ਜਰਨੈਲ ਦੀ ਬਦੌਲਤ ਹੀ ਹੈ। ਸ਼ੇਰ-ਏ-ਪੰਜਾਬ ਦੀ ਫੌਜ ਦੇ ਇਸ ਅਣਖੀਲੇ ਜਰਨੈਲ ਦਾ ਜਨਮ 1791 ਈ: ਵਿਚ ਗੁਜਰਾਂਵਾਲਾ ਨਿਵਾਸੀ ਸ: ਗੁਰਦਿਆਲ ਸਿੰਘ ਦੇ ਗ੍ਰਹਿ ਵਿਖੇ ਬੀਬੀ ਧਰਮ ਕੌਰ ਦੀ ਕੁੱਖ ਤੋਂ ਹੋਇਆ। ਸ: ਹਰੀ ਸਿੰਘ ਦਾ ਦਾਦਾ ਸ: ਹਰਦਾਸ ਸਿੰਘ ਅਹਿਮਦ ਸ਼ਾਹ ਅਬਦਾਲੀ ਨਾਲ ਲੜਦਾ ਹੋਇਆ 1762 ਈ: ਵਿਚ ਸ਼ਹੀਦ ਹੋਇਆ ਸੀ। ਇਨ੍ਹਾਂ ਦੇ ਪਿਤਾ ਸ: ਗੁਰਦਿਆਲ ਸਿੰਘ ਨੇ ਸ਼ੁਕਰਚਕੀਆ ਮਿਸਲ ਦੀਆਂ ਬਹੁਤ ਸਾਰੀਆਂ ਜੰਗੀ ਮੁਹਿੰਮਾਂ ਵਿਚ ਵੱਡਾ ਯੋਗਦਾਨ ਪਾਇਆ ਸੀ। ਇਸ ਪ੍ਰਕਾਰ ਸ: ਹਰੀ ਸਿੰਘ ਨੂੰ ਬਹਾਦਰੀ ਅਤੇ ਸ਼ਹਾਦਤ ਦੀ ਗੁੜ੍ਹਤੀ ਵਿਰਸੇ ਵਿਚ ਹੀ ਮਿਲੀ ਸੀ। ਜਦੋਂ ਆਪ ਅਜੇ 7 ਕੁ ਸਾਲ ਦੇ ਹੀ ਸਨ ਤਾਂ ਪਿਤਾ ਜੀ ਅਕਾਲ ਪੁਰਖ ਵਾਹਿਗੁਰੂ ਦੀ ਗੋਦ ਵਿਚ ਜਾ ਬਿਰਾਜੇ। ਬਚਪਨ ਦੇ ਸਾਲ ਆਪਣੇ ਮਾਮਾ ਜੀ ਕੋਲ ਰਹਿ ਕੇ ਬਤੀਤ ਕੀਤੇ। ਘੋੜਸਵਾਰੀ ਅਤੇ ਸ਼ਸਤਰ-ਵਿੱਦਿਆ ਦਾ ਸ਼ੌਕ ਵਿਰਸੇ ਵਿਚੋਂ ਹੀ ਮਿਲਿਆ ਸੀ। 1805 ਈ: ਵਿਚ 15 ਸਾਲ ਦੇ ਇਸ ਮੁੱਛ-ਫੁੱਟ ਗੱਭਰੂ ਨੂੰ ਲਾਹੌਰ ਵਿਖੇ ਬਸੰਤ ਦਰਬਾਰ ਵਿਚ ਆਪਣੇ ਕਰਤੱਵ ਵਿਖਾਉਣ ਦਾ ਮੌਕਾ ਮਿਲਿਆ, ਜਦੋਂ ਸ: ਹਰੀ ਸਿੰਘ ਨੇ ਇਕ ਨਿਪੁੰਨ ਸੂਰਬੀਰ ਯੋਧੇ ਵਜੋਂ ਆਪਣੀ ਯੁੱਧ ਕਲਾ ਦੇ ਜੌਹਰ ਵਿਖਾਏ ਤਾਂ ਮਹਾਰਾਜਾ ਸਾਹਿਬ ਨੇ ਸ: ਹਰੀ ਸਿੰਘ ਨੂੰ ਛਾਤੀ ਨਾਲ ਲਾ ਕੇ ਇਕ ਕੈਂਠਾ ਪਹਿਨਾਇਆ। ਆਪਣੇ ਖਾਸ ਤੇ ਵਿਸ਼ੇਸ਼ ਫੌਜੀ ਦਸਤੇ ਵਿਚ ਸ਼ਾਮਿਲ ਕਰ ਲਿਆ।

ਸ: ਹਰੀ ਸਿੰਘ ਇਕ ਵਾਰ ਮਹਾਰਾਜੇ ਨਾਲ ਸ਼ੇਰ ਦਾ ਸ਼ਿਕਾਰ ਕਰਨ ਗਿਆ। ਬੜੀ ਫੁਰਤੀ ਨਾਲ ਸ: ਹਰੀ ਸਿੰਘ ਨੇ ਇਕ ਸ਼ੇਰ ਦਾ ਸ਼ਿਕਾਰ ਕੀਤਾ। ਇਸ ਬਹਾਦਰੀ ਨੂੰ ਦੇਖ ਕੇ ਮਹਾਰਾਜਾ ਸਾਹਿਬ ਨੇ ਇਨ੍ਹਾਂ ਨੂੰ 'ਨਲ' ਦਾ ਖਿਤਾਬ ਦਿੱਤਾ, ਕਿਉਂਕਿ ਜਿਸ ਨਿਡਰਤਾ ਨਾਲ 'ਰਾਜਾ ਨਲ' ਸ਼ੇਰ ਦਾ ਸ਼ਿਕਾਰ ਕਰਦਾ ਸੀ, ਉਸੇ ਤਰ੍ਹਾਂ ਹੀ ਸ: ਹਰੀ ਸਿੰਘ ਨੇ ਸ਼ੇਰ ਨੂੰ ਪਾਰ ਬੁਲਾਇਆ ਸੀ। ਇਸ ਤੋਂ ਪਿੱਛੋਂ 'ਨਲ' ਸ਼ਬਦ 'ਨਲਵਾ' ਜਾਂ 'ਨਲੂਆ' ਵਿਚ ਬਦਲ ਗਿਆ। ਇਸ ਤੋਂ ਬਾਅਦ ਵੱਖ-ਵੱਖ ਸਮੇਂ ਸ: ਹਰੀ ਸਿੰਘ ਨਲੂਆ ਨੇ ਆਪਣੀ ਬਹਾਦਰੀ ਦੇ ਜੌਹਰ ਵਿਖਾ ਕੇ ਬਾਕੀ ਬਹਾਦਰ ਸਾਥੀਆਂ ਨੂੰ ਮੂੰਹ ਵਿਚ ਉਂਗਲਾਂ ਲੈਣ ਲਈ ਮਜਬੂਰ ਕੀਤਾ। 1807 ਈ: ਵਿਚ ਕਸੂਰ ਦੀ ਫਤਹਿ ਸਮੇਂ ਅਤੇ 1810 ਈ: ਵਿਚ ਸਿਆਲਕੋਟ ਦੇ ਯੁੱਧ ਸਮੇਂ ਯੁੱਧ ਕਲਾ ਦੇ ਜੌਹਰ ਵਿਖਾਏ। ਇਸੇ ਸਾਲ ਮੁਲਤਾਨ ਦੀ ਲੜਾਈ ਸਮੇਂ ਸਰੀਰ ਉੱਪਰ ਡੂੰਘੇ ਜ਼ਖਮ ਵੀ ਲੱਗੇ। 1813 ਈ: ਵਿਚ ਹਜ਼ਰੋ ਵਿਖੇ ਪਠਾਣਾਂ ਨਾਲ ਵੀ ਯੁੱਧ ਕੀਤਾ। 1815 ਈ: ਕਸ਼ਮੀਰ ਦੇ ਅਰਧ-ਪਹਾੜੀ ਇਲਾਕਿਆਂ 'ਤੇ ਫਤਹਿ ਪ੍ਰਾਪਤ ਕੀਤੀ। ਇਸ ਤੋਂ ਪਿੱਛੋਂ ਪੂਰਾ ਕਸ਼ਮੀਰ ਕਬਜ਼ੇ ਵਿਚ ਕਰ ਲਿਆ। ਇਸ ਲੜਾਈ ਨੂੰ ਫਤਹਿ ਕਰਨ ਪਿੱਛੋਂ ਮਹਾਰਾਜੇ ਨੇ ਸ: ਹਰੀ ਸਿੰਘ ਨਲੂਆ ਨੂੰ ਕਸ਼ਮੀਰ ਦਾ ਗਵਰਨਰ ਬਣਾ ਦਿੱਤਾ। 1821 ਈ: ਵਿਚ ਉਨ੍ਹਾਂ ਹਜ਼ਰਾ ਖੇਤਰ ਦੇ ਅਫ਼ਗਾਨਾਂ ਦੇ ਇਲਾਕੇ ਨੂੰ ਪੱਕੇ ਤੌਰ 'ਤੇ ਜਿੱਤ ਲਿਆ। ਇਥੋਂ ਦੇ ਗਵਰਨਰ ਵੀ ਸ: ਨਲੂਆ ਨੂੰ ਹੀ ਬਣਾਇਆ ਗਿਆ। ਆਪਣੇ ਨਾਂਅ 'ਤੇ ਹੀ 'ਹਰੀਪੁਰ' ਨਗਰ ਵਸਾਇਆ। ਇਸ ਤੋਂ ਪਿੱਛੋਂ ਅਟਕ ਦਰਿਆ ਤੋਂ ਪਾਰ ਦੇ ਇਲਾਕੇ ਵਿਚ ਆਪਣੀ ਧਾਂਕ ਜਮਾਈ। ਆਪਣੀ ਬਹਾਦਰੀ ਨਾਲ ਇਸ ਇਲਾਕੇ 'ਤੇ ਵੀ ਅਧਿਕਾਰ ਪੱਕਾ ਕੀਤਾ। 1834 ਈ: ਵਿਚ ਪਿਸ਼ਾਵਰ ਨੂੰ ਜਿੱਤ ਕੇ ਸਿੱਖ ਰਾਜ ਦਾ ਝੰਡਾ ਲਹਿਰਾਇਆ। ਇਥੋਂ ਦੇ ਗਵਰਨਰ ਵੀ ਸ: ਨਲੂਆ ਨੂੰ ਹੀ ਬਣਾਇਆ ਗਿਆ। ਪਿਸ਼ਾਵਰ ਦੇ ਇਲਾਕੇ ਦੇ ਪਠਾਣ ਬੜੇ ਅੜਬ ਸੁਭਾਅ ਦੇ ਮਾਲਕ ਸਨ। ਇਨ੍ਹਾਂ ਪਠਾਣਾਂ ਨੇ ਵੀ ਆਖਰ ਸ: ਹਰੀ ਸਿੰਘ ਨਲੂਆ ਦੀ ਈਨ ਮੰਨੀ। ਨਲੂਆ ਦਾ ਨਾਂਅ ਸੁਣ ਕੇ ਪਠਾਣ ਲੋਕ ਭੱਜ ਜਾਂਦੇ ਸਨ। ਆਖਰ 1837 ਈ: ਵਿਚ ਦੋਸਤ ਮੁਹੰਮਦ ਖਾਨ ਨੇ ਸਿੱਖਾਂ ਵਿਰੁੱਧ ਜਹਾਦ ਖੜ੍ਹਾ ਕਰਨ ਦਾ ਨਾਅਰਾ ਦਿੱਤਾ। ਉਸ ਨੇ ਜਮਰੌਦ ਦੇ ਕਿਲ੍ਹੇ ਉੱਤੇ ਹਮਲਾ ਕਰ ਦਿੱਤਾ। ਇਸ ਹਮਲੇ ਦੀ ਅਗਵਾਈ ਉਸ ਦਾ ਲੜਕਾ ਅਕਬਰ ਖਾਨ ਕਰ ਰਿਹਾ ਸੀ। ਸਿੱਖ ਫੌਜਾਂ ਦੀ ਅਗਵਾਈ ਸ: ਹਰੀ ਸਿੰਘ ਨਲੂਆ ਕਰ ਰਿਹਾ ਸੀ। ਇਸ ਯੁੱਧ ਵਿਚ ਸ: ਨਲੂਆ ਨੇ ਲਾਸਾਨੀ ਯੁੱਧ ਕਲਾ ਵਿਖਾਈ, ਅਫ਼ਗਾਨੀਆਂ ਦੀ ਹਾਰ ਹੋਈ। ਸਿੱਖਾਂ ਨੇ ਉਨ੍ਹਾਂ ਤੋਂ 14 ਵੱਡੀਆਂ ਤੋਪਾਂ ਖੋਹ ਲਈਆਂ।

ਜਿੱਤ ਹੋਣ ਤੋਂ ਬਾਅਦ ਜਦੋਂ ਸਿੱਖ ਫੌਜ ਵਾਪਸ ਮੁੜ ਰਹੀ ਸੀ ਤਾਂ ਪਹਾੜੀ ਗੁਫ਼ਾ ਵਿਚ ਲੁਕੇ ਕੁਝ ਪਠਾਣਾਂ ਨੇ ਸ: ਹਰੀ ਸਿੰਘ ਨਲੂਆ ਉੱਪਰ ਗੋਲੀਆਂ ਦੀ ਬੁਛਾੜ ਕੀਤੀ। ਇਕ ਗੋਲੀ ਸ: ਨਲੂਆ ਦੀ ਛਾਤੀ ਵਿਚ, ਦੂਜੀ ਵੱਖੀ ਵਿਚ ਲੱਗੀ। ਜ਼ਖਮੀ ਯੋਧੇ ਨੇ ਆਪਣੇ ਘੋੜੇ ਨੂੰ ਜਮਰੌਦ ਦੇ ਕਿਲ੍ਹੇ ਵੱਲ ਮੋੜ ਲਿਆ। ਆਪਣਾ ਅੰਤ ਸਮਾਂ ਨੇੜੇ ਵੇਖਦਿਆਂ ਉਨ੍ਹਾਂ ਕਿਹਾ ਕਿ ਮੇਰੀ ਸ਼ਹਾਦਤ ਨੂੰ ਉਦੋਂ ਤੱਕ ਜੱਗ ਜ਼ਾਹਰ ਨਾ ਕੀਤਾ ਜਾਵੇ, ਜਦੋਂ ਤੱਕ ਸ਼ੇਰ-ਏ-ਪੰਜਾਬ ਫੌਜਾਂ ਸਮੇਤ ਕਿਲ੍ਹੇ ਵਿਚ ਨਹੀਂ ਪਹੁੰਚ ਜਾਂਦੇ। ਇਹ ਡਿਊਟੀ ਉਨ੍ਹਾਂ ਕਿਲ੍ਹੇਦਾਰ ਸ: ਮਹਾਂ ਸਿੰਘ ਦੀ ਲਾਈ।

ਇਸ ਤਰ੍ਹਾਂ ਸਿੱਖ ਰਾਜ ਦੀਆਂ ਹੱਦਾਂ ਨੂੰ ਵਧਾਉਂਦਿਆਂ 30 ਅਪ੍ਰੈਲ, 1837 ਈ: ਨੂੰ ਕੌਮ ਦੇ ਇਸ ਮਹਾਨ ਜਰਨੈਲ ਸ: ਹਰੀ ਸਿੰਘ ਨਲੂਆ ਨੇ ਸ਼ਹਾਦਤ ਦਾ ਜਾਮ ਪੀਤਾ। ਮਹਾਰਾਜੇ ਨੇ ਮਹਿਸੂਸ ਕੀਤਾ ਕਿ ਸਿੱਖ ਰਾਜ ਦਾ ਇਕ ਵੱਡਾ ਥੰਮ੍ਹ ਅੱਜ ਡਿੱਗ ਗਿਆ ਹੈ। ਜਦੋਂ ਸ: ਹਰੀ ਸਿੰਘ ਨਲੂਆ ਨੇ ਸ਼ਹਾਦਤ ਪ੍ਰਾਪਤ ਕੀਤੀ, ਉਸ ਸਮੇਂ ਉਹ 3,67,000 ਰੁਪਏ ਸਾਲਾਨਾ ਜਗੀਰ ਦਾ ਮਾਲਕ ਸੀ। ਅੱਜ ਵੀ ਇਸ ਮਹਾਨ ਜਰਨੈਲ ਨੂੰ ਸਮੁੱਚੇ ਵਿਸ਼ਵ ਵਿਚ ਵਸਣ ਵਾਲਾ ਹਰ ਸਿੱਖ ਸਤਿਕਾਰ ਤੇ ਸ਼ਰਧਾ ਨਾਲ ਯਾਦ ਕਰਦਾ ਹੈ। ਸਮੁੱਚੇ ਵਿਸ਼ਵ ਦੀਆਂ ਸੈਨਾਵਾਂ ਦੇ ਜਰਨੈਲ ਤੇ ਯੋਧੇ ਸ: ਨਲੂਆ ਨੂੰ ਆਪਣਾ ਪ੍ਰੇਰਨਾ ਸਰੋਤ ਮੰਨਦੇ ਹਨ। ਇਸ ਮਹਾਨ ਜਰਨੈਲ ਦੀ ਸ਼ਹਾਦਤ ਨੂੰ ਸਾਡਾ ਪ੍ਰਣਾਮ।

ਸਾਹਿਤਕ ਅਤੇ ਇਤਿਹਾਸਕ ਮਹੱਤਵ ਰੱਖਦੀ ਹੈ ਪਰਚੀ ਭਗਤ ਧੰਨਾ ਜੀ ਕੀ

ਡਾ. ਧਰਮ ਸਿੰਘ
ਮੋਬਾ: 98889-39808

ਭਗਤ ਧੰਨਾ ਜੀ ਬਾਰੇ ਦੱਸਿਆ ਜਾਂਦਾ ਹੈ ਕਿ ਉਹ ਵੀ ਕਬੀਰ ਜੀ ਦੀ ਤਰ੍ਹਾਂ ਭਗਤ ਰਾਮਾਨੰਦ ਦੇ ਚੇਲੇ ਸਨ। ਭਗਤ ਰਾਮਾਨੰਦ ਉੱਤਰੀ ਭਾਰਤ ਵਿਚ ਚੱਲੀ ਭਗਤੀ ਲਹਿਰ ਦੇ ਮੋਢੀ ਮੰਨੇ ਜਾਂਦੇ ਹਨ ਅਤੇ ਇਹ ਨਿਰਗੁਣ ਭਗਤੀ ਦੇ ਪ੍ਰਚਾਰਕ ਸਨ। ਪਰਚੀ ਸ਼ਬਦ ਸੰਸਕ੍ਰਿਤ ਦਾ ਤਦਭਵ ਰੂਪ ਹੈ, ਜਿਸ ਦਾ ਅਰਥ ਹੈ ਜਾਣ-ਪਛਾਣ। ਪਰਚੀ ਦੇ ਕਈ ਹੋਰ ਭਾਵਬੋਧਕ ਸ਼ਬਦ ਵੀ ਮਿਲਦੇ ਹਨ, ਜਿਵੇਂ ਸਾਖੀ, ਕਥਾ, ਮਸਲਾ ਅਤੇ ਜਨਮ ਸਾਖੀ ਪਰ ਇਨ੍ਹਾਂ ਸਾਰੇ ਸ਼ਬਦਾਂ ਵਿਚ ਕੁਝ ਸੂਖਮ ਭਾਂਤ ਦੇ ਅੰਤਰ ਵੀ ਹਨ। ਸਾਖੀਆਂ ਅਤੇ ਜਨਮ ਸਾਖੀਆਂ ਵਧੇਰੇ ਕਰਕੇ ਗੁਰੂ ਸਾਹਿਬਾਨ ਦੀਆਂ ਹਨ, ਮਸਲੇ ਇਸਲਾਮੀ ਸੂਫੀਆਂ, ਪੈਗੰਬਰਾਂ ਅਤੇ ਫਕੀਰਾਂ ਦੇ ਹਨ ਜਦਕਿ ਪਰਚੀਆਂ ਪ੍ਰਸਿੱਧ ਭਗਤਾਂ ਅਤੇ ਪ੍ਰਸਿੱਧ ਸਿੱਖਾਂ ਦੀਆਂ ਹਨ ਜਿਵੇਂ ਪਰਚੀ ਭਾਈ ਕਨ੍ਹਈਆ ਜੀ, ਪਰਚੀਆਂ ਭਗਤਾਂ ਦੀਆਂ ਅਤੇ ਪਰਚੀਆਂ ਭਾਈ ਅੱਡਣ ਸ਼ਾਹ ਆਦਿ। ਪਰਚੀ ਸ਼ਬਦ ਦੀ ਵਰਤੋਂ ਵਧੇਰੇ ਕਰਕੇ ਅੱਡਣਸ਼ਾਹੀ ਜਾਂ ਸੇਵਾਪੰਥੀ ਸਾਧੂਆਂ ਨੇ ਕੀਤੀ ਹੈ। ਇਹ ਕਵਿਤਾ ਵਿਚ ਵੀ ਮਿਲਦੀਆਂ ਹਨ ਅਤੇ ਵਾਰਤਕ ਵਿਚ ਵੀ। ਕੁਝ ਪਰਚੀਆਂ ਹਿੰਦੀ ਅਤੇ ਪੰਜਾਬੀ ਵਿਚ ਭਾਵਾਨੁਵਾਦ ਵੀ ਹੋਈਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਛੱਤੀ ਮਹਾਂਪੁਰਖਾਂ ਦੀ ਬਾਣੀ ਹੈ, ਜਿਸ ਵਿਚ ਗੁਰੂ ਸਾਹਿਬਾਨ ਤਾਂ ਕੇਵਲ ਛੇ ਹੀ ਹਨ, ਬਾਕੀ ਵਧੇਰੇ ਭਗਤ, ਭੱਟ ਅਤੇ ਗੁਰੂ ਘਰ ਦੇ ਨਿਕਟਵਰਤੀ ਹਨ। ਇਹ ਇਕ ਦਿਲਚਸਪ ਤੱਥ ਹੈ ਕਿ ਜਿਨ੍ਹਾਂ-ਜਿਨ੍ਹਾਂ ਭਗਤਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋ ਸਕੀ, ਉਹ ਸਿੱਖ ਸਾਹਿਤ, ਇਤਿਹਾਸ ਅਤੇ ਸੱਭਿਆਚਾਰ ਦੇ ਭਾਗ ਤਾਂ ਬਣੇ ਹੀ, ਨਾਲ ਅਮਰ ਵੀ ਹੋ ਗਏ। ਉਹ ਭਗਤ ਜਿਨ੍ਹਾਂ ਦੀ ਬਾਣੀ ਪ੍ਰਵਾਨ ਨਾ ਹੋ ਸਕੀ, ਉਹ ਸਮੇਂ ਦੀ ਧੂੜ ਵਿਚ ਗੁਆਚ ਗਏ। ਮੱਧਕਾਲੀ ਲੇਖਕਾਂ ਨੇ ਜਿਥੇ ਆਪੋ-ਆਪਣੇ ਢੰਗਾਂ ਨਾਲ ਗੁਰੂ ਸਾਹਿਬਾਨ ਪ੍ਰਤੀ ਸ਼ਰਧਾ ਅਤੇ ਸਤਿਕਾਰ ਪੇਸ਼ ਕੀਤਾ ਹੈ, ਉਥੇ ਭਗਤ ਵੀ ਉਨ੍ਹਾਂ ਦੀ ਨਜ਼ਰ ਵਿਚ ਰਹੇ ਹਨ, ਕਿਉਂਕਿ ਸਿੱਖਾਂ ਲਈ ਭਗਤ ਵੀ ਓਨੇ ਹੀ ਸਤਿਕਾਰ ਅਤੇ ਅਕੀਦਤ ਦੇ ਪਾਤਰ ਹਨ। ਇਨ੍ਹਾਂ ਲੇਖਕਾਂ ਦੀਆਂ ਲਿਖੀਆਂ ਪਰਚੀਆਂ ਅੱਜ ਸਾਡੇ ਕੋਲ ਪ੍ਰਕਾਸ਼ਿਤ ਅਤੇ ਹੱਥ-ਲਿਖਤ ਗ੍ਰੰਥਾਂ ਦੇ ਰੂਪ ਵਿਚ ਪ੍ਰਾਪਤ ਹਨ। ਹਥਲੇ ਲੇਖ ਵਿਚ ਅਸੀਂ ਕੇਵਲ ਭਗਤ ਧੰਨਾ ਜੀ ਬਾਰੇ ਲਿਖੀ ਇਕ ਪਰਚੀ ਨਾਲ ਪਾਠਕਾਂ ਦੀ ਜਾਣ-ਪਛਾਣ ਕਰਾ ਰਹੇ ਹਾਂ।

ਪ੍ਰੇਮ ਅੰਬੋਧ ਜਾਂ ਪਰਚੀਆਂ ਭਗਤਾਂ ਦੀਆਂ ਅਠਾਰ੍ਹਵੀਂ ਸਦੀ ਵਿਚ ਲਿਖਿਆ ਗਿਆ ਇਕ ਅਜਿਹਾ ਹੀ ਗ੍ਰੰਥ ਹੈ, ਜਿਸ ਵਿਚ 16 ਭਗਤਾਂ ਦੀਆਂ ਪਰਚੀਆਂ ਹਨ। ਇਨ੍ਹਾਂ ਦੇ ਰਚਣਹਾਰਿਆਂ ਨੇ ਆਪਣੇ ਪੂਰਵਜਾਂ ਕੋਲੋਂ ਜੋ-ਜੋ ਸਾਖੀਆਂ ਸੁਣੀਆਂ, ਉਹ ਆਪਣੀ ਦ੍ਰਿਸ਼ਟੀ ਅਨੁਸਾਰ ਕੁਟੀਬੱਧ ਕਰ ਦਿੱਤੀਆਂ। ਇਹ ਪਰਚੀਆਂ ਜੀਵਨੀ ਮੂਲਕ ਰਚਨਾਵਾਂ ਹਨ, ਜਿਨ੍ਹਾਂ ਵਿਚਲੇ ਪ੍ਰਸੰਗ ਜਾਂ ਤਾਂ ਪੂਰਬਕਾਲੀ ਪਰੰਪਰਾ ਵਿਚੋਂ ਲਏ ਗਏ ਹਨ ਜਾਂ ਫਿਰ ਉਸ ਵੇਲੇ ਦੀ ਪ੍ਰਚੱਲਿਤ ਵਿਧੀ ਅਨੁਸਾਰ ਭਗਤਾਂ ਦੀ ਬਾਣੀ ਵਿਚੋਂ ਆਤਮ ਕਥਨ ਲੈ ਕੇ ਉਨ੍ਹਾਂ ਦੁਆਲੇ ਸਾਖੀਆਂ ਜਾਂ ਕਥਾਵਾਂ ਬੁਣ ਦਿੱਤੀਆਂ ਗਈਆਂ ਹਨ। ਭਗਤ ਕਬੀਰ, ਭਗਤ ਨਾਮਦੇਵ, ਭਗਤ ਰਵਿਦਾਸ ਅਤੇ ਦੂਜੇ ਹੋਰ ਕਈ ਭਗਤਾਂ ਦੀਆਂ ਸਾਖੀਆਂ ਉਨ੍ਹਾਂ ਦੀ ਬਾਣੀ ਵਿਚੋਂ ਸੁਰਾਗ ਲੈ ਕੇ ਹੀ ਘੜੀਆਂ ਗਈਆਂ ਹਨ। ਪਰਚੀ ਭਗਤ ਧੰਨਾ ਜੀ ਕੀ ਦੇ ਕਰਤਾ ਬਾਰੇ ਵੱਖ-ਵੱਖ ਵਿਚਾਰ ਮਿਲਦੇ ਹਨ ਪਰ ਬਹੁਤੇ ਖੋਜਕਾਰ ਇਸ ਦਾ ਕਰਤਾ ਕੇਵਲ ਦਾਸ ਨੂੰ ਮੰਨਦੇ ਹਨ ਜੋ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀ ਦੱਸਿਆ ਜਾਂਦਾ ਹੈ। ਆਪਣੇ ਵਰਣਯ ਵਿਸ਼ੇ ਅਤੇ ਭਗਤਾਂ ਦੀਆਂ ਜੀਵਨੀਆਂ ਪੇਸ਼ ਕਰਨ ਵਾਲਾ ਇਹ ਗ੍ਰੰਥ ਕਾਫੀ ਲੋਕਪ੍ਰਿਆ ਰਿਹਾ ਹੈ, ਜਿਸ ਦਾ ਅਨੁਮਾਨ ਇਸ ਦੀਆਂ ਹੋਈਆਂ ਪ੍ਰਤਿਲਿਪੀਆਂ ਤੋਂ ਲਾਇਆ ਜਾ ਸਕਦਾ ਹੈ। ਭਗਤ ਧੰਨਾ ਜੀ ਕਿਸਾਨੀ ਪਰਿਵਾਰ ਨਾਲ ਸਬੰਧਤ ਰਾਜਪੂਤਾਨੇ ਦੇ ਜੱਟ ਭਾਈਚਾਰੇ ਵਿਚੋਂ ਸਨ, ਜਿਨ੍ਹਾਂ ਦਾ ਜਨਮ, ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਰਾਜਸਥਾਨ ਦੇ ਟਾਂਕ ਦੇ ਇਲਾਕੇ ਵਿਚ ਧੂਆਨ ਪਿੰਡ ਵਿਚ ਸੰਮਤ 1473 (ਈਸਵੀ ਸੰਨ 1416) ਨੂੰ ਹੋਇਆ। ਕੁਝ ਵਿਦਵਾਨ ਭਗਤ ਧੰਨਾ ਦਾ ਪਿਛੋਕੜ ਜੈਪੁਰ ਜ਼ਿਲ੍ਹੇ ਦੇ ਪਿੰਡ ਡਿੰਗੀ ਕਿਸ਼ਨਗੜ੍ਹ ਦੱਸਦੇ ਹਨ, ਜਿਥੇ ਉਨ੍ਹਾਂ ਦੇ ਬਜ਼ੁਰਗ ਪਿੰਡ ਧੂਆਨ ਵਿਚ ਜਾ ਵਸੇ ਸਨ। ਉਨ੍ਹਾਂ ਦਾ ਜੀਵਨ ਦਰਸ਼ਨ ਗੁਰਮਤਿ ਦਰਸ਼ਨ ਦੇ ਐਨ ਅਨੁਕੂਲ ਸੀ। ਇਸੇ ਲਈ ਆਪ ਦੇ ਤਿੰਨ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕਰਨ ਲਈ ਪ੍ਰਵਾਨ ਕੀਤੇ ਗਏ। ਇਨ੍ਹਾਂ ਸ਼ਬਦਾਂ ਵਿਚ ਜਿਥੇ ਪ੍ਰਭੂ ਭਗਤੀ ਉੱਪਰ ਬਲ ਹੈ, ਉਥੇ ਗ੍ਰਹਿਸਥੀ ਜੀਵਨ ਨੂੰ ਵੀ ਓਨਾ ਹੀ ਮਹੱਤਵ ਦਿੱਤਾ ਗਿਆ ਹੈ। ਧਨਾਸਰੀ ਰਾਗ ਵਿਚਲਾ ਭਗਤ ਧੰਨਾ ਦਾ ਇਕ ਸ਼ਬਦ ਇਸ ਤਰ੍ਹਾਂ ਲਗਦਾ ਹੈ ਜਿਵੇਂ ਪਰਮਾਤਮਾ ਨੂੰ ਦਿੱਤਾ ਗਿਆ ਮੰਗ ਪੱਤਰ ਹੋਵੇ। ਇਸ ਵਿਚ ਭਗਤ ਜੀ ਨੇ ਦਾਲ, ਸੀਧਾ, ਘਿਓ ਆਦਿ ਖਾਣ ਵਾਲੀਆਂ ਵਸਤਾਂ ਮੰਗੀਆਂ ਹਨ, ਉਥੇ ਪੈਰੀਂ ਪਹਿਨਣ ਲਈ ਜੁੱਤੀ, ਤਨ ਢਕਣ ਲਈ ਕੱਪੜਾ, ਦੁੱਧ ਪੀਣ ਲਈ ਲਵੇਰੀ ਗਾਂ, ਮੱਝ ਅਤੇ ਸਵਾਰੀ ਲਈ ਘੋੜੀ ਦਾ ਮੁਤਾਲਬਾ ਵੀ ਕੀਤਾ ਹੈ। ਇਨ੍ਹਾਂ ਸਾਰੀਆਂ ਵਸਤਾਂ ਨਾਲੋਂ ਵੱਧ ਅਹਿਮੀਅਤ ਵਾਲੀ ਘਰ ਦੀ ਗੀਹਨਿ (ਗ੍ਰਹਿਣੀ) ਭਾਵ ਪਤਨੀ ਹੈ, ਜਿਸ ਦੇ ਨਾਲ ਉਸ ਨੇ ਗ੍ਰਹਿਸਥੀ ਚਲਾਉਣੀ ਹੈ। ਦੀਨ ਅਤੇ ਦੁਨੀਆ ਦਾ ਇਹ ਅਤਿਅੰਤ ਸੋਹਣਾ ਸੁਮੇਲ ਹੈ, ਜਿਸ ਬਾਰੇ ਗੁਰੂ ਸਾਹਿਬਾਨ ਵਾਰ-ਵਾਰ ਤਾਕੀਦ ਕਰਦੇ ਹਨ। ਭਗਤ ਧੰਨਾ ਜੀ ਬਾਰੇ ਦੱਸਿਆ ਜਾਂਦਾ ਹੈ ਕਿ ਉਹ ਵੀ ਕਬੀਰ ਜੀ ਦੀ ਤਰ੍ਹਾਂ ਭਗਤ ਰਾਮਾਨੰਦ ਦੇ ਚੇਲੇ ਸਨ। ਭਗਤ ਰਾਮਾਨੰਦ ਉੱਤਰੀ ਭਾਰਤ ਵਿਚ ਚੱਲੀ ਭਗਤੀ ਲਹਿਰ ਦੇ ਮੋਢੀ ਮੰਨੇ ਜਾਂਦੇ ਹਨ ਅਤੇ ਇਹ ਨਿਰਗੁਣ ਭਗਤੀ ਦੇ ਪ੍ਰਚਾਰਕ ਸਨ। ਪ੍ਰਤੀਤ ਹੁੰਦਾ ਹੈ ਕਿ ਰਾਮਾਨੰਦ ਜੀ ਦੇ ਸੰਪਰਕ ਵਿਚ ਆਉਣ ਤੋਂ ਪਹਿਲਾਂ ਭਗਤ ਧੰਨਾ ਬੁੱਤ ਪ੍ਰਸਤ ਜਾਂ ਪੱਥਰ ਪੂਜ ਸਨ। ਮਗਰੋਂ ਉਨ੍ਹਾਂ ਦੇ ਜੀਵਨ ਵਿਚ ਵੀ ਬਦਲਾਅ ਆਇਆ ਅਤੇ ਉਹ ਨਿਰਗੁਣਵਾਪ ਬਣ ਗਏ। ਇਸ ਪਰਚੀ ਵਿਚ ਭਗਤ ਤ੍ਰਿਲੋਚਨ ਅਤੇ ਭਗਤ ਧੰਨਾ ਦੇ ਮੇਲ ਦੀ ਕਹਾਣੀ ਹੈ, ਜੋ ਇਤਿਹਾਸਕ ਤੌਰ 'ਤੇ ਸਹੀ ਨਹੀਂ ਪਰ ਇਸ ਤੋਂ ਭਗਤ ਤ੍ਰਿਲੋਚਨ ਦੀ ਮਾਣ ਪ੍ਰਤਿਸ਼ਠਾ ਦਾ ਪਤਾ ਜ਼ਰੂਰ ਲਗਦਾ ਹੈ। ਪਰਚੀ ਅਨੁਸਾਰ ਭਗਤ ਤ੍ਰਿਲੋਚਨ ਰੋਜ਼ ਸਰੋਵਰ ਉੱਪਰ ਜਾ ਕੇ ਇਸ਼ਨਾਨ ਉਪਰੰਤ ਠਾਕਰ ਦੀ ਪੂਜਾ ਅਰਚਨਾ ਕਰਦਾ ਸੀ। ਬਾਲਕ ਧੰਨਾ ਉਸ ਨੂੰ ਅਜਿਹਾ ਕਰਦਿਆਂ ਦੇਖਦਾ ਤੇ ਉਸ ਦੇ ਮਨ ਵਿਚ ਵੀ ਅਜਿਹਾ ਕਰਨ ਦੀ ਇੱਛਾ ਜਾਗਦੀ। ਇਕ ਦਿਨ ਉਸ ਨੇ ਭਗਤ ਤ੍ਰਿਲੋਚਨ ਅੱਗੇ ਉਸ ਨੂੰ ਸਾਲਗ੍ਰਾਮ ਦੇਣ ਦੀ ਮੰਗ ਰੱਖ ਦਿੱਤੀ। ਬਾਲਕ ਜਾਣ ਕੇ ਉਸ ਨੇ ਧੰਨੇ ਦੀ ਮੰਗ ਵੱਲ ਕੋਈ ਧਿਆਨ ਨਾ ਦਿੱਤਾ। ਕੋਰਾ ਜਵਾਬ ਸੁਣ ਕੇ ਬਾਲਕ ਧੰਨਾ ਬੇਸੁੱਧ ਹੋ ਕੇ ਡਿਗ ਪਿਆ। ਬੇਸੁੱਧ ਬਾਲਕ ਦੇ ਕੰਨ ਵਿਚ ਭਗਤ ਤ੍ਰਿਲੋਚਨ ਨੇ ਕਿਹਾ ਕਿ ਉਹ ਉਸ ਨੂੰ ਸਾਲਗ੍ਰਾਮ ਦੇ ਦੇਵੇਗਾ। ਅਜਿਹਾ ਸੁਣ ਕੇ ਧੰਨਾ ਜਾਗ੍ਰਿਤ ਵੀ ਹੋ ਗਿਆ ਅਤੇ ਖੁਸ਼ ਵੀ। ਭਗਤ ਤ੍ਰਿਲੋਚਨ ਨੇ ਆਪਣੇ ਵਾਲਾ ਸਾਲਗ੍ਰਾਮ ਧੰਨੇ ਨੂੰ ਦੇ ਦਿੱਤਾ। ਠਾਕਰ ਲੈ ਕੇ ਧੰਨਾ ਉਸ ਦੀ ਪੂਜਾ ਅਰਚਨਾ ਉੱਥੇ ਬੈਠ ਕੇ ਹੀ ਕਰਨ ਲੱਗ ਪਿਆ ਪਰ ਉਹ ਟੱਸ ਤੋਂ ਮੱਸ ਨਾ ਹੋਇਆ। ਭੋਗ ਲਾਉਣ ਲਈ ਠਾਕਰ ਅੱਗੇ ਕਈ ਵਸਤਾਂ ਰੱਖੀਆਂ ਪਰ ਉਹ ਸਵੀਕਾਰ ਨਾ ਹੋਈਆਂ। ਦਿਨ ਦੇ ਦੋ-ਤਿੰਨ ਪਹਿਰ ਇਸ ਤਰ੍ਹਾਂ ਹੀ ਬੀਤ ਗਏ। ਭਗਤ ਦਾ ਹਠ ਦੇਖ ਕੇ ਪਰਮਾਤਮਾ ਦਾ ਦਿਲ ਪਸੀਜ ਗਿਆ ਅਤੇ ਉਸ ਨੇ ਸਰਗੁਣ ਰੂਪ ਧਾਰ ਕੇ ਆਣ ਦਰਸ਼ਨ ਦਿੱਤੇ ਅਤੇ ਭੋਗ ਵੀ ਲਾਇਆ। ਇਹ ਕੌਤਕ ਉਥੇ ਮੌਜੂਦ ਹਰੇਕ ਨੇ ਦੇਖਿਆ। ਧੰਨਾ ਘਰ ਆ ਗਿਆ, ਜਿਸ ਨੂੰ ਦੇਖ ਕੇ ਉਸ ਦੀ ਮਾਤਾ ਪ੍ਰਸੰਨ ਹੋ ਗਈ। ਅਜਿਹੀ ਹੀ ਸਾਖੀ ਭਗਤ ਨਾਮਦੇਵ ਜੀ ਨਾਲ ਵੀ ਜੁੜੀ ਹੋਈ ਹੈ, ਜਿਸ ਦਾ ਉਲੇਖ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵੀ ਆਉਂਦਾ ਹੈ। ਓਪਰੀ ਨਜ਼ਰੇ ਅਜਿਹੀਆਂ ਘਟਨਾਵਾਂ ਚਮਤਕਾਰੀ ਲਗਦੀਆਂ ਹਨ ਪਰ ਮਨੋਰਥ ਇਨ੍ਹਾਂ ਵਿਚਲਾ ਸੰਦੇਸ਼ ਸਮਝਣ ਦਾ ਹੈ। ਸੰਦੇਸ਼ ਕਾਇਆ ਕਲਪ ਦਾ ਹੈ। ਗੁਰਮਤਿ ਦਰਸ਼ਨ ਵਿਚ ਸਰਗੁਣ ਭਗਤੀ ਨੂੰ ਪ੍ਰਵਾਨਗੀ ਨਹੀਂ। ਜਿਹੜੇ ਮਹਾਂਪੁਰਖ ਬੇਸ਼ੱਕ ਪਹਿਲਾਂ ਸਰਗੁਣਵਾਦੀ ਵੀ ਸਨ ਪਰ ਪਿੱਛੋਂ ਆਤਮ ਚਿੰਤਨ ਕਰਕੇ ਕਿਸੇ ਹੋਰ ਉੱਚ ਆਤਮਾ ਦੇ ਪ੍ਰਭਾਵ ਕਰਕੇ ਜਾਂ ਕਿਸੇ ਹੋਰ ਕਾਰਨ ਨਿਰਗੁਣ ਭਗਤੀ ਵੱਲ ਆ ਗਏ, ਉਹ ਗੁਰੂ-ਘਰ ਵਿਚ ਪ੍ਰਵਾਨ ਹੋ ਗਏ। ਭਗਤ ਨਾਮਦੇਵ ਅਤੇ ਭਗਤ ਧੰਨਾ ਅਜਿਹੀਆਂ ਹੀ ਉਦਾਹਰਨਾਂ ਹਨ। ਮੱਧਕਾਲੀ ਬਿਰਤਾਂਤਕਾਰਾਂ ਦਾ ਮਨੋਰਥ ਕਿਸੇ ਵੀ ਮਹਾਂਪੁਰਖ ਦੀ ਮਹਿਮਾ ਜਾਂ ਅਭਿਨੰਦਨ ਹੈ, ਕਾਲਾਂਤਰ ਜਾਂ ਅਜਿਹੀਆਂ ਹੋਰ ਬਾਰੀਕੀਆਂ ਵੱਲ ਉਹ ਧਿਆਨ ਨਹੀਂ ਧਰਦੇ। ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਪਰਚੀ ਭਗਤ ਧੰਨਾ ਜੀ ਕੀ ਦਾ ਮਹੱਤਵ ਦੋਹਰਾ ਹੈ, ਇਤਿਹਾਸਕ ਅਤੇ ਸਾਹਿਤ-ਇਤਿਹਾਸਕ। ਗੁਰੂ ਨਾਨਕ ਦੇਵ ਜੀ ਦਾ ਜੀਵਨ ਬਿਰਤਾਂਤ ਲਿਖਣ ਲਈ ਜਿਸ ਤਰ੍ਹਾਂ ਜਨਮ ਸਾਖੀਆਂ ਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ, ਠੀਕ ਇਸੇ ਤਰ੍ਹਾਂ ਭਗਤਾਂ ਦੀਆਂ ਜੀਵਨੀਆਂ ਲਿਖਣ ਵਾਸਤੇ ਇਹ ਪਰਚੀਆਂ ਵੀ ਓਨੀਆਂ ਹੀ ਉਪਯੋਗੀ ਹਨ।

ਪ੍ਰਾਚੀਨ ਕਾਲ ਦੀ ਭਵਨ ਨਿਰਮਾਣ ਕਲਾ ਦਾ ਨਮੂਨਾ ਕਿਲ੍ਹਾ ਮੁਬਾਰਕ ਬਠਿੰਡਾ

ਹਰਮੀਤ ਕੌਰ ਸੈਣੀ

> ਨਾਲ ਹੀ ਇਕ ਮੁੱਖ ਹਾਲ, 8 ਵਧੀਆਂ ਹੋਈਆਂ ਬਾਲਕੋਨੀਆਂ ਅਤੇ ਨਾਲ ਜੁੜੇ ਹੋਏ ਕਮਰੇ ਹਨ। ਦੁਆਰ ਦੇ ਖੱਬੇ ਪਾਸੇ ਦੂਜੇ ਬੁਰਜ ਉੱਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਤ ਅਤੇ ਮਹਾਰਾਜਾ ਕਰਮ ਸਿੰਘ ਦੁਆਰਾ ਨਿਰਮਾਣਿਤ ਗੁਰਦੁਆਰਾ ਵੀ ਹੈ। ਕਿਲ੍ਹੇ ਦੇ ਅੰਦਰ ਪ੍ਰਵੇਸ਼ ਕਰਦਿਆਂ ਹੀ ਇਸ ਦੇ ਵਿਸ਼ਾਲ ਘੇਰੇ ਤੇ ਉੱਚੀਆਂ ਦੀਵਾਰਾਂ ਨੇ ਮਨ ਮੋਹ ਲਿਆ। ਕਿਲ੍ਹੇ ਦੇ ਅੰਦਰ ਹੀ ਦੋ ਗੁਰਦੁਆਰਾ ਸਾਹਿਬਾਨ ਸੁਸ਼ੋਭਿਤ ਹਨ। ਸੁੰਦਰ ਤੇ ਮਨਮੋਹਕ ਬਾਗ-ਬਗੀਚੇ ਆਕਰਸ਼ਕ ਨਜ਼ਾਰਾ ਪੇਸ਼ ਕਰ ਰਹੇ ਸਨ। ਕਿਲ੍ਹੇ ਦੇ ਅੰਦਰ ਹੀ ਲੰਬੀ ਤੇ ਚੌੜੀ ਸੜਕ ਇਹ ਪ੍ਰਭਾਵ ਦਰਸਾ ਰਹੀ ਸੀ, ਜਿਵੇਂ ਹੁਣ ਵੀ ਹਾਥੀ ਘੋੜਿਆਂ ਦੇ ਨਾਲ ਕਿਸੇ ਰਾਜੇ-ਮਹਾਰਾਜੇ ਦੀ ਸਵਾਰੀ ਨਿਕਲੇਗੀ। ਅਸਲ ਵਿਚ ਛੇਵੀਂ ਸਦੀ ਵਿਚ ਇਹ ਕੱਚੀਆਂ ਇੱਟਾਂ ਨਾਲ ਬਣਿਆ ਹੋਇਆ ਕਿਲ੍ਹਾ ਸੀ। 11ਵੀ ਸ਼ਤਾਬਦੀ ਵਿਚ ਮਹਿਮੂਦ ਗਜ਼ਨਵੀ ਨੇ ਇਸ ਕਿਲ੍ਹੇ ਉੱਤੇ ਕਬਜ਼ਾ ਕਰ ਲਿਆ, ਜੋ ਕਿ ਉੱਤਰ-ਪੱਛਮ ਤੋਂ ਗੰਗਾ ਘਾਟੀ ਨੂੰ ਜਾਂਦੇ ਰਸਤੇ ਵਿਚ ਆਉਂਦਾ ਸੀ। ਸੰਨ 1189 ਵਿਚ ਮੁਹੰਮਦ ਗੌਰੀ ਨੇ ਇਸ ਕਿਲ੍ਹੇ 'ਤੇ ਹਮਲਾ ਕਰਕੇ ਇਸ ਨੂੰ ਜਿੱਤ ਲਿਆ। ਮੰਨਿਆ ਜਾਂਦਾ ਹੈ ਕਿ ਸੰਨ 1045 ਵਿਚ ਪੀਰ ਹਾਜੀ ਰਤਨ ਵੀ ਭਗਤੀ ਕਰਨ ਲਈ ਇਥੇ ਰਹੇ।



ਪੰਜਾਬ ਦੀ ਧਰਤੀ ਆਪਣੀ ਬੁੱਕਲ ਵਿਚ ਅਨੇਕਾਂ ਹੀ ਧਾਰਮਿਕ-ਇਤਿਹਾਸਕ ਸਥਾਨਾਂ ਨੂੰ ਸਮੋਈ ਬੈਠੀ ਹੈ। ਇਸ ਗੱਲ ਦਾ ਅਹਿਸਾਸ ਉਦੋਂ ਹੋਇਆ ਜਦੋਂ ਮਿਤੀ 19 ਅਕਤੂਬਰ, 2013 ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਦਰਸ਼ਨ ਕਰਨ ਤੋਂ ਬਾਅਦ ਬਠਿੰਡੇ ਦਾ ਕਿਲ੍ਹਾ ਦੇਖਣ ਦਾ ਮਨ ਬਣਿਆ। ਬਠਿੰਡਾ ਸ਼ਹਿਰ ਦੇ ਧੋਬੀ ਬਾਜ਼ਾਰ ਦੀਆਂ ਤੰਗ ਗਲੀਆਂ ਵਿਚੋਂ ਲੰਘਦਿਆਂ ਹੋਇਆਂ ਇਕ ਗਲੀ ਦਾ ਮੋੜ ਕੱਟਦਿਆਂ ਹੀ ਅਸੀਂ ਕਿਲ੍ਹਾ ਮੁਬਾਰਕ ਦੇ ਬਾਹਰ ਜਾ ਖੜ੍ਹੇ ਹੋਏ। ਅਸੀਂ ਤੁਰੇ ਤਾਂ ਕਿਲ੍ਹਾ ਦੇਖਣ ਹੀ ਸੀ ਪਰ ਇਸ ਗੱਲ ਦਾ ਅੰਦਾਜ਼ਾ ਨਹੀਂ ਸੀ ਕਿ ਇਕ ਤੰਗ ਬਾਜ਼ਾਰ ਵਿਚ ਇੰਨਾ ਵਿਸ਼ਾਲ ਕਿਲ੍ਹਾ ਮੌਜੂਦ ਹੋਵੇਗਾ। ਕਿਲ੍ਹੇ ਦੇ ਮੁੱਖ ਦੁਆਰ ਦੇ ਚੁਬਾਰੇ ਵਿਚ ਸੱਜੇ-ਖੱਬੇ ਮੌਜੂਦ ਬਾਰੀਆਂ ਨੂੰ ਦੇਖ ਕੇ ਮਹਿਸੂਸ ਹੋਇਆ ਜਿਵੇਂ ਹੁਣ ਵੀ ਕੋਈ ਰਾਣੀ ਆਪਣੀਆਂ ਗੋਲੀਆਂ ਨਾਲ ਖੜ੍ਹੀ ਨਜ਼ਰੀਂ ਆਏਗੀ। ਉਸੇ ਹੀ ਪਲ ਅਣਗਿਣਤ ਕਬੂਤਰਾਂ ਨੇ ਉਡਾਰੀ ਭਰੀ ਤੇ ਆਪਣੀ ਰਿਹਾਇਸ਼ਗਾਹ ਹੋਣ ਦਾ ਅਹਿਸਾਸ ਕਰਵਾਇਆ। ਇਸ ਕਿਲ੍ਹੇ ਨੂੰ ਕਿਲ੍ਹਾ ਗੋਬਿੰਦਗੜ੍ਹ ਤੇ ਬਠਿੰਡਾ ਦਾ ਕਿਲ੍ਹਾ ਕਰਕੇ ਵੀ ਜਾਣਿਆ ਜਾਂਦਾ ਹੈ। ਇਤਿਹਾਸਕ ਤੱਥਾਂ ਅਨੁਸਾਰ ਇਸ ਕਿਲ੍ਹੇ ਦਾ ਨਿਰਮਾਣ ਲਗਭਗ 1500 ਸਾਲ ਪਹਿਲਾਂ ਵੇਨਪਾਲ ਦੇ ਵੰਸ਼ ਵਿਚੋਂ ਰਾਜਾ ਦੇਵ ਨੇ ਕਰਵਾਇਆ ਪਰ ਕੁਝ ਇਕ ਤੱਥਾਂ ਅਨੁਸਾਰ ਇਹ ਵੀ ਮੰਨਿਆ ਜਾਂਦਾ ਹੈ ਕਿ ਤੀਸਰੀ ਸਦੀ ਵਿਚ ਲੱਖੀ ਜੰਗਲ ਦੇ ਖੇਤਰ ਵਿਚ ਬਠਿੰਡਾ ਸ਼ਹਿਰ ਨੂੰ ਵਸਾਉਣ ਵਾਲੇ ਭੱਟੀ ਰਾਓ ਨੇ ਇਹ ਕਿਲ੍ਹਾ ਬਣਵਾਇਆ। ਬਠਿੰਡੇ ਸ਼ਹਿਰ ਦਾ ਨਾਂਅ ਵੀ ਭੱਟੀ ਰਾਓ ਦੇ ਨਾਂਅ ਤੋਂ ਹੀ ਪਹਿਲਾਂ ਭੱਟੀ ਵਿੰਡਾ, ਫਿਰ ਭਟਿੰਡਾ ਤੇ ਫਿਰ ਬਠਿੰਡਾ ਪ੍ਰਚਲਿਤ ਹੋਇਆ। ਇਹ ਚਕੋਰ ਅਕਾਰ ਦਾ ਕਿਲ੍ਹਾ ਉੱਚੇ ਸਥਾਨ 'ਤੇ ਸਥਿਤ ਹੈ, ਜਿਸ ਦੇ 32 ਛੋਟੇ ਤੇ 4 ਵੱਡੇ ਬੁਰਜ ਹਨ। ਚਾਰੇ ਬੁਰਜ 4 ਕਿਨਾਰਿਆਂ 'ਤੇ ਹਨ, ਜਿਨ੍ਹਾਂ ਦੀ ਉਚਾਈ ਇਸ ਸਮੇਂ 36.5 ਮੀਟਰ ਹੈ। ਅਸੀਂ ਕਿਲ੍ਹੇ ਦੇ ਦੱਖਣ ਵਾਲੇ ਪਾਸੇ ਪੂਰਬ ਵੱਲ ਖੁੱਲ੍ਹਦੇ ਪ੍ਰਵੇਸ਼ ਦੁਆਰ ਰਾਹੀਂ ਅੰਦਰ ਜਾਣਾ ਸੀ। ਤਸੱਲੀ ਦੇਣ ਵਾਲੀ ਗੱਲ ਇਹ ਸੀ ਕਿ ਕਿਲ੍ਹੇ ਦੇ ਅੰਦਰ ਜਾਣ ਲਈ ਕਿਸੇ ਤਰ੍ਹਾਂ ਦੀ ਇਜਾਜ਼ਤ ਲੈਣ ਜਾਂ ਫ਼ੀਸ ਦੇਣ ਦੀ ਲੋੜ ਨਹੀਂ ਸੀ। ਕਿਲ੍ਹਾ ਹਰ ਆਮ ਤੇ ਖਾਸ ਲਈ ਖੁੱਲ੍ਹਾ ਹੈ। ਕੇਵਲ ਇਕੋ-ਇਕ ਨਿਯਮ ਸੀ, ਜੋ ਅੰਦਰ ਜਾ ਕੇ ਪੜ੍ਹਨ ਨੂੰ ਮਿਲਿਆ ਕਿ ਕਿਲ੍ਹੇ ਵਿਚ ਸੂਰਜ ਚੜ੍ਹਨ ਤੋਂ ਲੈ ਕੇ ਸੂਰਜ ਛਿਪਣ ਤੱਕ ਹੀ ਆਇਆ ਜਾਇਆ ਜਾ ਸਕਦਾ ਹੈ। ਪ੍ਰਵੇਸ਼ ਦੁਆਰ ਵਿਚ (ਮੁੱਖ ਦਰਵਾਜ਼ਾ) ਤਿੱਖੀਆਂ ਨੋਕਦਾਰ ਸਲਾਖਾਂ ਜੜੀਆਂ ਹੋਈਆਂ ਹਨ। ਇਹ ਤਿੰਨ ਮੰਜ਼ਿਲਾ ਪ੍ਰਵੇਸ਼ ਦੁਆਰ ਮੁਗਲ ਪ੍ਰਾਚੀਨ ਪ੍ਰਭਾਵ ਨੂੰ ਦਰਸਾਉਂਦਾ ਹੈ। ਮੁੱਖ ਦੁਆਰ ਦੇ ਸੱਜੇ ਪਾਸੇ ਦੋ ਬਾਰੀ ਬੁਰਜ ਹਨ, ਜੋ ਰਾਣੀ ਮਹਿਲ ਦੇ ਨਾਂਅ ਨਾਲ ਜਾਣੇ ਜਾਂਦੇ ਹਨ। ਨਾਲ ਹੀ ਇਕ ਮੁੱਖ ਹਾਲ, 8 ਵਧੀਆਂ ਹੋਈਆਂ ਬਾਲਕੋਨੀਆਂ ਅਤੇ ਨਾਲ ਜੁੜੇ ਹੋਏ ਕਮਰੇ ਹਨ। ਦੁਆਰ ਦੇ ਖੱਬੇ ਪਾਸੇ ਦੂਜੇ ਬੁਰਜ ਉੱਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਤ ਅਤੇ ਮਹਾਰਾਜਾ ਕਰਮ ਸਿੰਘ ਦੁਆਰਾ ਨਿਰਮਾਣਿਤ ਗੁਰਦੁਆਰਾ ਵੀ ਹੈ। ਕਿਲ੍ਹੇ ਦੇ ਅੰਦਰ ਪ੍ਰਵੇਸ਼ ਕਰਦਿਆਂ ਹੀ ਇਸ ਦੇ ਵਿਸ਼ਾਲ ਘੇਰੇ ਤੇ ਉੱਚੀਆਂ ਦੀਵਾਰਾਂ ਨੇ ਮਨ ਮੋਹ ਲਿਆ। ਕਿਲ੍ਹੇ ਦੇ ਅੰਦਰ ਹੀ ਦੋ ਗੁਰਦੁਆਰਾ ਸਾਹਿਬਾਨ ਸੁਸ਼ੋਭਿਤ ਹਨ। ਸੁੰਦਰ ਤੇ ਮਨਮੋਹਕ ਬਾਗ-ਬਗੀਚੇ ਆਕਰਸ਼ਕ ਨਜ਼ਾਰਾ ਪੇਸ਼ ਕਰ ਰਹੇ ਸਨ। ਕਿਲ੍ਹੇ ਦੇ ਅੰਦਰ ਹੀ ਲੰਬੀ ਤੇ ਚੌੜੀ ਸੜਕ ਇਹ ਪ੍ਰਭਾਵ ਦਰਸਾ ਰਹੀ ਸੀ, ਜਿਵੇਂ ਹੁਣ ਵੀ ਹਾਥੀ ਘੋੜਿਆਂ ਦੇ ਨਾਲ ਕਿਸੇ ਰਾਜੇ-ਮਹਾਰਾਜੇ ਦੀ ਸਵਾਰੀ ਨਿਕਲੇਗੀ। ਅਸਲ ਵਿਚ ਛੇਵੀਂ ਸਦੀ ਵਿਚ ਇਹ ਕੱਚੀਆਂ ਇੱਟਾਂ ਨਾਲ ਬਣਿਆ ਹੋਇਆ ਕਿਲ੍ਹਾ ਸੀ। 11ਵੀ ਸ਼ਤਾਬਦੀ ਵਿਚ ਮਹਿਮੂਦ ਗਜ਼ਨਵੀ ਨੇ ਇਸ ਕਿਲ੍ਹੇ ਉੱਤੇ ਕਬਜ਼ਾ ਕਰ ਲਿਆ, ਜੋ ਕਿ ਉੱਤਰ-ਪੱਛਮ ਤੋਂ ਗੰਗਾ ਘਾਟੀ ਨੂੰ ਜਾਂਦੇ ਰਸਤੇ ਵਿਚ ਆਉਂਦਾ ਸੀ। ਸੰਨ 1189 ਵਿਚ ਮੁਹੰਮਦ ਗੌਰੀ ਨੇ ਇਸ ਕਿਲ੍ਹੇ 'ਤੇ ਹਮਲਾ ਕਰਕੇ ਇਸ ਨੂੰ ਜਿੱਤ ਲਿਆ। ਮੰਨਿਆ ਜਾਂਦਾ ਹੈ ਕਿ ਸੰਨ 1045 ਵਿਚ ਪੀਰ ਹਾਜੀ ਰਤਨ ਵੀ ਭਗਤੀ ਕਰਨ ਲਈ ਇਥੇ ਰਹੇ। ਸੰਨ 1191 ਵਿਚ ਖੇਤਰੀ ਸ਼ਾਸਕ ਪ੍ਰਿਥਵੀ ਰਾਜ ਚੌਹਾਨ ਨੇ ਯੁੱਧ ਲੜ ਕੇ ਇਸ ਕਿਲ੍ਹੇ ਨੂੰ ਮੁੜ ਜਿੱਤ ਲਿਆ ਤੇ ਆਪਣਾ ਕਬਜ਼ਾ ਕਾਇਮ ਕੀਤਾ। ਭਾਰਤ ਦੀ ਪਹਿਲੀ ਮਹਿਲਾ ਸ਼ਾਸਕ ਰਾਣੀ ਰਜ਼ੀਆ ਸੁਲਤਾਨ ਨੂੰ ਸੰਨ 1240 ਵਿਚ ਇਥੇ ਬੰਦੀ ਬਣਾ ਕੇ ਰੱਖਿਆ ਗਿਆ। ਸੰਨ 1515 ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸੰਨ 1665 ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਸ ਕਿਲ੍ਹੇ ਵਿਚ ਚਰਨ ਪਾ ਕੇ ਇਲਾਕੇ ਦੀਆਂ ਸੰਗਤਾਂ ਨੂੰ ਨਿਹਾਲ ਕੀਤਾ। ਸੰਨ 1706 ਵਿਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਇਸ ਕਿਲ੍ਹੇ ਵਿਚ ਇਕ ਕਾਣੇ ਦਿਓ ਦੀ ਭੁੱਖ ਨਵਿਰਤ ਕੀਤੇ ਜਾਣ ਦੀ ਗੱਲ ਵੀ ਪ੍ਰਚਲਿਤ ਹੈ, ਜਿਸ ਨੂੰ ਸਰਹੰਦ ਜਾਣ ਦਾ ਹੁਕਮ ਦਿੱਤਾ। ਫੂਲਕੀਆ ਮਿਸਲ ਦੇ ਮੁਖੀ ਪਟਿਆਲੇ ਦੇ ਮਹਾਰਾਜੇ ਆਲਾ ਸਿੰਘ ਨੇ 1754 ਈ: ਵਿਚ ਇਸ ਕਿਲ੍ਹੇ ਨੂੰ ਜਿੱਤ ਲਿਆ ਅਤੇ ਇਹ ਕਿਲ੍ਹਾ ਉਦੋਂ ਤੱਕ ਪਟਿਆਲੇ ਦੇ ਰਾਜਿਆਂ ਕੋਲ ਰਿਹਾ ਜਦੋਂ ਤੱਕ ਸਾਰੀਆਂ ਭਾਰਤੀ ਰਿਆਸਤਾਂ, ਭਾਰਤ ਯੂਨੀਅਨ ਵਿਚ ਨਹੀਂ ਰਲੀਆਂ। ਕਿਲ੍ਹੇ ਦਾ ਉਪਰੋਕਤ ਇਤਿਹਾਸ ਜਾਣਨ ਤੋਂ ਬਾਅਦ ਅਸੀਂ ਬੁਰਜ ਉੱਪਰ ਸਥਿਤ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਗਏ। ਮੱਥਾ ਟੇਕਣ ਤੋਂ ਬਾਅਦ ਬਾਹਰ ਆ ਕੇ ਕਿਲ੍ਹੇ ਦੇ ਉਪਰੋਂ ਜਦ ਨਜ਼ਰ ਘੁਮਾਈ ਤਾਂ ਸਾਰਾ ਬਠਿੰਡਾ ਸ਼ਹਿਰ ਨਜ਼ਰੀਂ ਪਿਆ। ਪੌੜੀਆਂ ਉਤਰਦਿਆਂ ਸੱਜੇ ਪਾਸੇ ਇਕ ਕਮਰੇ ਵਿਚ ਸੀਖਾਂ ਪਿੱਛੇ ਪੁਰਾਤਨ ਕਾਲ ਦੀਆਂ ਤੋਪਾਂ ਦੇਖੀਆ ਪਰ ਇਨ੍ਹਾਂ ਬਾਰੇ ਕੋਈ ਜਾਣਕਾਰੀ ਨਹੀਂ ਸੀ ਕਿ ਇਹ ਕਿਸ ਮੁਗਲ ਸ਼ਾਸਕ ਜਾਂ ਮਹਾਰਾਜੇ ਨਾਲ ਸਬੰਧਤ ਹਨ। ਕਿਲ੍ਹੇ ਦੀਆਂ ਨਿੱਕੀਆਂ ਇੱਟਾਂ, ਤਰਾਸ਼ੇ ਹੋਏ ਦਰਵਾਜ਼ੇ-ਖਿੜਕੀਆਂ ਪੁਰਾਣੇ ਸਮੇਂ ਦੀ ਯਾਦ ਨੂੰ ਤਾਜ਼ਾ ਕਰਦੇ ਹਨ। ਬਠਿੰਡੇ ਦਾ ਇਹ ਕਿਲ੍ਹਾ ਪ੍ਰਾਚੀਨ ਕਾਲ ਦੀ ਭਵਨ ਨਿਰਮਾਣ ਕਲਾ ਦਾ ਉੱਤਮ ਨਮੂਨਾ ਤੇ ਬਠਿੰਡਾ ਵਾਸੀਆਂ ਲਈ ਮਾਣ ਦਾ ਪ੍ਰਤੀਕ ਹੈ।

ਸੰਪਾਦਕੀ

ਅਮਰੀਕਾ ਵੱਲੋਂ ਅੱਠ ਪ੍ਰਮੁੱਖ ਤਕਨਾਲੋਜੀ ਕੰਪਨੀਆਂ ਦੇ ਪ੍ਰੋਗਰਾਮ ਮੁਅੱਤਲ

ਅਮਰੀਕਾ ਵੱਲੋਂ ਅੱਠ ਪ੍ਰਮੁੱਖ ਤਕਨਾਲੋਜੀ ਕੰਪਨੀਆਂ- ਇਨਫੋਸਿਸ, ਟਾਟਾ ਕੰਸਲਟੈਂਸੀ ਸਰਵਿਸਿਜ਼ (ਟੀ ਸੀ ਐੱਸ), ਵਿਪਰੋ, ਐੱਚ ਸੀ ਐੱਲ, ਕੋਗਨੀਜ਼ੈਂਟ, ਮਾਈਕ੍ਰੋਸੌਫਟ, ਅਡੋਬ ਅਤੇ ਕੈਪਜੈਮਿਨੀ- ਨੂੰ ਸਥਾਈ ਕਿਰਤ ਪ੍ਰਮਾਣੀਕਰਨ (ਪਰਮ) ਪ੍ਰੋਗਰਾਮ ਤੋਂ ਮੁਅੱਤਲ ਕਰਨ ਦੇ ਫ਼ੈਸਲੇ ਨੇ ਪਰਵਾਸ, ਰੁਜ਼ਗਾਰ ਅਤੇ ਸੁਰੱਖਿਆਵਾਦ ਬਾਰੇ ਬਹਿਸ ਨੂੰ ਹੋਰ ਤੇਜ਼ ਕਰ ਦਿੱਤਾ ਹੈ। ਅਮਰੀਕੀ ਕਾਮਿਆਂ ਦੇ ਹਿੱਤਾਂ ਦੀ ਰਾਖੀ ਕਰਨਾ ਨੀਤੀਗਤ ਤੌਰ ’ਤੇ ਵਾਜਬ ਉਦੇਸ਼ ਹੈ, ਪਰ ਇਸ ਵਿਆਪਕ ਕਾਰਵਾਈ ਨੇ ਨਿਰਪੱਖਤਾ, ਕਾਨੂੰਨੀ ਪ੍ਰਕਿਰਿਆ ਅਤੇ ਭਾਰਤ-ਅਮਰੀਕਾ ਆਰਥਿਕ ਸਹਿਯੋਗ ਦੇ ਭਵਿੱਖ ਬਾਰੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ।

ਟਰੰਪ ਪ੍ਰਸ਼ਾਸਨ ਇਹ ਦੋਸ਼ ਲਗਾਉਂਦਾ ਹੈ ਕਿ ਕੁਝ ਕੰਪਨੀਆਂ ਨੇ ਅਮਰੀਕੀ ਮੁਲਾਜ਼ਮਾਂ ਦੀ ਥਾਂ ਘੱਟ ਤਨਖ਼ਾਹ ’ਤੇ ਵਿਦੇਸ਼ੀ ਕਾਮਿਆਂ ਨੂੰ ਨਿਯੁਕਤ ਕਰਨ ਲਈ ਵੀਜ਼ਾ ਪ੍ਰੋਗਰਾਮਾਂ ਦੀ ਦੁਰਵਰਤੋਂ ਕੀਤੀ ਹੈ। ਅਮਰੀਕੀ ਉਪ ਰਾਸ਼ਟਰਪਤੀ ਜੇ.ਡੀ. ਵੈਂਸ ਵੱਲੋਂ ਐੱਚ-1ਬੀ ਵੀਜ਼ੇ ’ਤੇ ਕੰਮ ਕਰਨ ਵਾਲੇ ਪੇਸ਼ੇਵਰਾਂ ਨੂੰ ‘ਬੰਧੂਆ ਮਜ਼ਦੂਰ’ ਕਹਿਣਾ ਇਸ ਟਕਰਾਅਪੂਰਨ ਪਹੁੰਚ ਨੂੰ ਦਰਸਾਉਂਦਾ ਹੈ। ਵੀਜ਼ਾ ਧੋਖਾਧੜੀ, ਤਨਖ਼ਾਹਾਂ ’ਚ ਵਾਧਾ ਨਾ ਕਰਨਾ ਜਾਂ ਭਰਤੀ ਵਿੱਚ ਵਿਤਕਰੇ ਸਬੰਧੀ ਕਿਸੇ ਵੀ ਭਰੋਸੇਯੋਗ ਸਬੂਤ ਦੀ ਜਾਂਚ ਹੋਣੀ ਚਾਹੀਦੀ ਹੈ, ਪਰ ਦੋਸ਼ਾਂ ਨੂੰ ਸਿਆਸੀ ਬਿਆਨਬਾਜ਼ੀ ਦੀ ਥਾਂ ਪਾਰਦਰਸ਼ੀ ਪ੍ਰਕਿਰਿਆ ਰਾਹੀਂ ਸਾਬਿਤ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਹੁਨਰਮੰਦ ਪੇਸ਼ੇਵਰਾਂ ਦੇ ਮਾਣ-ਸਨਮਾਨ ਨੂੰ ਬੇਵਜ੍ਹਾ ਠੇਸ ਨਾ ਪਹੁੰਚੇ। ਭਾਰਤੀ ਤਕਨਾਲੋਜੀ ਕੰਪਨੀਆਂ ਅਮਰੀਕਾ ਦੇ ਡਿਜੀਟਲ ਪਰਿਵਰਤਨ ਦਾ ਅਹਿਮ ਹਿੱਸਾ ਬਣ ਚੁੱਕੀਆਂ ਹਨ। ਉਹ ਕਾਰੋਬਾਰੀ ਅਦਾਰਿਆਂ, ਖੋਜ ਸੰਸਥਾਵਾਂ ਅਤੇ ਲੱਖਾਂ ਖ਼ਪਤਕਾਰਾਂ ਨੂੰ ਸੇਵਾਵਾਂ ਮੁਹੱਈਆ ਕਰਵਾਉਂਦੀਆਂ ਹਨ। ਉਨ੍ਹਾਂ ਦਾ ਯੋਗਦਾਨ ਸਿਰਫ਼ ਤਕਨੀਕੀ ਮੁਹਾਰਤ ਮੁਹੱਈਆ ਕਰਵਾਉਣ ਤੱਕ ਸੀਮਿਤ ਨਹੀਂ ਹੈ। ਮਿਸਾਲ ਵਜੋਂ, ਟੀ ਸੀ ਐੱਸ ਨੇ ਕਿਹਾ ਹੈ ਕਿ ਪਿਛਲੇ ਦੋ ਸਾਲਾਂ ਦੌਰਾਨ ‘ਪਰਮ’ ਪ੍ਰੋਗਰਾਮ ਤਹਿਤ ਉਸ ਦੀਆਂ ਅਰਜ਼ੀਆਂ ਦੀ ਗਿਣਤੀ ਦਸ ਤੋਂ ਵੀ ਘੱਟ ਰਹੀ ਹੈ ਜਦੋਂਕਿ ਕੰਪਨੀ ਨੇ ਅਗਲੇ ਪੰਜ ਸਾਲਾਂ ਵਿੱਚ ਅਮਰੀਕਾ ਵਿੱਚ 15,000 ਹੋਰ ਲੋਕਾਂ ਨੂੰ ਰੁਜ਼ਗਾਰ ਦੇਣ ਦੀ ਯੋਜਨਾ ਵੀ ਬਣਾਈ ਹੈ। ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਠੀਕ ਹੀ ਜ਼ੋਰ ਦਿੱਤਾ ਹੈ ਕਿ ਹੁਨਰਮੰਦ ਕਾਮਿਆਂ ਦਾ ਦੂਜੇ ਮੁਲਕਾਂ ਵਿੱਚ ਕੰਮ ਕਰਨਾ ਦੋਵਾਂ ਅਰਥਚਾਰਿਆਂ ਲਈ ਲਾਹੇਵੰਦ ਹੈ। ‘ਪਰਮ’ ਪ੍ਰੋਗਰਾਮ, ਜਿਸ ਤਹਿਤ ਰੁਜ਼ਗਾਰਦਾਤਾ ਵੱਲੋਂ ਕਿਰਤ ਪ੍ਰਮਾਣੀਕਰਨ ਰਾਹੀਂ ਸਥਾਈ ਨਿਵਾਸ ਹਾਸਿਲ ਕਰਨ ਦਾ ਰਾਹ ਖੁੱਲ੍ਹਦਾ ਹੈ, ਆਰਜ਼ੀ ਕੰਮਕਾਜੀ ਵੀਜ਼ਾ ਪ੍ਰੋਗਰਾਮ ਐੱਚ-1ਬੀ ਤੋਂ ਵੱਖਰਾ ਹੈ। ਹਾਲਾਂਕਿ ‘ਪਰਮ’ ਪ੍ਰੋਗਰਾਮ ਨੂੰ ਮੁਅੱਤਲ ਕਰਨ ਨਾਲ ਪਹਿਲਾਂ ਤੋਂ ਜਾਰੀ ਐੱਚ-1ਬੀ ਵੀਜ਼ੇ ਆਪਣੇ ਆਪ ਰੱਦ ਨਹੀਂ ਹੋਣਗੇ, ਪਰ ਇਸ ਨਾਲ ਯੋਗ ਮੁਲਾਜ਼ਮਾਂ ਦੀ ਗ੍ਰੀਨ ਕਾਰਡ ਸਬੰਧੀ ਅਰਜ਼ੀ ਪ੍ਰਕਿਰਿਆ ਵਿੱਚ ਦੇਰੀ ਹੋ ਸਕਦੀ ਹੈ।

ਪਰਵਾਸ ਦੇ ਮੁੱਦੇ ਨੂੰ ਸਿਆਸੀ ਟਕਰਾਅ ਦਾ ਮੈਦਾਨ ਬਣਾਉਣ ਨਾਲ ਨਿਵੇਸ਼ਕਾਂ ਦਾ ਭਰੋਸਾ ਡਗਮਗਾ ਸਕਦਾ ਹੈ, ਕਾਰੋਬਾਰੀ ਸਰਗਰਮੀਆਂ ਵਿੱਚ ਵਿਘਨ ਪੈ ਸਕਦਾ ਹੈ ਅਤੇ ਉਨ੍ਹਾਂ ਹੁਨਰਮੰਦ ਕਾਮਿਆਂ ਵਿੱਚ ਬੇਗ਼ਾਨਗੀ ਦੀ ਭਾਵਨਾ ਪੈਦਾ ਹੋ ਸਕਦੀ ਹੈ, ਜੋ ਅਮਰੀਕਾ ਦੀ ਖ਼ੁਸ਼ਹਾਲੀ ਵਿੱਚ ਅਹਿਮ ਯੋਗਦਾਨ ਪਾਉਂਦੇ ਹਨ। ਅਮਰੀਕੀ ਕਾਮਿਆਂ ਦੇ ਹਿੱਤਾਂ ਦੀ ਰਾਖੀ ਅਤੇ ਵਿਦੇਸ਼ੀ ਹੁਨਰਮੰਦਾਂ ਦੀ ਮੁਹਾਰਤ ਦਾ ਲਾਭ ਲੈਣਾ ਇੱਕ-ਦੂਜੇ ਦੇ ਵਿਰੋਧੀ ਉਦੇਸ਼ ਨਹੀਂ ਹੋਣੇ ਚਾਹੀਦੇ। ਇਸ ਦੀ ਬਜਾਏ ਪਾਰਦਰਸ਼ੀ ਨਿਯਮਾਂ ਅਤੇ ਨਿਰਪੱਖ ਨੀਤੀ ਰਾਹੀਂ ਦੋਵਾਂ ਪੱਖਾਂ ਦੇ ਹਿੱਤਾਂ ਵਿਚਕਾਰ ਸੰਤੁਲਨ ਕਾਇਮ ਕਰਨਾ ਸਮੇਂ ਦੀ ਲੋੜ ਹੈ।

ਪਟਿਆਲਾ ਪੁਲਿਸ ਵੱਲੋਂ 19 ਹਾਟ-ਸਪਾਟਸ ’ਤੇ ਕਾਸੋ, 31 ਮੁਲਜ਼ਮ ਗ੍ਰਿਫ਼ਤਾਰ

ਪਟਿਆਲਾ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਚਲਾਈ ਜਾ ਰਹੀ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਤਹਿਤ ਅੱਜ ਪਟਿਆਲਾ ਪੁਲਿਸ ਵੱਲੋਂ ਸਿਵਲ ਪ੍ਰਸ਼ਾਸਨ ਦੇ ਸਹਿਯੋਗ ਨਾਲ ਜ਼ਿਲ੍ਹੇ ਵਿੱਚ ਨਸ਼ਾ ਤਸਕਰਾਂ ਅਤੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਕਾਰਵਾਈ ਕਰਦਿਆਂ 19 ਹਾਟ-ਸਪਾਟਸ ’ਤੇ ਕੋਰਡਨ ਐਂਡ ਸਰਚ ਆਪ੍ਰੇਸ਼ਨ (ਕਾਸੋ) ਚਲਾਇਆ ਗਿਆ। ਇਸ ਕਾਰਵਾਈ ਦੌਰਾਨ ਐਨ.ਡੀ.ਪੀ.ਐੱਸ. ਐਕਟ ਤਹਿਤ 28 ਮੁਕੱਦਮੇ ਦਰਜ ਕਰਕੇ 31 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਵੱਖ-ਵੱਖ ਤਰ੍ਹਾਂ ਦੇ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ। ਪੰਜਾਬ ਦੇ ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ, ਲਾਅ ਐਂਡ ਆਰਡਰ ਅਤੇ ਪਟਿਆਲਾ ਰੇਂਜ ਦੇ ਡਿਪਟੀ ਇੰਸਪੈਕਟਰ ਜਨਰਲ ਪੁਲਿਸ ਕੁਲਦੀਪ ਸਿੰਘ ਚਹਿਲ, ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਦਿਆਂ ਇਹ ਮੁਹਿੰਮ ਚਲਾਈ ਗਈ। ਇਸ ਦੌਰਾਨ ਡਿਪਟੀ ਕਮਿਸ਼ਨਰ ਪਟਿਆਲਾ ਡਾ. ਹਿਮਾਂਸ਼ੂ ਅਗਰਵਾਲ ਅਤੇ ਸੀਨੀਅਰ ਕਪਤਾਨ ਪੁਲਿਸ ਹਰਮਨਦੀਪ ਸਿੰਘ ਹਾਂਸ ਨੇ ਖੁਦ ਅਗਵਾਈ ਕੀਤੀ। ਇਸ ਮੌਕੇ ਉਨ੍ਹਾਂ ਨਾਲ ਕਪਤਾਨ ਪੁਲਿਸ (ਸਿਟੀ) ਮੋਹਿਤ ਅਗਰਵਾਲ ਵੀ ਮੌਜੂਦ ਸਨ। ਪੁਲਿਸ ਟੀਮਾਂ ਨੇ ਅਬਲੋਵਾਲ ਅਤੇ ਭਰਤ ਨਗਰ, ਪਟਿਆਲਾ ਵਿਖੇ ਨਸ਼ਿਆਂ ਦੇ ਹਾਟ-ਸਪਾਟਸ ’ਤੇ ਭਾਰੀ ਪੁਲਿਸ ਫੋਰਸ ਨਾਲ ਸਰਚ ਆਪ੍ਰੇਸ਼ਨ ਚਲਾਇਆ। ਇਸ ਤੋਂ ਇਲਾਵਾ ਜ਼ਿਲ੍ਹੇ ਦੀਆਂ ਵੱਖ-ਵੱਖ ਸਬ-ਡਵੀਜ਼ਨਾਂ ਵਿੱਚ 18 ਹੋਰ ਹਾਟ-ਸਪਾਟਸ ’ਤੇ ਵੀ ਪੁਲਿਸ ਟੀਮਾਂ ਤਾਇਨਾਤ ਕਰਕੇ ਤਲਾਸ਼ੀ ਮੁਹਿੰਮ ਚਲਾਈ ਗਈ। ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਅਰੰਭੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦਾ ਉਦੇਸ਼ ਨਸ਼ਾ ਤਸਕਰੀ ਦੀਆਂ ਗਤੀਵਿਧੀਆਂ ’ਤੇ ਰੋਕ ਲਗਾਉਣਾ ਅਤੇ ਨਸ਼ਿਆਂ ਦੇ ਕਾਰੋਬਾਰ ਵਿੱਚ ਸ਼ਾਮਲ ਵਿਅਕਤੀਆਂ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕਰਨਾ ਹੈ। ਐਸ ਐਸ ਪੀ ਹਰਮਨਦੀਪ ਸਿੰਘ ਹਾਂਸ ਨੇ ਦੱਸਿਆ ਕਿ ਪੁਲਿਸ ਵੱਲੋਂ ਕੀਤੀ ਗਈ ਕਾਰਵਾਈ ਦੌਰਾਨ ਕੁੱਲ 46 ਗ੍ਰਾਮ ਹੈਰੋਇਨ, 53 ਗ੍ਰਾਮ ਨਸ਼ੀਲਾ ਪਾਊਡਰ, 160 ਨਸ਼ੀਲੀਆਂ ਗੋਲੀਆਂ ਅਤੇ 30 ਗ੍ਰਾਮ ਸੁਲਫਾ ਬਰਾਮਦ ਕੀਤਾ ਗਿਆ। ਉਨ੍ਹਾਂ ਸਪੱਸ਼ਟ ਕੀਤਾ ਕਿ ਜ਼ਿਲ੍ਹੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਅਜਿਹੇ ਸਰਚ ਆਪ੍ਰੇਸ਼ਨ ਲਗਾਤਾਰ ਜਾਰੀ ਰਹਿਣਗੇ ਅਤੇ ਨਸ਼ਾ ਤਸਕਰੀ ਵਿੱਚ ਸ਼ਾਮਲ ਵਿਅਕਤੀਆਂ ਵਿਰੁੱਧ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਮਨਪ੍ਰੀਤ ਇਆਲੀ ਤੇ ਬਬਲੂ ਲੋਪੋਂ ਵੱਲੋਂ ਮਾਛੀਵਾੜਾ ਦੇ ਵੱਖ ਵੱਖ ਆਗੂਆਂ ਨਾਲ ਮੁਲਾਕਾਤ

ਮਾਛੀਵਾੜਾ ਸਾਹਿਬ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਅਕਾਲੀ ਦਲ ਵਾਰਸ ਪੰਜਾਬ ਜਥੇਬੰਦੀ ਦੇ ਸੀਨੀਅਰ ਆਗੂ ਮਨਪ੍ਰੀਤ ਸਿੰਘ ਇਆਲੀ ਅਤੇ ਹਲਕਾ ਸਮਰਾਲਾ ਤੋਂ ਇੰਚਾਰਜ ਬਰਜਿੰਦਰ ਸਿੰਘ ਬਬਲੂ ਲੋਪੋਂ ਆਪਣੇ ਸਾਥੀ ਬਲਬੀਰ ਸਿੰਘ ਮਾਨ ਦੇ ਗ੍ਰਹਿ ਵਿਖੇ ਪੁੱਜੇ ਅਤੇ ਪਾਰਟੀ ਦੀਆਂ ਗਤੀਵਿਧੀਆਂ ਸਬੰਧੀ ਵਿਚਾਰ ਵਟਾਂਦਰਾ ਕੀਤਾ।

ਇਸ ਮੌਕੇ ਮਨਪ੍ਰੀਤ ਸਿੰਘ ਇਆਲੀ ਵੱਲੋਂ ਬਲਵੀਰ ਸਿੰਘ ਮਾਨ ਨਾਲ ਹਲਕਾ ਸਮਰਾਲਾ ਦੇ ਸਿਆਸੀ ਸਮੀਕਰਨ ਉੱਤੇ ਵਿਚਾਰ ਚਰਚਾ ਕੀਤੀ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਨਪ੍ਰੀਤ ਸਿੰਘ ਇਆਲੀ ਨੇ ਕਿਹਾ ਕਿ ਅਕਾਲੀ ਦਲ ਵਾਰਿਸ ਪੰਜਾਬ ਨੂੰ ਲੋਕਾਂ ਦਾ ਭਰਪੂਰ ਸਮਰਥਨ ਮਿਲ ਰਿਹਾ ਹੈ ਅਤੇ ਇੰਨੇ ਘੱਟ ਸਮੇਂ ਵਿੱਚ ਪਾਰਟੀ ਦੀ ਪੰਜਾਬ ਵਿੱਚ ਮਜਬੂਤ ਸਥਿਤੀ ਦੇ ਕੇ ਵਿਰੋਧੀ ਪਾਰਟੀਆਂ ਦੀ ਨੀਂਦ ਉੱਡ ਗਈ ਹੈ। ਉਹਨਾਂ ਕਿਹਾ ਕਿ ਅਕਾਲੀ ਦਲ ਵਾਰਸ ਪੰਜਾਬ ਪੰਥਕ ਮੁੱਦਿਆਂ ਅਤੇ ਪੰਜਾਬ ਦੇ ਮੁੱਦਿਆਂ ਨੂੰ ਲੈ ਕੇ ਚੋਣਾਂ ਲੜੇਗਾ ਅਤੇ ਉਹਨਾਂ ਦੇ ਚੋਣ ਮਨੋਰਥ ਪੱਤਰ ਵਿੱਚ ਹਰ ਵਰਗ ਦਾ ਖਿਆਲ ਰੱਖਿਆ ਜਾਵੇਗਾ। ਇਸ ਮੌਕੇ ਉਹਨਾਂ ਇਹ ਵੀ ਕਿਹਾ ਕਿ ਪਾਰਟੀ ਦੇ ਜਿਹੜੇ ਸਾਥੀ ਕਿਸੇ ਗੱਲੋਂ ਨਰਾਜ਼ ਚੱਲ ਰਹੇ ਹਨ ਉਹਨਾਂ ਸਾਰਿਆਂ ਨੂੰ ਮਨਾ ਕੇ ਨਾਲ ਤੋਰਿਆ ਜਾਵੇਗਾ ਜਿਸ ਲਈ ਉਹ ਖੁਦ ਉਹਨਾਂ ਨਾਲ ਰਾਬਤਾ ਕਾਇਮ ਕਰ ਰਹੇ ਹਨ।

ਉਹਨਾਂ ਮਾਛੀਵਾੜਾ ਦੇ ਸੀਨੀਅਰ ਆਗੂ ਬਲਵੀਰ ਸਿੰਘ ਮਾਨ ਦੀ ਤਾਰੀਫ਼ ਕਰਦਿਆਂ ਕਿਹਾ ਕਿ ਉਹ ਕਾਫੀ ਲੰਬੇ ਸਮੇਂ ਤੋਂ ਪਾਰਟੀ ਨਾਲ ਜੁੜੇ ਹੋਏ ਹਨ ਅਤੇ ਉਹਨਾਂ ਵੱਲੋਂ ਅੱਗੇ ਤੋਂ ਵੀ ਪਾਰਟੀ ਦੀ ਚੜ੍ਹਦੀ ਕਲਾ ਲਈ ਦਿਨ ਰਾਤ ਕੰਮ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਬਰਜਿੰਦਰ ਸਿੰਘ ਬਬਲੂ ਲੋਪੋਂ ਨੇ ਕਿਹਾ ਕਿ ਪਾਰਟੀ ਵੱਲੋਂ ਉਹਨਾਂ ਨੂੰ ਹਲਕਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ ਜਿਸ ਲਈ ਉਹ ਪਾਰਟੀ ਦੇ ਧੰਨਵਾਦੀ ਹਨ ਅਤੇ ਹਲਕੇ ਦੇ ਸਾਰੇ ਸੀਨੀਅਰ ਆਗੂਆਂ ਅਤੇ ਨੌਜਵਾਨਾਂ ਨੂੰ ਉਹ ਨਾਲ ਲੈ ਕੇ ਚੱਲਣਗੇ ਅਤੇ ਪਾਰਟੀ ਦੀਆਂ ਨੀਤੀਆਂ ਨੂੰ ਘਰ ਘਰ ਪਹੁੰਚਾਉਣਗੇ।

ਇਸ ਮੌਕੇ ਉਹਨਾਂ ਨਾਲ ਹੋਰਨਾਂ ਤੋਂ ਇਲਾਵਾ ਹਲਕਾ ਪਾਇਲ ਤੋਂ ਇੰਚਾਰਜ ਸੰਦੀਪ ਸਿੰਘ ਰੁਪਾਲੋਂ, ਰੁਪਿੰਦਰ ਸਿੰਘ ਬੈਨੀਪਾਲ, ਸੁੱਖਾ ਮਾਨ, ਪਰਮਜੀਤ ਸਿੰਘ, ਗੁਰਵਿੰਦਰ ਸਿੰਘ ਰਠੌਰ, ਰਘਵੀਰ ਸਿੰਘ ਮਾਨ, ਭੁਪਿੰਦਰ ਸਿੰਘ ਗਿੱਲ, ਵਿਕਰਮਜੀਤ ਸਿੰਘ, ਗੁਰਪ੍ਰੀਤ ਸਿੰਘ, ਜਸਬੀਰ ਸਿੰਘ ਢਿੱਲੋਂ, ਜਸਵੀਰ ਸਿੰਘ ਮਾਨ, ਆਕਾਸ਼ਦੀਪ ਸਿੰਘ ਆਦਿ ਮੌਜੂਦ ਸਨ।

ਸਹਿਜ ਢਿੱਲੋਂ ਦੇ ਜਨਮਦਿਨ ਦੀ ਖ਼ੁਸ਼ੀ ਵਿੱਚ ਢਿੱਲੋਂ ਪਰਿਵਾਰ ਨੇ ਲੋੜਵੰਦ ਵਿਦਿਆਰਥੀਆਂ ਨੂੰ ਵੰਡੀਆਂ ਕੋਟੀਆਂ ਅਤੇ ਬੂਟ

ਮਾਛੀਵਾੜਾ ਸਾਹਿਬ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਮਾਛੀਵਾੜਾ ਖੰਨਾ ਮਾਰਗ ਤੇ ਸਥਿਤ ਸਤਲੁਜ ਦਰਿਆ ਨਜ਼ਦੀਕੀ ਪਿੰਡ ਮੰਡ ਉਧੋਵਾਲ ਵਿਖੇ ਪ੍ਰਾਇਮਰੀ ਸਕੂਲ ਵਿੱਚ ਅੱਜ ਲੋੜਵੰਦ ਵਿਦਿਆਰਥੀਆਂ ਨੂੰ ਕੋਟੀਆਂ ਅਤੇ ਬੂਟ ਦਿੱਤੇ ਗਏ। ਮਾਛੀਵਾੜਾ ਸਾਹਿਬ ਸੋਸ਼ਲ ਵੈਲਫੇਅਰ ਐਨ.ਜੀ.ਓ. ਸੋਸਾਇਟੀ ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ ਦੇ ਸਹਿਯੋਗ ਨਾਲ ਮੰਡ ਉਧੋਵਾਲ ਨਿਵਾਸੀ ਪਰਮਜੀਤ ਸਿੰਘ ਢਿੱਲੋ ਪਰਿਵਾਰ ਵੱਲੋਂ ਆਪਣੀ ਪੋਤੀ ਸਹਿਸ ਢਿੱਲੋਂ ਦੇ ਜਨਮਦਿਨ ਦੀ ਖ਼ੁਸ਼ੀ ਵਿੱਚ ਪਿੰਡ ਦੇ ਪ੍ਰਾਇਮਰੀ ਸਕੂਲ ਦੇ ਲੋੜਵੰਦ ਵਿਦਿਆਰਥੀਆਂ ਨੂੰ ਸਰਦੀਆਂ ਦੀਆਂ ਕੋਟੀਆਂ ਅਤੇ ਬੂਟ ਦਿੱਤੇ ਗਏ।

ਸਹਿਸ ਢਿੱਲੋਂ ਦੇ ਪਿਤਾ ਚਰਨਜੀਤ ਸਿੰਘ ਢਿੱਲੋ, ਮਾਤਾ ਟੀਨਾ ਸ਼ਰਮਾ, ਦਾਦੀ ਰੁਪਿੰਦਰ ਕੌਰ ਢਿੱਲੋਂ ਅਤੇ ਛੋਟੀ ਭੈਣ ਏਕਮ ਢਿੱਲੋਂ ਨੇ, ਸਹਿਜ ਢਿੱਲੋਂ ਦੇ ਨਾਲ ਹੋ ਕੇ ਆਪਣੇ ਹੱਥੀ ਵਿਦਿਆਰਥੀਆਂ ਨੂੰ ਕੋਟੀਆਂ ਅਤੇ ਬੂਟ ਵੰਡੇ।ਪਰਮਜੀਤ ਸਿੰਘ ਢਿੱਲੋਂ ਨੇ ਕਿਹਾ ਕਿ ਖੁਸ਼ੀਆਂ ਦੇ ਨਿੱਕੇ ਨਿੱਕੇ ਮੌਕਿਆਂ ਨੂੰ ਵੀ ਸਾਨੂੰ ਲੋੜਵੰਦਾਂ ਨਾਲ ਸਾਂਝਾ ਕਰਨਾ ਚਾਹੀਦਾ ਹੈ ਜਿਸ ਨਾਲ ਜਿੱਥੇ ਮਾਨਸਿਕ ਤੌਰ ਤੇ ਖ਼ੁਸ਼ੀ ਮਿਲਦੀ ਹੈ ਉੱਥੇ ਹੀ ਇਹਨਾਂ ਲੋੜਵੰਦਾਂ ਦੀਆਂ ਅਸੀਸਾਂ ਪਰਮਾਤਮਾ ਦੇ ਚਰਨਾਂ ਵਿੱਚ ਛੇਤੀ ਸੁਣੀਆਂ ਜਾਂਦੀਆਂ ਹਨ।

ਇਸ ਮੌਕੇ ਸਕੂਲ ਹੈਂਡ ਟੀਚਰ ਦੀਪਕ ਬਤਰਾ ਨੇ ਸਮੂਹ ਢਿੱਲੋਂ ਪਰਿਵਾਰ ਵੱਲੋਂ ਆਪਣੀ ਪੋਤੀ ਸਹਿਸ ਢਿੱਲੋ ਦੇ ਜਨਮਦਿਨ ਦੀ ਖ਼ੁਸ਼ੀ ਵਿੱਚ ਸਕੂਲ ਵਿਦਿਆਰਥੀਆਂ ਨੂੰ ਕੋਟੀਆਂ ਤੇ ਬੂਟ ਵੰਡੇ ਜਾਣ ਤੇ ਧੰਨਵਾਦ ਪ੍ਰਗਟ ਕੀਤਾ।

ਡਾ. ਸੰਜੇ ਸਿੰਗਲਾ ਨੇ 30 ਸਤੰਬਰ ਨੂੰ ਮਿਲਾਨ ਵਿੱਚ EASD BBF ਦੇ ਮੰਚ ’ਤੇ ਭਾਰਤ ਦਾ ਮਾਣ ਵਧਾਇਆ

ਪਟਿਆਲਾ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਤੋਂ ਡਾਕਟਰ ਸੰਜੇ ਸਿੰਗਲਾ ਨੇ ਯੂਰਪੀਅਨ ਐਸੋਸੀਏਸ਼ਨ ਫਾਰ ਦ ਸਟਡੀ ਆਫ਼ ਡਾਇਬਟੀਜ਼ (EASD) ਦੀ ਵੱਕਾਰੀ ਸਾਲਾਨਾ ਮੀਟਿੰਗ 5ASD BBF ਵਿੱਚ ਭਾਰਤ ਦੀ ਨੁਮਾਇੰਦਗੀ ਕੀਤੀ। ਇਸ ਕਾਨਫਰੰਸ ਵਿੱਚ ਉਨ੍ਹਾਂ ਨੂੰ ਪੋਡੀਅਮ ’ਤੇ ਖੋਜ ਪੇਸ਼ ਕਰਨ ਲਈ ਸੱਦਾ ਦਿੱਤਾ ਗਿਆ ਅਤੇ ਉਹ ਭਾਰਤ ਵੱਲੋਂ ਸੱਦੇ ਗਏ ਇਕਲੌਤੇ ਬੁਲਾਰੇ ਸਨ।

ਉਨ੍ਹਾਂ ਨੇ ਦ ਪ੍ਰਿਜ਼ਰਵ ਟ੍ਰਾਇਲ ਪੇਸ਼ ਕੀਤਾ। ਇਹ ਇੱਕ ਕਲੀਨਿਕਲ ਅਧਿਐਨ ਹੈ, ਜੋ CY-BORG – Decode Healthspan Clinical Intelligence ਦੇ ਅਧੀਨ ਕੀਤਾ ਗਿਆ। ਡਾ. ਸੰਜੇ ਸਿੰਗਲਾ ਅਤੇ ਉਨ੍ਹਾਂ ਦੀ ਟੀਮ ਨੇ ਆਧੁਨਿਕ ਭਾਰ ਘਟਾਉਣ ਵਾਲੇ ਇਲਾਜ ਨਾਲ ਜੁੜੀ ਇੱਕ ਮਹੱਤਵਪੂਰਨ ਚੁਣੌਤੀ ਤੇ ਧਿਆਨ ਕੇਂਦਰਿਤ ਕੀਤਾ—ਭਾਰ ਘਟਾਉਂਦੇ ਸਮੇਂ ਮਾਸਪੇਸ਼ੀਆਂ ਦੇ ਪੁੰਜ ਨੂੰ ਸੁਰੱਖਿਅਤ ਰੱਖਣਾ।ਜਿਵੇਂ-ਜਿਵੇਂ ਭਾਰ ਘਟਾਉਣ ਵਾਲੀਆਂ ਦਵਾਈਆਂ ਦੀ ਵਰਤੋਂ ਵਧ ਰਹੀ ਹੈ, ਡਾਕਟਰਾਂ ਲਈ ਇਹ ਧਿਆਨ ਦੇਣਾ ਜ਼ਰੂਰੀ ਹੋ ਗਿਆ ਹੈ ਕਿ ਵਿਅਕਤੀ ਦਾ ਭਾਰ ਕਿੰਨਾ ਘਟ ਰਿਹਾ ਹੈ, ਇਸ ਦੇ ਨਾਲ-ਨਾਲ ਉਸ ਦੀਆਂ ਮਾਸਪੇਸ਼ੀਆਂ ਦੀ ਤਾਕਤ ਅਤੇ ਸਮੁੱਚੀ ਸਿਹਤ ਵੀ ਬਰਕਰਾਰ ਰਹੇ।

ਡਾ. ਸੰਜੇ ਸਿੰਗਲਾ ਦੇ ਅਧਿਐਨ ਵਿੱਚ ਜੀ ਐਲ ਪੀ-1 ਆਧਾਰਿਤ ਭਾਰ ਘਟਾਉਣ ਵਾਲੇ ਇਲਾਜਾਂ ਦੇ ਨਾਲ ਐਮੀਨੋ 9+ ਜ਼ਰੂਰੀ ਅਮੀਨੋ ਐਸਿਡ ਅਤੇ ਕ੍ਰੀਏਟਿਨ ਦੀ ਵਰਤੋਂ ਦਾ ਅਧਿਐਨ ਕੀਤਾ ਗਿਆ। EASD BBF ਵਿੱਚ ਹਜ਼ਾਰਾਂ ਪ੍ਰਮੁੱਖ ਡਾਕਟਰਾਂ ਅਤੇ ਖੋਜਕਰਤਾਵਾਂ ਦੇ ਸਾਹਮਣੇ ਆਪਣੀ ਖੋਜ ਪੇਸ਼ ਕਰਨਾ ਡਾ. ਸੰਜੇ ਸਿੰਗਲਾ ਅਤੇ ਉਨ੍ਹਾਂ ਦੀ ਟੀਮ ਲਈ ਇੱਕ ਮਹੱਤਵਪੂਰਨ ਪ੍ਰਾਪਤੀ ਹੈ। ਇਸ ਨਾਲ ਮਾਸਪੇਸ਼ੀਆਂ ਨੂੰ ਸੁਰੱਖਿਅਤ ਰੱਖਣ ਅਤੇ ਸਿਹਤਮੰਦ ਤਰੀਕੇ ਨਾਲ ਭਾਰ ਘਟਾਉਣ ਬਾਰੇ ਉਨ੍ਹਾਂ ਦੇ ਕੰਮ ਨੂੰ ਅੰਤਰਰਾਸ਼ਟਰੀ ਮੰਚ ’ਤੇ ਪਛਾਣ ਮਿਲੀ ਹੈ।ਭਾਰ ਘਟਾਉਣਾ ਸਿਰਫ਼ ਕਿਲੋ ਘਟਾਉਣ ਬਾਰੇ ਨਹੀਂ ਹੈ। ਇਹ ਮਾਸਪੇਸ਼ੀਆਂ ਦੇ ਪੁੰਜ ਨੂੰ ਸੁਰੱਖਿਅਤ ਰੱਖਣ ਬਾਰੇ ਵੀ ਹੈ, ਕਿਉਂਕਿ ਮਾਸਪੇਸ਼ੀਆਂ ਸਾਨੂੰ ਤਾਕਤਵਰ ਅਤੇ ਸਿਹਤਮੰਦ ਰੱਖਣ ਦੇ ਨਾਲ-ਨਾਲ ਸਾਡੀ ਜੀਵਨ-ਉਮੀਦ ਵਧਾਉਣ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।

ਪਬਲਿਕ ਨਸ਼ਾ ਤਸਕਰਾਂ ਵਿਰੁੱਧ ਜਾਣਕਾਰੀ ਦੇਣ ਲਈ ਬਗੈਰ ਕਿਸੇ ਡਰ ਭੈ ਦੇ ਉਹਨਾਂ ਦੀ ਸੂਚਨਾ ਪੁਲਿਸ ਨੂੰ ਦੇਣ ਲਈ ਅੱਗੇ ਆਏ ਸੂਚਨਾ ਦੇਣ ਵਾਲੇ ਦਾ ਨਾਮ ਪੁਲਿਸ ਵੱਲੋਂ ਗੁਪਤ ਰੱਖਿਆ ਜਾਦਾ ਹੈ : ਐਸ ਪੀ ਇੰਨਵੈਸਟੀਗੇਸਨ ਰਾਜੇਸ਼ ਛਿੱਬਰ

ਪਟਿਆਲਾ,16 ਅਕਤੂਬਰ
-ਅਮਰਜੀਤ ਸਿੰਘ-
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ਼ ਇੰਡੀਆ, ਪਾਵਰ ਹਾਊਸ ਯੂਥ ਕਲੱਬ ਅਤੇ ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਰਪ੍ਰਸਤ ਅਤੇ ਚੇਅਰਮੈਨ, ਸਟੇਟ ਐਵਾਰਡੀ ਸ੍ਰੀ ਪਰਮਿੰਦਰ ਭਲਵਾਨ, ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ ਪਟਿਆਲਾ ਪੁਲਿਸ, ਮੈਂਬਰ ਵੂਮੈਨ ਕਾਉਂਸਲਿੰਗ ਸੈੱਲ ਪਟਿਆਲਾ ਪੁਲਿਸ ਅਤੇ ਗਵਰਨਰ ਐਵਾਰਡੀ ਸ੍ਰੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਵੱਲੋਂ ਅੱਜ ਐਸ.ਪੀ. ਇਨਵੈਸਟੀਗੇਸ਼ਨ ਪਟਿਆਲਾ ਸ੍ਰੀ ਰਾਜੇਸ਼ ਕੁਮਾਰ ਛਿੱਬਰ ਜੀ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਗਈ।

ਮੁਲਾਕਾਤ ਦੌਰਾਨ ਸਮਾਜ ਸੇਵੀ ਸੰਸਥਾਵਾਂ ਵੱਲੋਂ ਜ਼ਿਲ੍ਹਾ ਪਟਿਆਲਾ ਵਿੱਚ ਨਸ਼ਿਆਂ ਦੀ ਰੋਕਥਾਮ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।

ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਨੇ ਐਸ ਪੀ ਇੰਨਵੈਸਟੀਗੇਸਨ ਰਾਜੇਸ਼ ਛਿੱਬਰ ਨੂੰ ਦੱਸਿਆ ਕਿ ਉਹਨਾਂ ਦੀਆਂ ਸੰਸਥਾਵਾਂ ਵੱਲੋਂ ਪਿਛਲੇ ਕਈ ਸਾਲਾਂ ਤੋਂ ਪੰਜਾਬ ਪੁਲਿਸ ਦੇ ਸਹਿਯੋਗ ਨਾਲ ਪਿੰਡ-ਪਿੰਡ, ਸਕੂਲਾਂ-ਕਾਲਜਾਂ ਅਤੇ ਸ਼ਹਿਰੀ ਬਸਤੀਆਂ ਵਿੱਚ ਜਾ ਕੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਲਈ ਪੁਲਿਸ ਅਤੇ ਸਮਾਜ ਸੇਵੀ ਸੰਸਥਾਵਾਂ ਨੂੰ ਰਲ-ਮਿਲ ਕੇ ਇਸ ਬੁਰਾਈ ਖਿਲਾਫ ਲੜਨਾ ਪਵੇਗਾ।

ਇਸ ਮੌਕੇ ਐਸ ਪੀ ਇੰਨਵੈਸਟੀਗੇਸਨ ਰਾਜੇਸ਼ ਕੁਮਾਰ ਛਿੱਬਰ ਕਿਹਾ ਕਿ ਪਰਮਿੰਦਰ ਭਲਵਾਨ ਅਤੇ ਜਤਵਿੰਦਰ ਗਰੇਵਾਲ ਦੀ ਟੀਮ ਵੱਲੋਂ“ਨਸ਼ਾ ਮੁਕਤ ਭਾਰਤ ਅਭਿਆਨ’ ਅਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਲਗਾਤਾਰ ਸੈਮੀਨਾਰ, ਰੈਲੀਆਂ, ਨੁੱਕੜ ਨਾਟਕ ਅਤੇ ਕਾਉਂਸਲਿੰਗ ਕੈਂਪ ਲਗਾਏ ਜਾ ਰਹੇ ਹਨ ਜੋਂ ਕਿ ਬਹੁਤ ਹੀ ਸ਼ਲਾਘਾਯੋਗ ਉਪਰਾਲੇ ਹਨ।

ਉਹਨਾਂ ਕਿਹਾ ਕਿ ਬਹੁਤ ਸਾਰੇ ਨੌਜਵਾਨ ਜੋ ਗਲਤ ਸੰਗਤ ਕਾਰਨ ਨਸ਼ਿਆਂ ਦੀ ਦਲਦਲ ਵਿੱਚ ਫਸ ਗਏ ਸਨ, ਉਹਨਾਂ ਨੂੰ ਕਾਉਂਸਲਿੰਗ ਰਾਹੀਂ ਮੁੱਖ ਧਾਰਾ ਵਿੱਚ ਵਾਪਸ ਲਿਆਂਦਾ ਗਿਆ ਹੈ ਅਤੇ ਉਹਨਾਂ ਦਾ ਇਲਾਜ ਕਰਵਾ ਕੇ ਰੁਜ਼ਗਾਰ ਨਾਲ ਵੀ ਜੋੜਿਆ ਗਿਆ ਹੈ।ਉਹਨਾਂ ਕਿਹਾ ਕਿ ਪਟਿਆਲਾ ਪੁਲਿਸ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਤਹਿਤ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਕਰ ਰਹੀ ਹੈ, ਪਰ ਪੁਲਿਸ ਦੀ ਕਾਰਵਾਈ ਦੇ ਨਾਲ-ਨਾਲ ਸਮਾਜਿਕ ਜਾਗਰੂਕਤਾ ਬਹੁਤ ਜ਼ਰੂਰੀ ਹੈ। ਉਹਨਾਂ ਕਿਹਾ ਕਿ ਜ਼ਿਲ੍ਹਾ ਸਾਂਝ ਕੇਂਦਰ, ਜ਼ਿਲ੍ਹਾ ਯੁਵਾ ਸਾਂਝ ਕਮੇਟੀ ਅਤੇ ਵੂਮੈਨ ਕਾਉਂਸਲਿੰਗ ਸੈੱਲ ਰਾਹੀਂ ਪੁਲਿਸ ਲੋਕਾਂ ਦੇ ਹੋਰ ਨੇੜੇ ਆ ਰਹੀ ਹੈ ਅਤੇ ਅਜਿਹੀਆਂ ਸੰਸਥਾਵਾਂ ਦਾ ਸਹਿਯੋਗ ਪੁਲਿਸ ਲਈ ਬਹੁਤ ਹੀ ਕੀਮਤੀ ਹੈ।

ਉਹਨਾਂ ਨੇ ਭਰੋਸਾ ਦਿੱਤਾ ਕਿ ਪਟਿਆਲਾ ਪੁਲਿਸ ਵੱਲੋਂ ਭਵਿੱਖ ਵਿੱਚ ਵੀ ਯੂਥ ਫੈਡਰੇਸ਼ਨ ਆਫ਼ ਇੰਡੀਆ, ਪਾਵਰ ਹਾਊਸ ਯੂਥ ਕਲੱਬ ਅਤੇ ਯੁਵਕ ਸੇਵਾਵਾਂ ਕਲੱਬ ਦੀਪ ਨਗਰ ਵਰਗੀਆਂ ਸੰਸਥਾਵਾਂ ਨੂੰ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਜਾਵੇਗਾ ਤਾਂ ਜੋ ਜ਼ਿਆਦਾ ਤੋਂ ਜ਼ਿਆਦਾ ਜਾਗਰੂਕਤਾ ਪ੍ਰੋਗਰਾਮ ਲਗਾਏ ਜਾ ਸਕਣ।

ਉਹਨਾਂ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਤੋਂ ਦੂਰ ਰਹਿਣ, ਖੇਡਾਂ ਨਾਲ ਜੁੜਨ ਅਤੇ ਆਪਣੀ ਊਰਜਾ ਨੂੰ ਦੇਸ਼ ਅਤੇ ਸਮਾਜ ਦੀ ਸੇਵਾ ਵਿੱਚ ਲਗਾਉਣ। ਉਹਨਾਂ ਕਿਹਾ ਕਿ ਜੇਕਰ ਕਿਸੇ ਨੂੰ ਆਪਣੇ ਆਸ-ਪਾਸ ਨਸ਼ਾ ਵਿਕਣ ਦੀ ਸੂਚਨਾ ਮਿਲਦੀ ਹੈ ਤਾਂ ਉਹ ਬਿਨਾਂ ਡਰ ਦੇ ਪੁਲਿਸ ਨੂੰ ਸੂਚਿਤ ਕਰੇ, ਸੂਚਨਾ ਦੇਣ ਵਾਲੇ ਦੀ ਪਛਾਣ ਗੁਪਤ ਰੱਖੀ ਜਾਵੇਗੀ।

ਇਸ ਮੌਕੇ ਪਰਮਿੰਦਰ ਭਲਵਾਨ ਅਤੇ ਜਤਵਿੰਦਰ ਗਰੇਵਾਲ ਨੇ ਐਸ.ਪੀ. ਸਾਹਿਬ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪਟਿਆਲਾ ਪੁਲਿਸ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਪਟਿਆਲਾ ਜ਼ਿਲ੍ਹੇ ਨੂੰ ਨਸ਼ਾ ਮੁਕਤ ਬਣਾਉਣ ਲਈ ਆਪਣਾ ਯੋਗਦਾਨ ਦਿੰਦੇ ਰਹਿਣਗੇ।

ਕੱਲਰ ਭੈਣੀ ਵਿਖੇ ਆਜੀਵਿਕਾ ਮਿਸ਼ਨ ਤਹਿਤ ਮਹਿਲਾਵਾਂ ਨੂੰ ਆਤਮਨਿਰਭਰ ਬਣਾਉਣ ’ਤੇ ਜ਼ੋਰ

ਪਟਿਆਲਾ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਰਾਜ ਦਿਹਾਤੀ ਆਜੀਵਿਕਾ ਮਿਸ਼ਨ, ਪਟਿਆਲਾ ਦੇ ਜਿਲ੍ਹਾ ਮਿਸ਼ਨ ਡਾਇਰੈਕਟਰ ਸ. ਦਮਨਜੀਤ ਸਿੰਘ ਮਾਨ, ਪੀ.ਸੀ.ਐਸ.,ਏ.ਡੀ.ਸੀ.(ਪੇਂਡੂ ਵਿਕਾਸ),ਪਟਿਆਲਾ ਜੀ ਰਹਿਨੁਮਾਈ ਹੇਠ ਬਲਾਕ ਮਿਸ਼ਨ ਡਾਇਰੈਕਟਰ ਸ. ਹਰਮਿੰਦਰ ਸਿੰਘ (ਰੁੜਕੀ ਵਾਲੇ), ਬੀ.ਡੀ.ਪੀ.ਓ. ਪਟਿਆਲਾ ਜੀ ਦੇ ਸਹਿਯੋਗ ਸਦਕਾ ਬਲਾਕ ਪਟਿਆਲਾ ਵਿੱਚ ਪੈਂਦੇ ਪਿੰਡ ਕੱਲਰ ਭੈਣੀ ਵਿੱਖੇ ਮਿਲਾਪ ਕਲੱਸਟਰ ਲੈਵਲ ਫੈਡਰੇਸ਼ਨ ਦੀ ਜਰਨਲ ਬਾਡੀ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਸੀ.ਐਲ.ਐਫ. ਅਧੀਨ ਆਉਂਦੇ 27 ਗ੍ਰਾਮ ਸੰਗਠਨਾਂ ਦੇ ਮੈਂਬਰ ਹਾਜ਼ਰ ਆਏ। ਇਸ ਮੀਟਿੰਗ ਦਾ ਮੁੱਖ ਉੱਦੇਸ਼ ਮੈਂਬਰਾਂ ਨਾਲ ਸੀ.ਐਲ.ਐਫ. ਤਹਿਤ ਗ੍ਰਾਮ ਸੰਗਠਨ ਪੱਧਰ ਤੇ ਚੱਲ ਰਹੇ ਕੰਮਾਂ ਅਤੇ ਭਵਿੱਖ ਵਿੱਚ ਹੋਣ ਵਾਲੇ ਕੰਮਾਂ ਦੀ ਰਣਨੀਤੀ ਤਿਆਰ ਕਰਨੀ ਸੀ। ਇਸ ਮੀਟਿੰਗ ਦਾ ਆਯੋਜਨ ਸ਼੍ਰੀ ਵਰੁਨ ਪ੍ਰਾਸ਼ਰ ਬੀ.ਪੀ.ਐਮ. ਦੀ ਅਗਵਾਈ ਹੇਠ ਕੀਤਾ ਗਿਆ। ਉਹਨਾਂ ਵੱਲੋਂ ਇਸ ਮਿਸ਼ਨ ਤਹਿਤ ਬਣੀਆਂ ਸਬ-ਕਮੇਟੀਆਂ ਦੀ ਕਾਰਜਪ੍ਰਣਾਲੀ ਸਬੰਧੀ ਚਰਚਾ ਕੀਤੀ ਅਤੇ ਹਾਜ਼ਰ ਆਏ ਮੈਂਬਰਾਂ ਨੂੰ ਬੈਂਕ ਲੋਨ ਸਬੰਧੀ, ਆਈਡਲ ਫੰਡ ਅਤੇ ਵੀ.ਜੀ.ਐਫ. ਤਹਿਤ ਕੀਤੇ ਖ਼ਰਚ ਅਤੇ ਸੀ.ਐਲ.ਐਫ. ਦੇ ਲੇਖਾ-ਜੋਖਾ, ਆਰ.ਐਫ./ਸੀ.ਆਈ.ਐਫ. ਅਤੇ ਗਰੁੱਪਾਂ ਵੱਲੋਂ ਪਿਛਲੇ ਸਾਲ ਦੌਰਾਨ ਪ੍ਰਾਪਤ ਕੀਤੇ ਟੀਚੇ ਬਾਰੇ ਵਿਸਥਾਰਪੂਰਵਕ ਜਾਣੂ ਕਰਵਾਇਆ ਗਿਆ। ਇਸ ਮੀਟਿੰਗ ਵਿੱਚ ਬਲਾਕ ਮਿਸ਼ਨ ਡਾਇਰੈਕਟਰ ਸ. ਹਰਮਿੰਦਰ ਸਿੰਘ (ਰੁੜਕੀ ਵਾਲੇ), ਬੀ.ਡੀ.ਪੀ.ਓ. ਪਟਿਆਲਾ ਜੀ ਅਤੇ ਸੁਪਰਡੈਂਟ ਸ਼੍ਰੀ ਨਵਨੀਤ ਕੁਮਾਰ ਪੁਰੀ ਜੀ ਵੱਲੋਂ ਹਾਜ਼ਰ ਹੋ ਕੇ ਸਮੂਹ ਮੈਂਬਰਾਂ ਨੂੰ ਪਿਛਲੇ ਸਾਲ ਦੇ ਪ੍ਰਾਪਤ ਕੀਤੇ ਗਏ ਟੀਚਿਆਂ ਦੀ ਸਲਾਘਾ ਕਰਦੇ ਹੋਏ ਵਧਾਈ ਦਿੱਤੀ ਅਤੇ ਮਿਸਨ ਤਹਿਤ ਹੋਰ ਵੱਧ-ਚੜ ਕੇ ਆਪਣਾ ਯੋਗਦਾਨ ਦੇਣ ਬਾਰੇ ਕਿਹਾ ਤਾਂ ਜੋ ਮੈਂਬਰ ਸਰਕਾਰ ਵੱਲੋਂ ਚਲਾਈਆਂ ਗਈਆਂ ਸਕੀਮਾਂ ਦਾ ਵੱਧ ਤੋਂ ਵੱਧ ਫਾਇਦਾ ਲੈ ਕੇ ਆਤਮਨਿਰਭਰ ਹੋਣ ਦੇ ਨਾਲ ਨਾਲ ਆਪਣਾ ਜੀਵਨ ਪੱਧਰ ਉੱਚਾ ਕਰ ਸਕਨ। ਇਸ ਮੌਕੇ ਸਰਪੰਚ ਗ੍ਰਾਮ ਪੰਚਾਇਤ ਕੱਲਰ ਭੈਣੀ, ਸ.ਹਰਪ੍ਰੀਤ ਸਿੰਘ (ਗੋਸ਼ਾ) ਅਤੇ ਪਿੰਡ ਦੇ ਹੋਰ ਮੋਹਤਵਾਰ ਵਿਅਕਤੀਆਂ ਵੱਲੋਂ ਸ਼ਮੂਲਿਅਤ ਕੀਤੀ ਗਈ।

ਜਿਲ੍ਹਾ ਪਟਿਆਲਾ ਵਿਖੇ ਜਨਗਣਨਾ-2027 ਦੇ ਦੂਜੇ ਪੜਾਅ (ਆਬਾਦੀ ਗਣਨਾ) ਸਬੰਧੀ ਗਿਣਤੀਕਾਰਾਂ ਅਤੇ ਸੁਪਰਵਾਈਜਰਾਂ ਦੀ ਟ੍ਰੇਨਿੰਗ ਵਰਕਸ਼ਾਪ

ਪਟਿਆਲਾ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਜਿਲ੍ਹਾ ਪਟਿਆਲਾ ਵਿਖੇ ਜਨਗਣਨਾ 2027 ਸਬੰਧੀ ਗਿਣਤੀਕਾਰਾਂ ਅਤੇ ਸੁਪਰਵਾਈਜਰਾਂ ਦੀ ਚਾਰਜ ਪੱਧਰ ਤੇ (6 ਤਹਿਸੀਲਾਂ ਅਤੇ 5 ਨਗਰ ਕੌਸ਼ਲਾਂ ਅਤੇ 4 ਨਗਰ ਪੰਚਾਇਤਾਂ) ਜਨਗਣਨਾ-2027 ਦੇ ਦੂਜੇ ਪੜਾਅ (ਆਬਾਦੀ ਗਣਨਾ) ਸਬੰਧੀ ਟ੍ਰੇਨਿੰਗਾਂ ਸ਼ੁਰੂ ਹੋ ਗਈਆਂ ਹਨ ਇਹ ਟ੍ਰੇਨਿੰਗਾਂ ਸੈਂਸਜ ਸਰਕੂਲਰ ਨੰ. 27 ਅਨੁਸਾਰ ਮਿਤੀ 05.10.2026 ਤੋਂ ਮਿਤੀ 10.11.2026 ਤੱਕ ਕਰਵਾਈ ਜਾਣੀਆਂ ਹਨ।

ਇਹ ਟ੍ਰੇਨਿੰਗਾਂ ਡਿਪਟੀ ਕਮਿਸ਼ਨਰ-ਕਮ-ਪ੍ਰਿੰਸੀਪਲ ਸੈਂਸਜ ਅਫਸਰ, ਪਟਿਆਲਾ ਡਾ. ਹਿਮਾਂਸ਼ੂ ਅਗਰਵਾਲ (ਆਈ.ਏ.ਐਸ) ਜੀ ਦੀ ਅਗਵਾਈ ਹੇਠ ਸ਼ੁਰੂ ਹੋਈ ਹੈ। ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ)-ਕਮ-ਜਿਲ੍ਹਾ ਸੈਂਸਜ ਅਫਸਰ ਦਮਨਜੀਤ ਸਿੰਘ ਮਾਨ (ਪੀ.ਸੀ.ਐਸ) ਜਿਲ੍ਹਾ ਪਟਿਆਲਾ ਵਿਖੇ ਬਤੌਰ ਸੈਂਸਜ ਨੋਡਲ ਅਫਸਰ ਹਨ।

ਜਿਲ੍ਹਾ ਪੱਧਰ ਤੇ ਟ੍ਰੇਨਿੰਗ ਪ੍ਰਾਪਤ 58 ਫੀਲਡ ਟ੍ਰੇਨਰਾਂ ਵੱਲੋਂ 6 ਤਹਿਸੀਲਾਂ, 5 ਨਗਰ ਕੌਸ਼ਲਾਂ ਅਤੇ 4 ਨਗਰ ਪੰਚਾਇਤਾਂ ਵਿਖੇ ਲਗਭਗ 3300 ਗਿਣਤੀਕਾਰਾਂ ਅਤੇ ਸੁਪਰਵਾਈਜਰਾਂ ਸਮੇਤ ਰਿਜ਼ਰਵ ਸਟਾਫ ਨੂੰ ਟ੍ਰੇਨਿੰਗਾਂ ਦਿੱਤੀਆਂ ਜਾ ਰਹੀਆਂ ਹਨ। ਇਨ੍ਹਾਂ ਟ੍ਰੇਨਿੰਗਾਂ ਦੀ ਮੋਨੀਟਰਿੰਗ ਅਮਨ ਕੁਮਾਰ ਬਲਿਹਾਰ, ਜਿਲ੍ਹਾ ਕੁਆਡੀਨੇਟਰ, ਸੈਂਸਜ ਓਪਰੇਸ਼ਨ ਵਿਭਾਗ ਪੰਜਾਬ ਚੰਡੀਗੜ੍ਹ, ਨਿਸ਼ੂ ਸ਼ਰਮਾ, ਮਾਸਟਰ ਟ੍ਰੇਨਰ ਪਟਿਆਲਾ ਅਤੇ ਸਹਾਇਕ ਖੋਜ ਅਫਸਰ-ਕਮ-ਵਧੀਕ ਜਿਲ੍ਹਾ ਸੈਂਸਜ ਅਫਸਰ, ਪਟਿਆਲਾ ਜਸਵਿੰਦਰ ਕੌਰ ਅਤੇ ਸੈਂਸਜ ਸੈੱਲ ਟੀਮ ਵੱਲੋਂ ਚਾਰਜ ਪੱਧਰ ਤੇ ਜਾ ਕੇ ਕੀਤੀ ਜਾ ਰਹੀ ਹੈ।

ਸੈਂਸਜ-2027 ਦੇ ਦੂਜੇ ਫੇਸ ਵਿੱਚ ਇਨਾਂ ਗਿਣਤੀਕਾਰਾਂ ਵੱਲੋਂ ਮਿਤੀ 01 ਦਸੰਬਰ 2026 ਤੋ 4 ਜਨਵਰੀ 2027 ਤੱਕ ਲੋਕਾਂ ਦੇ ਘਰ-ਘਰ ਜਾ ਕੇ ਆਬਾਦੀ ਗਣਨਾ ਦਾ ਕੰਮ ਕੀਤਾ ਜਾਵੇਗਾ ਅਤੇ ਨਾਗਰਿਕਾਂ ਨੂੰ 40 ਸਵਾਲ ਪੁੱਛੇ ਜਾਣਗੇ। ਇਨ੍ਹਾਂ ਸੁਪਰਵਾਈਜ਼ਰ ਅਤੇ ਗਿਣਤੀਕਾਰਾਂ ਨੂੰ ਤਹਿਸੀਲ/ਚਾਰਜ ਪੱਧਰ ਤੇ ਸਿਖਲਾਈ ਪ੍ਰੋਗਰਾਮ ਦੌਰਾਨ ਜਨਗਣਨਾ-2027 ਦੇ ਦੂਜੇ ਪੜਾਅ ਨਾਲ ਸਬੰਧਤ ਵੱਖ-ਵੱਖ ਮਹੱਤਵਪੂਰਨ ਵਿਸ਼ਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ, ਪ੍ਰੈਕਟੀਕਲ ਡੈਮੋ ਅਤੇ ਅਭਿਆਸ ਕਰਵਾਇਆ ਜਾ ਰਿਹਾ ਹੈ।ਜਿਲ੍ਹਾ ਪਟਿਆਲਾ ਵਿਖੇ ਸੈਂਸਜ-2027 ਦੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ)-ਕਮ-ਜਿਲ੍ਹਾ ਸੈਂਸਜ ਅਫਸਰ ਵੱਲੋਂ ਦੱਸਿਆ ਗਿਆ ਕਿ ਇਸ ਜਨਗਣਨਾ ਵਿੱਚ ‘ਸੈਲਫ ਇਨੁਮੀਰੇਸ਼ਨ’ ਦੇ ਕੰਮ ਵਜੋਂ ਪਹਿਲ ਕੀਤੀ ਗਈ ਹੈ। ਜਿਸ ਵਿੱਚ ਕੋਈ ਵੀ ਨਾਗਰਿਕ ਆਪਣੇ ਘਰ ਦੀ ਗਿਣਤੀ ਮਿਤੀ 16 ਨਵੰਬਰ 2026 ਤੋਂ 30 ਨਵੰਬਰ 2026 ਤੱਕ ਆਪ ਕਰ ਸਕਦਾ ਹੈ ਅਤੇ ਜਿਲ੍ਹਾ ਪਟਿਆਲਾ ਦੇ ਵਾਸੀਆ ਨੂੰ ਅਪੀਲ ਕੀਤੀ ‘ਸੈਲਫ ਇਨੁਮੀਰੇਸ਼ਨ’ ਦੇ ਕੰਮ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਇਆ ਜਾਵੇ। ਜਨਗਣਨਾ ਦਾ ਦੂਜਾ ਫੇਸ 01 ਦਸੰਬਰ 2026 ਤੋਂ 04 ਜਨਵਰੀ 2027 ਤੱਕ ਆਬਾਦੀ ਗਣਨਾ ਵਜੋਂ ਸ਼ੁਰੂ ਕੀਤਾ ਜਾਵੇਗਾ, ਜਿਸ ਵਿੱਚ ਇਨੁਮੀਰੇਟਰ ਲੋਕਾਂ ਦੇ ਘਰ-ਘਰ ਜਾ ਕੇ ਆਬਾਦੀ ਗਣਨਾ ਦਾ ਕੰਮ ਕਰਨਗੇ ਅਤੇ ਨਾਗਰਿਕਾਂ ਨੂੰ 40 ਸਵਾਲ ਪੁੱਛੇ ਜਾਣਗੇ। ਮਾਨਯੋਗ ਡਿਪਟੀ ਕਮਿਸ਼ਨਰ ਜੀ ਅਤੇ ਮਾਨਯੋਗ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ), ਪਟਿਆਲਾ ਜੀ ਵੱਲੋਂ ਜਿਲ੍ਹੇ ਦੇ ਸਮੂਹ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਭਾਰਤ ਸਰਕਾਰ ਵੱਲੋਂ ਕਰਵਾਏ ਜਾ ਰਹੇ ਜਨਗਣਨਾ ਦੇ ਇਸ ਕੰਮ ਵਿਚ ਪੂਰਨ ਸਹਿਯੋਗ ਕਰਨ। ਸੈਂਸਜ ਟ੍ਰੇਨਿੰਗ ਦੀ ਮੋਨੀਟਰਿੰਗ ਦੌਰਾਨ ਤਹਿਸੀਲ ਪਟਿਆਲਾ ਵਿਖੇ ਉਪ ਅਰਥ ਅਤੇ ਅੰਕੜਾ ਸਲਾਹਕਾਰ ਸ੍ਰੀਮਤੀ ਜਸਵਿੰਦਰ ਕੌਰ, ਅਮਨ ਕੁਮਾਰ ਬਲਿਹਾਰ, ਜਿਲ੍ਹਾ ਕੁਆਡੀਨੇਟਰ, ਸੈਂਸਜ ਸੈੱਲ ਟੀਮ ਨਰਿੰਦਰ ਕੁਮਾਰ, ਕਲਰਕ (ਲੇਖਾ), ਬਿਕਰਮਜੀਤ ਸਿੰਘ ਇੰਨਵੈਸਟੀਗੇਟਰ, ਕੁਲਇੰਦਰਜੀਤ ਸਿੰਘ, ਹੇਮੰਤ ਕੁਮਾਰ ਇੰਨਵੈਸਟੀਗੇਟਰ ਮੌਜੂਦ ਰਹੇ।

ਮਾਛੀਵਾੜਾ ਵਿਖੇ ਜਥੇਦਾਰ ਖੇੜਾ ਦੇ ਘਰ ਬਬਲੂ ਲੋਪੋਂ ਨਾਲ ਪਹੁੰਚੇ ਮਨਪ੍ਰੀਤ ਇਆਲੀ, ਵਾਰਿਸ ਪੰਜਾਬ ਪਾਰਟੀ ਕਰੇਗੀ ਸ਼ਾਨਦਾਰ ਜਿੱਤ ਪ੍ਰਾਪਤ: ਇਆਲੀ

ਮਾਛੀਵਾੜਾ ਸਾਹਿਬ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਅਕਾਲੀ ਦਲ ਵਾਰਿਸ ਪੰਜਾਬ ਪਾਰਟੀ ਦੇ ਸੀਨੀਅਰ ਆਗੂ ਮਨਪ੍ਰੀਤ ਸਿੰਘ ਇਆਲੀ ਅੱਜ ਵਿਸ਼ੇਸ਼ ਤੌਰ ਦੇ ਮਾਛੀਵਾੜਾ ਸਾਹਿਬ ਜਥੇਦਾਰ ਮਨਮੋਹਨ ਸਿੰਘ ਖੇੜਾ ਦੇ ਘਰ ਪੁੱਜੇ,ਜਿੱਥੇ ਉਹਨਾਂ ਹਲਕਾ ਸਮਰਾਲਾ ਤੋਂ ਨਵ ਨਿਯੁਕਤ ਇੰਚਾਰਜ ਬਰਜਿੰਦਰ ਸਿੰਘ ਬਬਲੂ ਲੋਪੋਂ ਦੀ ਚੋਣ ਸੰਬੰਧੀ ਵਿਚਾਰ ਵਟਾਂਦਰਾ ਕੀਤਾ।

ਉਹਨਾਂ ਸੰਬੋਧਨ ਕਰਦਿਆਂ ਕਿਹਾ ਕਿ ਭਾਈ ਅੰਮ੍ਰਿਤ ਪਾਲ ਸਿੰਘ ਦੀ ਸੋਚ ਨੂੰ ਪੂਰੇ ਪੰਜਾਬ ਵਿੱਚ ਹੀ ਨਹੀਂ ਦੁਨੀਆਂ ਭਰ ਵਿੱਚ ਵੱਡਾ ਹੁੰਗਾਰਾ ਮਿਲ ਰਿਹਾ ਹੈ ਤੇ ਬਹੁਤ ਥੋੜੇ ਸਮੇਂ ਵਿੱਚ ਹੀ ਵਾਰਿਸ ਪੰਜਾਬ ਪਾਰਟੀ ਦਾ ਗਰਾਫ ਬਹੁਤ ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ ਇਹ ਅੱਜ ਦੇ ਪੰਜਾਬ ਦੇ ਨੌਜਵਾਨਾਂ ਦੇ ਵਡਮੁੱਲੇ ਸਹਿਯੋਗ ਸਦਕਾ ਹੈ ,ਜੋ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਬਚਾਉਣ ਦਾ ਅਹਿਦ ਲੈ ਚੁੱਕੇ ਹਨ। ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਪਾਰਟੀ ਆਪਣੇ ਸਿਧਾਂਤਾਂ ਤੋਂ ਭਟਕ ਕੇ ਇੱਕ ਪਰਿਵਾਰ ਦੀ ਪਾਰਟੀ ਹੋ ਕੇ ਰਹਿ ਗਈ ਹੈ ,ਜਿਸ ਕਾਰਨ ਸਿੱਖ ਸੰਗਤਾਂ ਨੇ ਉਸ ਪਾਰਟੀ ਤੋਂ ਕਿਨਾਰਾ ਕਰ ਭਾਈ ਅੰਮ੍ਰਿਤਪਾਲ ਸਿੰਘ ਦੀ ਪਾਰਟੀ ਵਾਰਿਸ ਪੰਜਾਬ ਨਾਲ ਜੁੜਨ ਦਾ ਫੈਸਲਾ ਲਿਆ। ਉਹਨਾਂ ਕਿਹਾ ਕਿ ਬਰਜਿੰਦਰ ਸਿੰਘ ਬਬਲੂ ਲੋਕੋਂ ਇੱਕ ਨੌਜਵਾਨ ਆਗੂ ਹੈ ਜੋ ਪੂਰੀ ਇਮਾਨਦਾਰੀ ਵਫਾਦਾਰੀ ਅਤੇ ਤਨਦੇਹੀ ਨਾਲ ਪਾਰਟੀ ਦੀ ਸੇਵਾ ਕਰ ਰਿਹਾ ਹੈ। ਇਸ ਲਈ ਪਾਰਟੀ ਨੇ ਪਹਿਲੇ ਐਲਾਨ ਕੀਤੇ ਚਾਰ ਉਮੀਦਵਾਰਾਂ ਵਿੱਚ ਬਬਲੂ ਲੋਪੋਂ ਨੂੰ ਤਰਜੀਹ ਦਿੱਤੀ ਹੈ। ਤੇ ਉਹਨਾਂ ਉਮੀਦ ਜਾਹਿਰ ਕੀਤੀ ਕਿ ਆਉਣ ਵਾਲੀ ਚੋਣਾਂ ਵਿੱਚ ਹਲਕਾ ਸਮਰਾਲਾ ਦੇ ਸੂਝਵਾਨ ਤੇ ਸਿਆਣੇ ਵੋਟਰ ਬਬਲੂ ਲੋਪੋਂ ਨੂੰ ਭਾਰੀ ਬਹੁਮਤ ਨਾਲ ਜਿਤਾਉਣਗੇ।ਜਥੇਦਾਰ ਮਨਮੋਹਨ ਸਿੰਘ ਖੇੜਾ ਨੇ ਆਪਣੇ ਗ੍ਰਹਿ ਵਿਖੇ ਪੁੱਜੇ ਮਨਪ੍ਰੀਤ ਸਿੰਘ ਸਿੰਘ ਇਆਲੀ , ਬਰਜਿੰਦਰ ਸਿੰਘ ਬਬਲੂ ਅਤੇ ਸਾਥੀਆਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹੋਏ ਮਾਛੀਵਾੜਾ ਸਾਹਿਬ ਦੀ ਪਾਵਨ ਤੇ ਪਵਿੱਤਰ ਧਰਤੀ ਤੇ ਪੁੱਜਣ ਤੇ ਹਾਰਦਿਕ ਸਵਾਗਤ ਕੀਤਾ।

ਉਹਨਾਂ ਕਿਹਾ ਕਿ ਲੰਬਾ ਸਮਾਂ ਸ਼੍ਰੋਮਣੀ ਅਕਾਲੀ ਦਲ ਵਿੱਚ ਸੇਵਾਵਾਂ ਦੇਣ ਤੋਂ ਬਾਅਦ ਉਹਨਾਂ ਨੂੰ ਜਦੋਂ ਮਹਿਸੂਸ ਹੋਇਆ ਕਿ ਇਹ ਪਾਰਟੀ ਸਿਰਫ ਪਰਿਵਾਰ ਬਾਦ ਵਿੱਚ ਉਲਝ ਕੇ ਰਹਿ ਗਈ ਹੈ ਤਾਂ ਉਹਨਾਂ ਸਹਿਸ ਤੋਂ ਕਿਨਾਰਾ ਕਰ ਲਿਆ ਸੀ ਪਰ ਅੱਜ ਜਦੋਂ ਭਾਈ ਅੰਮ੍ਰਿਤਪਾਲ ਸਿੰਘ ਦੀ ਸੋਚ ਨੇ ਵਾਰਿਸ ਪੰਜਾਬ ਪਾਰਟੀ ਨੂੰ ਮੂਹਰੇ ਲਿਆਂਦਾ ਹੈ ਤਾਂ ਉਹ ਮੁੜ ਰਾਜਨੀਤੀ ਵਿੱਚ ਸਰਗਰਮ ਹੋਏ ਹਨ ਤੇ ਇਸ ਪਾਰਟੀ ਦੀ ਸੋਚ ਨੂੰ ਘਰ ਘਰ ਪਹੁੰਚਾਉਣ ਵਿੱਚ ਪੂਰਾ ਜ਼ੋਰ ਲਾਉਣਗੇ ਅਤੇ ਇਲਾਕੇ ਵਿੱਚੋਂ ਵੱਡੀ ਗਿਣਤੀ ਵਿੱਚ ਬਰਜਿੰਦਰ ਸਿੰਘ ਬਬਲੂ ਨੂੰ ਬਹੁਮਤ ਦਵਾਉਣਗੇ ਕਿਉਂਕਿ ਅੱਜ ਵਾਰਿਸ ਪੰਜਾਬ ਪਾਰਟੀ ਹੀ ਇੱਕੋ ਇੱਕ ਅਜਿਹੀ ਪਾਰਟੀ ਨਜ਼ਰ ਆ ਰਹੀ ਹੈ ਜੋ ਪੰਜਾਬ ਅਤੇ ਪੰਜਾਬੀਅਤ ਦੇ ਹਿੱਤਾਂ ਦੇ ਲਈ ਅੱਗੇ ਹੋ ਕੇ ਲੜਾਈ ਲੜ ਸਕਦੀ ਹੈ। ਨਵ ਨਿਯੁਕਤ ਹਲਕਾ ਇੰਚਾਰਜ ਬਰਜਿੰਦਰ ਸਿੰਘ ਬਬਲੂ ਲੋਪੋਂ ਨੇ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਪਰਿਵਾਰ ਦਾ, ਮਨਪ੍ਰੀਤ ਸਿੰਘ ਇਆਲੀ ਅਤੇ ਸਮੁੱਚੀ ਹਾਈ ਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਵੱਲੋਂ ਉਸ ਨੂੰ ਵੱਡਾ ਮਾਣ ਦਿੰਦਿਆਂ ਜੋ ਹਲਕਾ ਇੰਚਾਰਜ ਦੀ ਨਵੀਂ ਜ਼ਿਮੇਵਾਰੀ ਸੌਂਪੀ ਹੈ ਉਸ ਲਈ ਉਹ ਸਮੁੱਚੀ ਵਾਰਿਸ ਪੰਜਾਬ ਪਾਰਟੀ ਦੇ ਅਹੁਦੇਦਾਰਾਂ ,ਆਗੂਆਂ ਤੇ ਵਰਕਰਾਂ ਦੇ ਦਿਲੋਂ ਧੰਨਵਾਦੀ ਹਨ ਜਿਨਾਂ ਇਸ ਨਿਮਾਣੇ ਜਥੇਦਾਰ ਨੂੰ ਵੱਡੀ ਜਿੰਮੇਵਾਰੀ ਦੇ ਕੇ ਭਰੋਸਾ ਜਤਾਇਆ ਹੈ॥ ਉਨਾ ਵਾਅਦਾ ਕਰਦਿਆਂ ਕਿਹਾ ਕਿ ਪਾਰਟੀ ਵੱਲੋਂ ਦਿੱਤੀ ਗਈ ਜਿੰਮੇਵਾਰੀ ਨੂੰ ਉਹ ਪੂਰੀ ਤਨਦੇਹੀ, ਇਮਾਨਦਾਰੀ ਅਤੇ ਵਫਾਦਾਰੀ ਨਾਲ ਨਿਭਾਉਂਦੇ ਹੋਏ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੂੰ ਪਾਰਟੀ ਦੀਆਂ ਨੀਤੀਆਂ ਤੋਂ ਜਾਣੂ ਕਰਵਾਉਣਗੇ ਤਾਂ ਜੋ 2027 ਦੀਆਂ ਚੋਣਾਂ ਵਿੱਚ ਪਾਰਟੀ ਦੀ ਝੋਲੀ ਵੱਡੀ ਜਿੱਤ ਪ੍ਰਾਪਤ ਕਰਕੇ ਪਾਉਣ। ਉਹਨਾਂ ਕਿਹਾ ਕਿ ਹਲਕਾ ਸਮਰਾਲਾ ਵਿੱਚ ਪਾਰਟੀ ਇੱਕਜੁੱਟ ਅਤੇ ਇੱਕਮੁੱਠ ਹੋ ਕੇ ਚੋਣਾਂ ਲੜੇਗੀ ਅਤੇ ਭਾਈ ਅੰਮ੍ਰਿਤ ਪਾਲ ਸਿੰਘ ਖਾਲਸਾ ਦੀ ਸੋਚ ਤੇ ਪਹਿਰਾ ਦਿੰਦੇ ਹੋਏ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਲੜ ਰਹੀ ਵਾਰਿਸ

ਪੰਜਾਬ ਪਾਰਟੀ ਲਈ ਦਿਨ ਰਾਤ ਸਖਤ ਮਿਹਨਤ ਕਰਨਗੇ।ਯੂਥ ਆਗੂ ਮਨਰਾਜ ਸਿੰਘ ਲੁਬਾਣਗੜ੍ਹ ਨੇ ਸਟੇਜ ਸੈਕਟਰੀ ਦੀ ਸੇਵਾ ਕਰਦਿਆਂ ਕਿਹਾ ਕਿ ਹਲਕਾ ਸਮਰਾਲਾ ਤੋਂ ਵੱਡੀ ਗਿਣਤੀ ਵਿੱਚ ਨੌਜਵਾਨ ਵਾਰਿਸ ਪੰਜਾਬ ਪਾਰਟੀ ਨਾਲ ਜੁੜੇ ਰਹੇ ਹਨ ,ਤੇ ਪੰਜਾਬ ਦੀ ਨੌਜਵਾਨੀ ਪੰਜਾਬ ਦੀ ਸਿਆਸਤ ਵਿੱਚ ਇੱਕ ਵੱਡਾ ਬਦਲਾਅ ਲੈ ਕੇ ਆਵੇਗੀ।

ਇਸ ਮੌਕੇ ਮਨਰਾਜ ਸਿੰਘ ਲੁਬਾਣਗੜ੍ਹ, ਪਰਮਜੀਤ ਸਿੰਘ ਚੀਮਾ ਸੰਦੀਪ ਸਿੰਘ ਰੁਪਾਲੋਂ ਪ੍ਰਭਜੋਤ ਸਿੰਘ,ਹਰਜੀਤ ਸਿੰਘ ਝੱਜ,ਰਣਜੋਧ ਸਿੰਘ ਝੱਜ,ਦਰਸ਼ਨ ਸਿੰਘ ਬੁੱਲੇਵਾਲ,ਲੈਕਚਰਾਰ ਸਵਰਨ ਸਿੰਘ ਛੌੜੀਆਂ,ਬਹਾਦਰ ਸਿੰਘ ਪੰਮਿਆਂ ਵਾਲੇ, ਜਗਜੀਤ ਸਿੰਘ ਝੱਜ,ਨਿਰਮਲ ਸਿੰਘ ਬੈਨੀਪਾਲ, ਭੁਪਿੰਦਰ ਸਿੰਘ ਹਿਆਤਪੁਰ, ਬਲਜੋਤ ਸਿੰਘ ਬਲਜੋਤ ਸਿੰਘ ਮਾਛੀਵਾੜਾ ਸਾਹਿਬ ਬਲਜੋਤ , ਅਤਿੰਦਰਪਾਲ ਸਿੰਘ, ਜਥੇਦਾਰ ਜਗਰੂਪ ਸਿੰਘ ਝੱਜ, ਰਣਧੀਰ ਸਿੰਘ ਸੈਣੀ, ਗੁਰਦੀਪ ਸਿੰਘ ਲੁਵਾਣਗੜ੍ਹ, ਪ੍ਰਦੀਪ ਸਿੰਘ ਜੌਹਲ , ਗੁਰਵਿੰਦਰ ਸਿੰਘ, ਸਰਬਜੀਤ ਸਿੰਘ ਪੱਪੀ ਪ੍ਰਧਾਨ ਸਮਰਾਲਾ, ਕਿਰਪਾਲ ਸਿੰਘ ਨਾਗਰਾ, ਅਵੀ ਬੈਨੀਪਾਲ, ਹਿੰਮਤ ਸਿੰਘ,ਹਰਮੀਤ ਸਿੰਘ ਨਾਗਰਾ, ਸੁਰੇਸ਼ ਪਾਲ ਸਿੰਘ ਵੀ ਮੌਜੂਦ ਸਨ।

ਕੈਬਨਿਟ ਮੰਤਰੀ ਮੁੰਡੀਆਂ ਨੇ ਪਿੰਡ ਕਨੀਜਾ 'ਚ 20 ਲੱਖ ਦੀ ਲਾਗਤ ਨਾਲ ਬਣੇ ਕਮਿਊਨਿਟੀ ਹਾਲ ਦਾ ਕੀਤਾ ਉਦਘਾਟਨ

ਲੁਧਿਆਣਾ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਹਲਕਾ ਸਾਹਨੇਵਾਲ ਦੇ ਪਿੰਡ ਕਨੀਜਾ ਵਿਖੇ 20 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਕਮਿਊਨਿਟੀ ਹਾਲ ਦਾ ਉਦਘਾਟਨ ਕਰਕੇ ਲੋਕਾਂ ਨੂੰ ਸਮਰਪਿਤ ਕੀਤਾ।

ਇਸ ਮੌਕੇ ਮੁੰਡੀਆਂ ਨੇ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਦੇ ਸਰਵਪੱਖੀ ਵਿਕਾਸ ਅਤੇ ਲੋਕਾਂ ਨੂੰ ਬਿਹਤਰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਨਵੇਂ ਕਮਿਊਨਿਟੀ ਹਾਲ ਨਾਲ ਪਿੰਡ ਵਾਸੀਆਂ ਨੂੰ ਸਾਂਝੇ ਸਮਾਗਮਾਂ, ਪੰਚਾਇਤੀ ਮੀਟਿੰਗਾਂ ਅਤੇ ਹੋਰ ਪ੍ਰੋਗਰਾਮਾਂ ਲਈ ਸੁਵਿਧਾਜਨਕ ਸਥਾਨ ਮਿਲੇਗਾ। ਉਨ੍ਹਾਂ ਭਰੋਸਾ ਦਿੱਤਾ ਕਿ ਹਲਕੇ ਦੇ ਵਿਕਾਸ ਕਾਰਜਾਂ ਲਈ ਫੰਡਾਂ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਸ ਦੌਰਾਨ ਕੈਬਨਿਟ ਮੰਤਰੀ ਨੇ ਪਿੰਡ ਕਨੀਜਾ ਦੀ ਧਰਮਸ਼ਾਲਾ ਲਈ 5 ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਐਲਾਨ ਵੀ ਕੀਤਾ। ਸਮਾਗਮ ਵਿੱਚ ਗ੍ਰਾਮ ਪੰਚਾਇਤ ਦੇ ਨੁਮਾਇੰਦੇ, ਸਥਾਨਕ ਆਗੂ, ਪ੍ਰਸ਼ਾਸਨਿਕ ਅਧਿਕਾਰੀ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

ਮਲੇਰਕੋਟਲਾ ਪੁਲਿਸ ਵੱਲੋਂ ਪਾਕਿਸਤਾਨ ਸਮਰਥਿਤ ਸਰਹੱਦ ਪਾਰੋਂ ਫਿਰੌਤੀ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਨੈੱਟਵਰਕ ਦਾ ਪਰਦਾਫਾਸ਼; ਦੋ ਮੁਲਜ਼ਮ ਗ੍ਰਿਫ਼ਤਾਰ, ਇੱਕ ਨਾਬਾਲਗ ਹਿਰਾਸਤ ਵਿੱਚ ਲਿਆ

ਮਲੇਰਕੋਟਲਾ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਮਾਲੇਰ ਕੋਟਲਾ ਪੁਲਿਸ ਨੇ ਤੇਜ਼ੀ ਨਾਲ ਕੀਤੀ ਕਾਰਵਾਈ ਅਤੇ ਤਕਨੀਕੀ ਜਾਂਚ ਦੇ ਆਧਾਰ 'ਤੇ ਵਿਦੇਸ਼ੀ ਨੰਬਰਾਂ ਤੋਂ ਵਟਸਐਪ ਕਾਲਾਂ ਰਾਹੀਂ ਫਿਰੌਤੀ ਮੰਗਣ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦੇ ਮਾਮਲੇ ਦਾ ਪਰਦਾਫਾਸ਼ ਕੀਤਾ ਹੈ। ਪੁਲਿਸ ਅਨੁਸਾਰ, ਇਸ ਮਾਮਲੇ ਵਿੱਚ ਪਾਕਿਸਤਾਨ ਸਥਿਤ ਹੈਂਡਲਰਾਂ ਦੀ ਭੂਮਿਕਾ ਸਾਹਮਣੇ ਆਈ ਹੈ। ਇਸ ਸਬੰਧੀ ਦੋ ਸਥਾਨਕ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਦਕਿ ਇੱਕ ਨਾਬਾਲਗ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਮੁਲਜ਼ਮਾਂ 'ਤੇ ਸ਼ਿਕਾਇਤਕਰਤਾ ਦੇ ਘਰ ਦੀ ਰੇਕੀ ਕਰਕੇ ਉਸ ਦੀ ਵੀਡੀਓ ਅਤੇ ਲੋਕੇਸ਼ਨ ਸਰਹੱਦ ਪਾਰ ਬੈਠੇ ਹੈਂਡਲਰਾਂ ਨਾਲ ਸਾਂਝੀ ਕਰਨ ਦੇ ਦੋਸ਼ ਹਨ। ਗ੍ਰਿਫ਼ਤਾਰ ਮੁਲਜ਼ਮਾਂ ਦੀ ਪਛਾਣ ਨੁਮਾਨ ਅੰਸਾਰੀ ਪੁੱਤਰ ਨੁਸ਼ਾਂਤ ਅਹਿਮਦ, ਵਾਸੀ ਲੁਧਿਆਣਾ ਬਾਈਪਾਸ, ਗੁਲਜ਼ਾਰ ਹਸਪਤਾਲ ਨੇੜੇ, ਮਾਲੇਰਕੋਟਲਾ, ਅਤੇ ਮੁਹੰਮਦ ਗੁਲਫਾਮ ਪੁੱਤਰ ਰਹੀਸ ਅਹਿਮਦ, ਵਾਸੀ ਪੰਡਿਆਂ ਮੁਹੱਲਾ, ਮਾਲੇਰਕੋਟਲਾ, ਵਜੋਂ ਹੋਈ ਹੈ। ਇਸ ਮਾਮਲੇ ਵਿੱਚ ਇੱਕ ਨਾਬਾਲਗ ਨੂੰ ਵੀ ਹਿਰਾਸਤ ਵਿੱਚ ਲਿਆ ਗਿਆ ਹੈ।

ਮੀਡੀਆ ਨਾਲ ਗੱਲਬਾਤ ਕਰਦਿਆਂ ਸੀਨੀਅਰ ਪੁਲਿਸ ਕਪਤਾਨ (ਐੱਸਐੱਸਪੀ) ਹਰਕਮਲ ਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਇਸ ਪੂਰੀ ਕਾਰਵਾਈ ਦੀ ਯੋਜਨਾ ਅਤੇ ਅਮਲ ਜ਼ਿਲ੍ਹਾ ਸਾਈਬਰ ਟੀਮ ਵੱਲੋਂ ਡੀਐੱਸਪੀ (ਜਾਂਚ) ਦੀ ਨਿਗਰਾਨੀ ਹੇਠ ਕੀਤਾ ਗਿਆ। ਸ਼ਿਕਾਇਤਕਰਤਾ ਲਵਨੀਤ ਸਿੰਘ ਪੁੱਤਰ ਦਲਜੀਤ ਸਿੰਘ, ਵਾਸੀ ਧੂਰੀ ਰੋਡ, ਮਾਲੇਰਕੋਟਲਾ, ਨੇ ਸ਼ਿਕਾਇਤ ਦਿੱਤੀ ਸੀ ਕਿ ਉਸ ਨੂੰ ਵਿਦੇਸ਼ੀ ਨੰਬਰਾਂ ਤੋਂ ਲਗਾਤਾਰ ਵਟਸਐਪ ਕਾਲਾਂ ਆ ਰਹੀਆਂ ਸਨ।

ਫੋਨ ਕਰਨ ਵਾਲਿਆਂ ਨੇ ਉਸ ਨੂੰ ਇੱਕ ਵੀਡੀਓ ਅਤੇ ਉਸ ਦੇ ਘਰ ਦੀ ਲੋਕੇਸ਼ਨ ਭੇਜੀ, ਪੈਸਿਆਂ ਦੀ ਮੰਗ ਕੀਤੀ ਅਤੇ ਮੰਗ ਪੂਰੀ ਨਾ ਕਰਨ 'ਤੇ ਜਾਨੋਂ ਮਾਰਨ ਦੀ ਧਮਕੀ ਦਿੱਤੀ। ਐੱਸਐੱਸਪੀ ਨੇ ਦੱਸਿਆ ਕਿ ਸ਼ਿਕਾਇਤ ਮਿਲਦਿਆਂ ਹੀ ਜ਼ਿਲ੍ਹਾ ਪੁਲਿਸ ਨੇ ਤੁਰੰਤ ਕਾਰਵਾਈ ਕੀਤੀ ਅਤੇ ਲਗਾਤਾਰ ਤਕਨੀਕੀ ਤੇ ਮੈਦਾਨੀ ਜਾਂਚ ਰਾਹੀਂ ਇਸ ਸਾਜ਼ਿਸ਼ ਦਾ ਪਰਦਾਫਾਸ਼ ਕੀਤਾ।

ਸ਼ਿਕਾਇਤ ਦੇ ਆਧਾਰ 'ਤੇ ਪੁਲਿਸ ਟੀਮ ਨੇ ਸੀਸੀਟੀਵੀ ਫੁਟੇਜ ਦੀ ਜਾਂਚ ਕੀਤੀ, ਜਿਸ ਨਾਲ ਸ਼ਿਕਾਇਤਕਰਤਾ ਦੇ ਘਰ ਦੀ ਵੀਡੀਓ ਬਣਾਉਣ ਵਾਲੇ ਵਿਅਕਤੀਆਂ ਦੀ ਪਛਾਣ ਕਰਨ ਵਿੱਚ ਮਦਦ ਮਿਲੀ। ਪੁੱਛਗਿੱਛ ਦੌਰਾਨ ਮੁਲਜ਼ਮਾਂ ਦੇ ਮੋਬਾਈਲ ਫੋਨਾਂ ਦਾ ਤਕਨੀਕੀ ਵਿਸ਼ਲੇਸ਼ਣ ਕੀਤਾ ਗਿਆ, ਜਿਸ ਤੋਂ ਪਾਕਿਸਤਾਨ ਸਥਿਤ ਹੈਂਡਲਰਾਂ ਨਾਲ ਉਨ੍ਹਾਂ ਦੇ ਸੰਪਰਕਾਂ ਸਬੰਧੀ ਅਹਿਮ ਜਾਣਕਾਰੀ ਸਾਹਮਣੇ ਆਈ।

ਸ਼ਿਕਾਇਤਕਰਤਾ ਦੇ ਬਿਆਨ ਦੇ ਆਧਾਰ 'ਤੇ ਥਾਣਾ ਸਾਈਬਰ ਕ੍ਰਾਈਮ, ਮਾਲੇਰਕੋਟਲਾ ਵਿਖੇ ਐੱਫਆਈਆਰ ਨੰਬਰ 28, ਮਿਤੀ 10-10-2026, ਭਾਰਤੀ ਨਿਆਂ ਸੰਹਿਤਾ (ਬੀਐੱਨਐੱਸ) ਦੀਆਂ ਧਾਰਾਵਾਂ 308(4) ਅਤੇ 351(3) ਤਹਿਤ ਦਰਜ ਕੀਤੀ ਗਈ।

ਐੱਸਐੱਸਪੀ ਖੱਖ ਨੇ ਦੱਸਿਆ ਕਿ ਸਾਈਬਰ ਟੀਮ ਦੀ ਜਾਂਚ ਦੌਰਾਨ ਸਾਹਮਣੇ ਆਇਆ ਕਿ ਨੁਮਾਨ ਅੰਸਾਰੀ ਦੀ ਪਾਕਿਸਤਾਨ ਸਥਿਤ ਅੰਤਰਰਾਸ਼ਟਰੀ ਹੈਂਡਲਰਾਂ ਨਾਲ ਪਹਿਲਾਂ ਇੰਸਟਾਗ੍ਰਾਮ ਅਤੇ ਬਾਅਦ ਵਿੱਚ ਵਟਸਐਪ ਰਾਹੀਂ ਜਾਣ-ਪਛਾਣ ਹੋਈ ਸੀ। ਦੋਸ਼ ਹੈ ਕਿ ਉਸ ਨੇ ਮੁਹੰਮਦ ਗੁਲਫਾਮ ਨਾਲ ਮਿਲ ਕੇ ਪਾਕਿਸਤਾਨ ਸਥਿਤ ਵਿਅਕਤੀਆਂ ਰਾਹੀਂ ਸ਼ਿਕਾਇਤਕਰਤਾ ਦਾ ਕਤਲ ਕਰਵਾਉਣ ਦੀ ਸਾਜ਼ਿਸ਼ ਰਚੀ। ਮੁਹੰਮਦ ਗੁਲਫਾਮ, ਜੋ ਨੁਮਾਨ ਅੰਸਾਰੀ ਰਾਹੀਂ ਹੈਂਡਲਰਾਂ ਦੇ ਸੰਪਰਕ ਵਿੱਚ ਸੀ, ਨੇ ਸ਼ਿਕਾਇਤਕਰਤਾ ਦੇ ਘਰ ਦੀ ਵੀਡੀਓ ਬਣਾਈ ਅਤੇ ਉਸ ਦੀ ਲੋਕੇਸ਼ਨ ਉਨ੍ਹਾਂ ਨਾਲ ਸਾਂਝੀ ਕੀਤੀ। ਪੁਲਿਸ ਅਨੁਸਾਰ, ਮੁਹੰਮਦ ਗੁਲਫਾਮ ਦੀ ਸ਼ਿਕਾਇਤਕਰਤਾ ਨਾਲ ਪੁਰਾਣੀ ਰੰਜਿਸ਼ ਸੀ।

ਨਾਭਾ ਦੀ ਧੀ ਪ੍ਰਬਲੀਨ ਕੌਰ ਨੇ ਤਾਈਕਵਾਂਡੋ ਵਿੱਚ ਜਿੱਤਿਆ ਸੋਨ ਤਗਮਾ, ਪੰਜਾਬ ਦਾ ਨਾਮ ਕੀਤਾ ਰੌਸ਼ਨ

ਨਾਭਾ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪ੍ਰਬਲੀਨ ਕੌਰ ਪੁੱਤਰੀ ਮਨਿੰਦਰ ਸਿੰਘ ਵਾਸੀ ਨਾਭਾ ਜੋ ਕਿ ਭਾਈ ਕਾਨ੍ਹ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਾਭਾ ਦੀ ਗਿਆਰਵੀਂ ਜਮਾਤ ਦੀ ਵਿਦਿਆਰਥਣ ਹੈ ਉਸ ਨੇ ਇੰਟਰ ਸਟੇਟ 70 ਵੀਆਂ ਐਸ ਜੀ ਐਫ ਆਈ ਖੇਡਾਂ ਦੇ ਵਿੱਚ (ਤਾਈਕਵਾਡੋਂ)ਮੈਚ ਜੋ ਕਿ 5 ਅਕਤੂਬਰ ਤੋਂ 8 ਅਕਤੂਬਰ ਤੱਕ ਪਠਾਨਕੋਟ ਵਿਖੇ ਹੋਏ ਸਨ ਉਸ ਵਿੱਚ ਅੰਡਰ 17, ਵੇਟ ਕੈਟਾਗਰੀ 55 ਕਿਲੋ ਵਰਗ ਵਿੱਚ ਸੋਨ ਤਗਮਾ ਹਾਸਿਲ ਕਰਕੇ ਆਪਣੇ ਸਕੂਲ ਨਾਭਾ ਸ਼ਹਿਰ ਜਿਲਾ ਪਟਿਆਲਾ ਅਤੇ ਪੰਜਾਬ ਦਾ ਨਾਮ ਰੋਸ਼ਨ ਕੀਤਾ ਹੈ।

ਸਫਾਈ ਅਪਣਾਓ ਬਿਮਾਰੀ ਭਜਾਓ,ਸਾਡੀ ਧਰਤੀ ਸਾਡਾ ਭਵਿੱਖ,ਪਲਾਸਟਿਕ ਮੁਕਤ ਕਰਨ ਦਾ ਟੀਚਾ : ਵਿਨੇ ਸਰਵਰ

ਪਟਿਆਲਾ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਨਹਿਰੂ ਪਾਰਕ ਵਿੱਚ ਸ਼ਾਹੀ ਸ਼ਹਿਰ ਦੀ ਦੀ ਨਾਮਵਰ ਸੰਸਥਾ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ (ਰਜਿ) ਪਟਿਆਲਾ ਵੱਲੋ ਕਲੀਨ ਪਟਿਆਲਾ ਗਰੀਨ ਪਟਿਆਲਾ ਮੁਹਿੰਮ ਰਾਹੀ ਨਹਿਰੂ ਪਾਰਕ ਵਿੱਚ ਪਲਾਸਟਿਕ ਮੁਕਤ ਕਰਨ ਲਈ ਸਫਾਈ ਅਭਿਆਨ ਰਾਹੀ ਸਫਾਈ ਕੀਤੀ ਇਸ ਦੇ ਨਾਲ ਸਕੂਟਰ ਮਾਰਕੀਟ ਵਾਲੀ ਸੜਕ ਦੀ ਵੀ ਸਫਾਈ ਕੀਤੀ ਇਹ ਸੁਸਾਇਟੀ ਪਿਛਲੇ ਢਾਈ ਦਹਾਕਿਆ ਤੋ ਸਫਾਈ ਅਭਿਆਨ,ਹਰ ਮਨੁੱਖ ਲਾਵੇ ਦੋ ਰੁੱਖ ਵਾਤਾਵਰਨ ਸੰਭਾਲ ਲਈ ਕੰਮ ਕਰ ਰਹੀ ਹੈ।

ਸੁਸਾਇਟੀ ਪ੍ਰਧਾਨ ਉਪਕਾਰ ਸਿੰਘ ਵਿਦੇਸ਼ ਗਏ ਹਨ। ਪਰ ਉਹਨਾ ਦੀ ਟੀਮ ਲਗਾਤਾਰ ਪਟਿਆਲਾ ਵਿੱਚ ਸਫਾਈ ਅਭਿਆਨ,ਰੁੱਖ ਲਗਾਉਣੇ ,ਮੈਡੀਕਲ ਕੈਂਪ,ਯੁੱਧ ਨਸ਼ਿਆ ਵਿਰੁੱਧ ਅਤੇ ਹੋਰ ਸਭਿਆਚਾਰਕ ਪ੍ਰੋਗਰਾਮ ਲਗਾਤਾਰ ਸ਼ਹਿਰ ਵਿੱਚ ਕਰ ਰਹੀ ਹੈ।ਇਹ ਮੁਹਿੰਮ ਵਿੱਚ ਸਾਮਿਲ ਵਿਨੇ ਸਰਵਰ, ਦੀਪਕ ਕਪੂਰ ਮੋਹਨ ਲਾਲ ਖੰਨਾ, ਵਿੱਕੀ ਸਿੰਘ, ਬਾਕੀ ਮੈਂਬਰ ਵੀ ਸਫਾਈ ਅਭਿਆਨ ਵਿੱਚ ਸਾਮਿਲ ਹੋਏ।

ਅਗਰਵਾਲ ਚੇਤਨਾ ਸਭਾ ਪਟਿਆਲਾ ਨੇ ਮਹਾਰਾਜਾ ਅਗਰਸੈਨ ਦੀ ਜਯੰਤੀ ਬੜੀ ਧੂਮ ਧਾਮ ਨਾਲ ਮਨਾਈ

ਪਟਿਆਲਾ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਅਗਰਵਾਲ ਚੇਤਨਾ ਸਭਾ ਪਟਿਆਲਾ ਨੇ ਮਹਾਰਾਜਾ ਅਗਰਸੈਨ ਦੀ ਜਯੰਤੀ ਬੜੀ ਧੂਮ ਧਾਮ ਨਾਲ ਮਨਾਈ ਗਈ। ਮਹਾਰਾਜਾ ਅਗਰਸੈਨ ਦੇ ਉਪਰ ਮਾਤਾ ਲਕਸ਼ਮੀ ਜੀ ਦੀ ਵਿਸ਼ੇਸ਼ ਕ੍ਰਿਪਾ ਰਹੀ ਹੈ। ਇਨ੍ਹਾਂ ਦੇ 18 ਪੁੱਤਰ ਸਨ। ਉਨ੍ਹਾਂ ਨੇ ਇਨ੍ਹਾਂ ਨੂੰ ਆਪਣੇ ਰਾਜ ਵਿੱਚ ਅਲੱਗ—ਅਲੱਗ ਥਾਵਾਂ ਤੇ ਭੇਜਿਆ ਤਾਂ ਕਿ ਲੋਕਾਂ ਦੀ ਸੇਵਾ ਹੋਵੇ। ਉਨ੍ਹਾਂ ਨੇ ਇੱਕ ਇੱਟ ਅਤੇ ਇੱਕ ਰੁਪਏ ਦੀ ਪਰੰਪਰਾ ਚਲਾਈ ਤਾਂ ਕਿ ਉਹ ਰੁਪਏ ਨਾਲ ਕਮਾਈ ਕਰ ਸਕਦੇ ਹਨ ਅਤੇ ਇੱਕ ਇੱਟ ਨਾਲ ਆਪਣੇ ਰਹਿਣ ਦਾ ਬਸੇਰਾ ਬਣਾ ਸਕਦੇ ਹਨ ਤਾਂ ਕਿ ਉਨ੍ਹਾਂ ਦਾ ਗੁਜਾਰਾ ਵੀ ਹੋਵੇ ਅਤੇ ਰਹਿਣ ਲਈ ਮਕਾਨ ਵੀ ਹੋਵੇ। ਅਗਰਸੈਨ ਬੁੱਤ ਤੇ ਹਾਰ ਪਾ ਕੇ ਉਨ੍ਹਾਂ ਨੂੰ ਯਾਦ ਕੀਤਾ ਗਿਆ। ਅਗਰਵਾਲ ਦਾਨ ਦੇਣ ਲਈ ਸਭ ਤੋਂ ਅੱਗੇ ਹੁੰਦੇ ਹਨ। ਮਹਾਰਾਜਾ ਅਗਰਸੈਨ ਜ਼ੋ ਸੂਰਜਵੰਸ਼ੀ ਦੇ ਹੋਏ ਅਤੇ ਕਿਹਾ ਕਿ ਉਹ ਰਾਮ ਜੀ ਦੇ ਵੰਸ਼ ਵਿਚੋਂ ਸਨ। ਉਨ੍ਹਾਂ ਦੀ ਕੋਸ਼ਿਸ਼ ਸੀ ਕਿ ਹਰੇਕ ਵਿਅਕਤੀ ਉਨ੍ਹਾਂ ਦੇ ਰਾਜ ਵਿੱਚ ਪ੍ਰਫੁਲਤ ਹੋਵੇ। ਅਗਰਵਾਲ ਚੇਤਨਾ ਸਭਾ ਪਟਿਆਲਾ ਵੱਲੋਂ ਸਮਾਜ ਵਿੱਚ ਫੈਲੀਆਂ ਬੁਰਾਈਆਂ ਨੂੰ ਦੂਰ ਕਰਨ ਵਿੱਚ ਜਿਵੇਂ ਦਹੇਜ਼ ਪ੍ਰਥਾ ਖਤਮ ਕਰਨਾ, ਵਿਆਹ ਅਤੇ ਭੋਗ ਸਮੇ ਫਜ਼ੂਲ ਖਰਚੀ ਬੰਦ ਕਰਨਾ ਅਤੇ ਗਰੀਬ ਕਰੀਜ ਦੀ ਮਦਦ ਕਰਨਾ ਦਾ ਪ੍ਰਣ ਕੀਤਾ ਗਿਆ। ਅੱਜ ਸ੍ਰੀ ਰਾਮ ਲਾਲ ਗੋਇਲ, ਆਸ਼ੂਤੋਸ਼ ਗਰਗ, ਰਾਣੀ ਸਿੰਗਲਾ, ਜਯੋਤੀ ਸਿੰਗਲਾ,ਕੰਚਨ ਬਾਲਾ, ਵਿਨੋਦ ਕੁਮਾਰ, ਨੀਤੀ ਗੋਇਲ, ਪੂਨਮ ਗੋਇਲ, ਸੰਦੀਪ ਗੁਪਤਾ, ਚੇਤਨਾ ਗੋਇਲ, ਭੂਸ਼ਨ ਕੁਮਾਰ, ਰਮਨਦੀਪ ਅਤੇ ਸਮਾਜ ਦੇ ਵਿੱਚ ਕੰਮ ਕਰਨ ਵਾਲੇ ਅਸ਼ੋਕ ਗਰਗ, ਅਕਸ਼ੇ ਕੁਮਾਰ ਗੋਇਲ, ਮੋਹਨ ਕੁਮਾਰ ਗੋਇਲ ਅਤੇ ਬੱਚਿਆਂ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਅਵਸਰ ਤੇ ਡਾ. ਪ੍ਰਸ਼ੋਤਮ ਗੋਇਲ ਪ੍ਰਧਾਨ, ਵਿਜੇ ਕੁਮਾਰ ਗੋਇਲ ਪੈਟਰਨ, ਦੇਵੀ ਦਿਆਲ ਗੋਇਲ, ਰਾਕੇਸ਼ ਸਿੰਗਲਾ, ਹਰਬੰਸ ਬਾਂਸਲ, ਅਕਸ਼ੇ ਕੁਮਾਰ ਗੋਇਲ ਵੀ ਹਾਜਰ ਸਨ।

ਪ੍ਰਾਚੀਨ ਸ੍ਰੀ ਰਾਮ ਮੰਦਿਰ ਦਾ ਹੋਇਆ ਸ਼ਿਲਾ ਨਿਆਸ; ਬਜਰੰਗਬਲੀ ਰੂਪ ਵਿੱਚ ਛੋਟੇ ਬੱਚਿਆਂ ਨੇ ਰੱਖਿਆ ਨੀਹ ਪੱਥਰ

ਪਟਿਆਲਾ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਸ਼ਹਿਰ ਵਿੱਚ ਅੱਜ ਇੱਕ ਵਾਰ ਫੇਰ ਸਨਾਤਨੀ ਯੋਧਿਆਂ ਵੱਲੋਂ ਇਤਿਹਾਸ ਰਚਿਆ ਗਿਆ। ਕਈ ਸਾਲਾਂ ਤੋਂ ਬੰਦ ਪ੍ਰਾਚੀਨ ਸ੍ਰੀ ਰਾਮ ਮੰਦਿਰ, ਰਾਮ ਨਗਰ ਸਨੋਰੀ ਅੱਡਾ ਪਟਿਆਲਾ ਜਿਸ ਦੇ ਹਾਲਾਤ ਖੰਡਰ ਵਿੱਚ ਤਬਦੀਲ ਹੋ ਰਹੇ ਹਨ। ਇਸ ਪ੍ਰਾਚੀਨ ਮੰਦਿਰ ਦੇ ਨਵ ਨਿਰਮਾਣ ਦਾ ਅੱਜ ਪਹਿਲੇ ਨਰਾਤੇ ਵਾਲੇ ਦਿਨ ਛੋਟੇ ਛੋਟੇ ਬੱਚਿਆਂ ਨੇ ਰਾਮ ਭਗਤ ਸ੍ਰੀ ਹਨੂਮਾਨ ਜੀ ਦਾ ਸਵਰੂਪ ਧਾਰ ਕੇ ਨੀਵ ਪੱਥਰ ਰੱਖਿਆ । ਇਸ ਬਾਰੇ ਜਾਣਕਾਰੀ ਦਿੰਦੇ ਸਨਾਤਨ ਸੇਵਾ ਵੈਲਫੇਅਰ ਕਮੇਟੀ ਦੇ ਪ੍ਰਧਾਨ ਅਨੁਰਾਗ ਸ਼ਰਮਾ ਨੇ ਦੱਸਿਆ ਕਿ ਇਹ ਬਹੁਤ ਹੀ ਇਤਿਹਾਸਿਕ ਅਤੇ ਪ੍ਰਾਚੀਨ ਮੰਦਿਰ ਹੈ। ਜਿਸ ਵਿੱਚ ਭਗਵਾਨ ਸ੍ਰੀ ਰਾਮ ਸ਼ਾਲੀਗਰਾਮ ਰੂਪ ਵਿੱਚ ਬਿਰਾਜਮਾਨ ਹਨ ਅਤੇ ਨਾਲ ਮਾਤਾ ਜਾਨਕੀ ਭਗਵਾਨ ਲਸਮਣ ਜੀ ਵੀ ਵਿਰਾਜਮਾਨ ਹਨ। ਉੱਥੇ ਹੀ ਪ੍ਰਾਚੀਨ ਕਾਲ ਤੋਂ ਹੀ ਬਜਰੰਗ ਵਾਲੀ ਜੀ ਵੀ ਇੱਥੇ ਬਿਰਾਜਮਾਨ ਹਨ। ਪਰ ਧਰਮ ਅਰਥ ਸ਼ਾਖਾ ਵੱਲੋਂ ਇਸ ਨੂੰ ਅਨਸੇਫ ਇਮਾਰਤ ਕਹਿ ਕੇ ਜਿੰਦਾ ਲਾ ਦਿੱਤਾ ਗਿਆ ਸੀ । ਬਾਅਦ ਵਿੱਚ ਸਨਾਤਨੀਆਂ ਨੇ ਇਕੱਠੇ ਹੋ ਇਸ ਦੀ ਸਾਂਭ ਸੰਭਾਲ ਕਰਨੀ ਸ਼ੁਰੂ ਕੀਤੀ ਅਤੇ ਹੁਣ ਪਟਿਆਲਾ ਸ਼ਹਿਰ ਦੇ ਰਾਮ ਭਗਤਾਂ ਨੇ ਇਸ ਦੀ ਉਸਾਰੀ ਨਵੇਂ ਸਿਰੇ ਤੋਂ ਕਰਨ ਦੀ ਸੋਹ ਖਾਦੀ ਹੈ। ਅੱਜ ਇਸ ਦਾ ਆਰੰਭ ਹੋ ਗਿਆ ਹੈ । ਜਲਦ ਹੀ ਇੱਕ ਭਵ ਸਵਰੂਪ ਵਿੱਚ ਰਾਮ ਮੰਦਿਰ ਤਿਆਰ ਹੋਵੇਗਾ ਅੱਜ ਸਵੇਰੇ ਭੂਮੀ ਪੂਜਨ ਨਵ ਗ੍ਰਹਿ ਪੂਜਨ ਅਤੇ ਹਵਨ ਦੇ ਨਾਲ ਇਸ ਸ਼ੁਭ ਕਾਰਜ ਨੂੰ ਸ਼ੁਰੂ ਕੀਤਾ ਗਿਆ ਅਤੇ ਇੱਕ ਨਵੀਂ ਪਹਿਲ ਕੀਤੀ ਗਈ ਕਿ ਛੋਟੇ ਛੋਟੇ ਬੱਚਿਆਂ ਨੂੰ ਬਜਰੰਗ ਬਲੀ ਜੀ ਦਾ ਰੂਪ ਬਣਾ ਕੇ ਉਹਨਾਂ ਤੋਂ ਭਗਵਾਨ ਸ੍ਰੀ ਰਾਮ ਜੀ ਦੇ ਮੰਦਿਰ ਦਾ ਨੀਵ ਪੱਥਰ ਰਖਵਾਇਆ ਗਿਆ। ਕਿਉਂਕਿ ਇਹਨਾਂ ਦਾ ਮੰਨਣਾ ਹੈ ਕਿ ਰਾਮ ਜੀ ਦੇ ਕਾਰਜ ਹਨੂਮਾਨ ਜੀ ਸਿੱਧ ਕਰਦੇ ਹਨ ਅਤੇ ਉਹ ਕਿਸ ਰੂਪ ਵਿੱਚ ਆ ਕੇ ਇਸ ਕਾਰਜ ਨੂੰ ਆਰੰਭ ਕਰਨ ਇਹ ਉਹਨਾਂ ਦੀ ਮਾਇਆ ਹੈ । ਇਸ ਮਹਾਨ ਕਾਰਜ ਦੇ ਵਿੱਚ ਅੱਜ ਪਟਿਆਲਾ ਸ਼ਹਿਰ ਦੀਆਂ ਵੱਖ-ਵੱਖ ਸ਼ਖਸ਼ੀਅਤਾਂ ਨੇ ਹਿੱਸਾ ਲਿੱਤਾ ਉਥੇ ਹੀ ਐਮ ਐਲ ਏ ਅਜੀਤ ਪਾਲ ਸਿੰਘ ਕਹੋਲੀ ਨੇ ਵਿਸ਼ੇਸ ਤੌਰ ਪੁੰਹਚ ਕੇ ਭਗਵਾਨ ਦਾ ਅਸ਼ੀਰਵਾਦ ਲਿਤਾ ਨਾਲ ਹੀ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਜੀ ਵੀ ਨਤਮਸਤਕ ਹੋਏ। ਇਸਤੋਂ ਇਲਾਵਾ ਭਾਜਪਾ ਆਗੂ ਭੁਪੇਸ਼ ਅਗਰਵਾਲ, ਭਾਜਪਾ ਆਗੂ ਕਰੁਨ ਕੌੜਾ, ਕਾਂਗਰਸੀ ਆਗੂ ਅਨੀਲ ਮੋਦਗਿਲ, ਸੰਗੀਤਾ ਸ਼ਰਮਾ , ਭਾਜਪਾ ਆਗੂ ਸੁਸ਼ੀਲ ਨਈਅਰ, ਆਪ ਆਗੂ ਦਵਿੰਦਰਪਾਲ ਸਿੰਘ ਮਿਕੀ, ਧਾਰਮਿਕ ਗੁਰੂ ਸੰਜੀਵ ਗੁਰੂ ਜੀ ਮਹਾਰਾਜ, ਦੇ ਨਾਲ ਨਾਲ ਕਈ ਸਮਾਜਿਕ ਧਾਰਮਿਕ ਅਤੇ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਨੇ ਪਹੁੰਚ ਕੇ ਜਿੱਥੇ ਇਸ ਨੇਕ ਕਾਰਜ ਦੀ ਸਲਾਗਾ ਕੀਤੀ ਉਥੇ ਹੀ ਤਨ ਮਨ ਧਨ ਨਾਲ ਸੇਵਾ ਕਰਨ ਦਾ ਵੀ ਭਰੋਸਾ ਦਵਾਇਆ ਇਸ ਤੋਂ ਇਲਾਵਾ ਪਟਿਆਲਾ ਸ਼ਹਿਰ ਦੀਆਂ ਬਹੁਤ ਸਾਰੀ ਸ਼ਖਸ਼ੀਅਤਾਂ ਵੱਲੋਂ ਮੰਦਿਰ ਦੀ ਸਾਂਭ ਸੰਭਾਲ ਲਈ ਪੂਰਨ ਸਹੀ ਸਹਿਯੋਗ ਕੀਤਾ ਜਾ ਰਿਹਾ ਹੈ । ਇਸ ਦੇ ਨਾਲ ਹੀ ਕਮੇਟੀ ਮੈਂਬਰਾਂ ਵੱਲੋਂ ਸਮਸਤ ਸ਼ਹਿਰ ਦੇ ਦਾਨੀ ਸੱਜਣਾਂ ਨੂੰ ਇਹ ਬੇਨਤੀ ਕੀਤੀ ਗਈ ਕਿ ਉਹ ਇਸ ਮਹਾਨ ਕਾਰਜ ਵਿੱਚ ਵੱਧ ਚੜ ਕੇ ਹਿੱਸਾ ਲੈਣ ਅਤੇ ਵੱਧ ਤੋਂ ਵੱਧ ਯੋਗਦਾਨ ਪਾ ਇਸ ਨੇਕ ਕਾਰਜ ਨੂੰ ਯੋਗਦਾਨ ਕਰਨ ।

ਇਸ ਸਮੇਂ ਮੌਜੂਦ ਰਹੇ ਰਵਿੰਦਰ ਬਾਂਸਲ, ਸੰਜੇ ਗੋਇਲ, ਪਵਨ ਅਚਾਰਿਆ, ਚੰਦਰ ਦੀਪ ਧੀਮਾਨ, ਸੁਰੇਸ਼ ਕੁਮਾਰ , ਭਾਰਤਦੀਪ ਠਾਕੁਰ, ਵਰੁਣ ਕੌਸ਼ਲ, ਅਸ਼ੋਕ ਸਿੰਗਲਾ, ਵਰਿੰਦਰ ਗੋਲਡੀ, ਵਰਿੰਦਰ ਗਾਂਧੀ , ਦਵਿੰਦਰ ਸੈਣੀ ਰਜਿੰਦਰ ਕੁਮਾਰ , ਐਡਵੋਕੇਟ ਦਵਿੰਦਰ ਰਾਜਪੂਤ, ਅਸ਼ਵਨੀ ਸ਼ਰਮਾ, ਕਮਲ ਕੋਸ਼ੀਸ਼, ਮੁਕੇਸ਼ ਕੁਮਾਰ ,ਲੱਕੀ ,ਸੋਨੂ ਯਾਦਵਿੰਦਰ ਸ਼ਰਮਾ , ਧੀਰਜ ਗੋਇਲ, ਤੋਂ ਇਲਾਵਾ ਸੈਂਕੜੇ ਰਾਮ ਭਗਤ ਮੌਜੂਦ ਰਹੇ ਅਤੇ ਸਭ ਨੇ ਹਵਨ ਵਿੱਚ ਪੂਰਨ ਅਹੂਤੀ ਪਾ ਭਗਵਾਨ ਸ੍ਰੀ ਰਾਮ ਜੀ ਦਾ ਆਸ਼ੀਰਵਾਦ ਲਿੱਤਾ ।

ਜੋੜੀਆਂ ਭੱਠੀਆਂ ਚੌਕ ਵਿੱਚ ਜੈਕਾਰਿਆਂ ਨਾਲ ਸ੍ਰੀ ਰਾਮ ਲੀਲਾ ਦਾ ਸ਼ਾਨਦਾਰ ਆਯੋਜਨ

ਪਟਿਆਲਾ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਰਾਮ ਲੀਲਾ ਪ੍ਰਬੰਧਕ ਕਮੇਟੀ ਅਤੇ ਜੋੜੀਆਂ ਭੱਠੀਆਂ ਰੋਇਲ ਯੂਥ ਕਲੱਬ ਵੱਲੋਂ ਸ੍ਰੀ ਰਾਮ ਲੀਲਾ ਦਾ ਸ਼ਾਨਦਾਰ ਆਗਾਜ਼ ਹੋਇਆ। ਪ੍ਰਧਾਨ ਵਰੁਣ ਜਿੰਦਲ ਦੀ ਦੇਖ-ਰੇਖ ਹੇਠ 11 ਅਕਤੂਬਰ ਤੋਂ ਸ਼ੁਰੂ ਹੋਈ ਸ੍ਰੀ ਰਾਮ ਲੀਲਾ ਦਾ ਮੰਚਨ 20 ਅਕਤੂਬਰ, ਦੁਸਹਿਰੇ ਤੱਕ ਜਾਰੀ ਰਹੇਗਾ। ਇਸ ਦੌਰਾਨ ਪ੍ਰਭੂ ਸ੍ਰੀ ਰਾਮ ਦੇ ਜੀਵਨ, ਉਨ੍ਹਾਂ ਦੇ ਆਦਰਸ਼ਾਂ ਅਤੇ ਮਰਿਆਦਾ ਪੁਰਸ਼ੋਤਮ ਦੇ ਸਰੂਪ ਨੂੰ ਵੱਖ-ਵੱਖ ਧਾਰਮਿਕ ਅਤੇ ਪ੍ਰੇਰਨਾਦਾਇਕ ਪ੍ਰਸੰਗਾਂ ਰਾਹੀਂ ਬਹੁਤ ਹੀ ਸੁੰਦਰ ਅਤੇ ਭਾਵਨਾਤਮਕ ਢੰਗ ਨਾਲ ਪੇਸ਼ ਕੀਤਾ ਜਾ ਰਿਹਾ ਹੈ।

ਪ੍ਰਧਾਨ ਵਰੁਣ ਜਿੰਦਲ ਨੇ ਦੱਸਿਆ ਕਿ ਪ੍ਰਸਿੱਧ ਨਿਰਦੇਸ਼ਕ ਮੋਹਨ ਕੰਬੋਜ ਅਤੇ ਉਨ੍ਹਾਂ ਦੇ ਸਪੁੱਤਰ ਐੱਸ. ਕੁੰਤਲ ਕੰਬੋਜ ਦੇ ਨਿਰਦੇਸ਼ਨ ਹੇਠ ਸ੍ਰੀ ਰਾਮ ਲੀਲਾ ਦੇ ਪਹਿਲੇ ਦਿਨ ਵੱਖ-ਵੱਖ ਦ੍ਰਿਸ਼ਾਂ ਦਾ ਮੰਚਨ ਕੀਤਾ ਗਿਆ। ਇਨ੍ਹਾਂ ਦ੍ਰਿਸ਼ਾਂ ਵਿੱਚ ਪ੍ਰਭੂ ਸ੍ਰੀ ਰਾਮ ਦੇ ਬਾਲ ਸਰੂਪ ਨੇ ਦਰਸ਼ਕਾਂ ਨੂੰ ਮੰਤਰਮੁਗਧ ਕਰ ਦਿੱਤਾ। ਪ੍ਰਭੂ ਸ੍ਰੀ ਰਾਮ ਦੇ ਜਨਮ ਦੇ ਪ੍ਰਸੰਗ ਦੌਰਾਨ ਪੂਰਾ ਪੰਡਾਲ ਸ੍ਰੀ ਰਾਮ ਦੇ ਜੈਕਾਰਿਆਂ ਨਾਲ ਗੂੰਜ ਉੱਠਿਆ। ਇਸ ਤੋਂ ਬਾਅਦ ਪ੍ਰਭੂ ਸ੍ਰੀ ਰਾਮ ਦੀਆਂ ਬਾਲ ਲੀਲਾਵਾਂ ਨੂੰ ਬਹੁਤ ਹੀ ਸੁੰਦਰ ਢੰਗ ਨਾਲ ਪੇਸ਼ ਕੀਤਾ ਗਿਆ। ਇਸ ਦੇ ਨਾਲ ਹੀ ਮਾਤਾ ਸੀਤਾ ਦੇ ਜਨਮ ਅਤੇ ਬਚਪਨ ਵਿੱਚ ਉਨ੍ਹਾਂ ਵੱਲੋਂ ਸ਼ਿਵ ਧਨੁਸ਼ ਚੁੱਕਣ ਦੇ ਮਨਮੋਹਕ ਦ੍ਰਿਸ਼ ਦਾ ਵੀ ਮੰਚਨ ਕੀਤਾ ਗਿਆ।

ਇਸ ਤੋਂ ਇਲਾਵਾ ਰਾਵਣ-ਨੰਦੀ ਸੰਵਾਦ ਅਤੇ ਰਾਵਣ-ਵੇਦਵਤੀ ਸੰਵਾਦ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਗਿਆ। ਇਸ ਦੇ ਨਾਲ ਹੀ ਗੁਰੂ ਵਸ਼ਿਸ਼ਠ ਵੱਲੋਂ ਚਾਰੇ ਰਾਜਕੁਮਾਰਾਂ ਨੂੰ ਸਿੱਖਿਆ ਪ੍ਰਦਾਨ ਕਰਨ ਵਾਲੇ ਦ੍ਰਿਸ਼ਾਂ ਦਾ ਮੰਚਨ ਵੀ ਕੀਤਾ ਗਿਆ। ਕਲਾਕਾਰਾਂ ਨੇ ਆਪਣੇ ਦਮਦਾਰ ਅਭਿਨੈ ਰਾਹੀਂ ਦਰਸ਼ਕਾਂ ਨੂੰ ਧਾਰਮਿਕ ਅਤੇ ਸੱਭਿਆਚਾਰਕ ਪਰੰਪਰਾਵਾਂ ਨਾਲ ਜੋੜਨ ਦਾ ਉਪਰਾਲਾ ਕੀਤਾ।

ਪ੍ਰਧਾਨ ਵਰੁਣ ਜਿੰਦਲ ਨੇ ਕਿਹਾ ਕਿ ਸ੍ਰੀ ਰਾਮ ਲੀਲਾ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ ਹੈ, ਸਗੋਂ ਇਹ ਸਾਡੀਆਂ ਧਾਰਮਿਕ ਪਰੰਪਰਾਵਾਂ, ਸੱਭਿਆਚਾਰਕ ਵਿਰਾਸਤ ਅਤੇ ਜੀਵਨ ਦੇ ਮੁੱਲਾਂ ਨੂੰ ਸਮਝਣ ਦਾ ਇੱਕ ਮਹੱਤਵਪੂਰਨ ਮੌਕਾ ਵੀ ਹੈ। ਭਗਵਾਨ ਸ੍ਰੀ ਰਾਮ ਦਾ ਜੀਵਨ ਹਰੇਕ ਵਿਅਕਤੀ ਲਈ ਪ੍ਰੇਰਨਾ ਦਾ ਸਰੋਤ ਹੈ। ਉਨ੍ਹਾਂ ਦੇ ਜੀਵਨ ਤੋਂ ਸਾਨੂੰ ਸੱਚ ਦੇ ਮਾਰਗ 'ਤੇ ਚੱਲਣ, ਆਪਣੇ ਫ਼ਰਜ਼ਾਂ ਨੂੰ ਇਮਾਨਦਾਰੀ ਨਾਲ ਨਿਭਾਉਣ, ਮਾਤਾ-ਪਿਤਾ ਦਾ ਸਤਿਕਾਰ ਕਰਨ, ਪਰਿਵਾਰਕ ਮੈਂਬਰਾਂ ਪ੍ਰਤੀ ਪਿਆਰ ਬਣਾਈ ਰੱਖਣ ਅਤੇ ਔਖੇ ਹਾਲਤਾਂ ਵਿੱਚ ਵੀ ਮਰਿਆਦਾ ਦੀ ਪਾਲਣਾ ਕਰਨ ਦੀ ਪ੍ਰੇਰਨਾ ਮਿਲਦੀ ਹੈ।

ਉਨ੍ਹਾਂ ਕਿਹਾ ਕਿ ਨਵੀਂ ਪੀੜ੍ਹੀ ਨੂੰ ਆਪਣੇ ਸੱਭਿਆਚਾਰ, ਧਾਰਮਿਕ ਪਰੰਪਰਾਵਾਂ ਅਤੇ ਨੈਤਿਕ ਕਦਰਾਂ-ਕੀਮਤਾਂ ਨਾਲ ਜਾਣੂ ਕਰਵਾਉਣਾ ਬਹੁਤ ਜ਼ਰੂਰੀ ਹੈ। ਸ੍ਰੀ ਰਾਮ ਲੀਲਾ ਵਰਗੇ ਧਾਰਮਿਕ ਆਯੋਜਨਾਂ ਰਾਹੀਂ ਬੱਚਿਆਂ ਅਤੇ ਨੌਜਵਾਨਾਂ ਨੂੰ ਭਾਰਤੀ ਸੱਭਿਆਚਾਰ ਦੀ ਅਮੀਰ ਵਿਰਾਸਤ ਨੂੰ ਜਾਣਨ ਅਤੇ ਸਮਝਣ ਦਾ ਮੌਕਾ ਮਿਲਦਾ ਹੈ। ਭਗਵਾਨ ਸ੍ਰੀ ਰਾਮ ਦਾ ਆਦਰਸ਼ ਜੀਵਨ ਸਾਨੂੰ ਤਿਆਗ, ਭਾਈਚਾਰੇ ਅਤੇ ਪਰਿਵਾਰਕ ਏਕਤਾ ਦਾ ਸੰਦੇਸ਼ ਦਿੰਦਾ ਹੈ। ਇਨ੍ਹਾਂ ਆਦਰਸ਼ਾਂ ਨੂੰ ਆਪਣੇ ਜੀਵਨ ਵਿੱਚ ਅਪਣਾ ਕੇ ਸਮਾਜ ਵਿੱਚ ਸਕਾਰਾਤਮਕਤਾ ਅਤੇ ਆਪਸੀ ਸਦਭਾਵਨਾ ਨੂੰ ਉਤਸ਼ਾਹਿਤ ਕੀਤਾ ਜਾ ਸਕਦਾ ਹੈ।

ਵਰੁਣ ਜਿੰਦਲ ਨੇ ਸਮੂਹ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਪਰਿਵਾਰਾਂ ਅਤੇ ਬੱਚਿਆਂ ਸਮੇਤ ਸ੍ਰੀ ਰਾਮ ਲੀਲਾ ਦੇਖਣ ਲਈ ਜ਼ਰੂਰ ਪਹੁੰਚਣ ਅਤੇ ਇਸ ਧਾਰਮਿਕ ਆਯੋਜਨ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ। ਉਨ੍ਹਾਂ ਕਿਹਾ ਕਿ ਜਦੋਂ ਬੱਚੇ ਆਪਣੇ ਪਰਿਵਾਰਾਂ ਨਾਲ ਅਜਿਹੇ ਧਾਰਮਿਕ ਅਤੇ ਸੱਭਿਆਚਾਰਕ ਪ੍ਰੋਗਰਾਮਾਂ ਵਿੱਚ ਸ਼ਾਮਲ ਹੁੰਦੇ ਹਨ, ਤਾਂ ਉਨ੍ਹਾਂ ਨੂੰ ਆਪਣੀਆਂ ਪਰੰਪਰਾਵਾਂ ਅਤੇ ਸੰਸਕਾਰਾਂ ਨੂੰ ਸਮਝਣ ਦਾ ਮੌਕਾ ਮਿਲਦਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਰਾਮ ਲੀਲਾ ਰਾਹੀਂ ਭਗਵਾਨ ਸ੍ਰੀ ਰਾਮ ਦੇ ਜੀਵਨ ਨਾਲ ਜੁੜੇ ਆਦਰਸ਼ਾਂ ਅਤੇ ਸਿੱਖਿਆਵਾਂ ਨੂੰ ਜਨ-ਜਨ ਤੱਕ ਪਹੁੰਚਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਅਜਿਹੇ ਆਯੋਜਨ ਨਾ ਸਿਰਫ਼ ਧਾਰਮਿਕ ਆਸਥਾ ਨੂੰ ਮਜ਼ਬੂਤ ਕਰਦੇ ਹਨ, ਸਗੋਂ ਸਮਾਜ ਵਿੱਚ ਪਿਆਰ, ਭਾਈਚਾਰੇ, ਪਰਿਵਾਰਕ ਏਕਤਾ ਅਤੇ ਸੱਭਿਆਚਾਰਕ ਚੇਤਨਾ ਨੂੰ ਉਤਸ਼ਾਹਿਤ ਕਰਨ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਪਰਿਵਾਰਾਂ ਸਮੇਤ ਪਹੁੰਚ ਕੇ ਸ੍ਰੀ ਰਾਮ ਲੀਲਾ ਦਾ ਆਨੰਦ ਮਾਣਨ ਅਤੇ ਇਸ ਧਾਰਮਿਕ ਆਯੋਜਨ ਨੂੰ ਸਫ਼ਲ ਬਣਾਉਣ ਵਿੱਚ ਆਪਣਾ ਸਹਿਯੋਗ ਦੇਣ।

ਵਿਧਾਇਕ ਗੁਰਲਾਲ ਸਿੰਘ ਘਨੌਰ ਤੇ ਖੇਡ ਵਿਭਾਗ ਵੱਲੋਂ ਏਸ਼ਿਆਈ ਖੇਡਾਂ ਵਿੱਚ ਦੋ ਕਾਂਸੀ ਦੇ ਤ.ਗਮੇ ਜਿੱਤਣ ਵਾਲੀ ਸ਼ੂਟਰ ਪਰੀਨਾਜ਼ ਧਾਲੀਵਾਲ ਦਾ ਸਨਮਾਨ

ਪਟਿਆਲਾ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਜਾਪਾਨ ਵਿੱਚ ਪਿਛਲੇ ਮਹੀਨੇ ਹੋਈਆਂ ਏਸ਼ਿਆਈ ਖੇਡਾਂ ਵਿੱਚ ਦੋ ਕਾਂਸੀ ਦੇ ਤ.ਗਮੇ ਜਿੱਤਣ ਵਾਲੀ ਪੰਜਾਬ ਦੀ ਸ਼ਾਟਗੰਨ ਨਿਸ਼ਾਨੇਬਾਜ਼ ਪਰੀਨਾਜ਼ ਕੌਰ ਧਾਲੀਵਾਲ ਦਾ ਅੱਜ ਖੇਡ ਵਿਭਾਗ ਅਤੇ ਵਿਧਾਇਕ ਗੁਰਲਾਲ ਸਿੰਘ ਘਨੌਰ ਨੇ ਵਿਸ਼ੇਸ਼ ਸਨਮਾਨ ਕੀਤਾ। ਇਸ ਮੌਕੇ ਜ਼ਿਲ੍ਹਾ ਖੇਡ ਅਫ਼ਸਰ ਨਵਜੋਤ ਸਿੰਘ ਧਾਲੀਵਾਲ, ਪਰੀਨਾਜ਼ ਦੇ ਪਿਤਾ ਰਤਨਦੀਪ ਸਿੰਘ ਧਾਲੀਵਾਲ ਸਮੇਤ ਹੋਰ ਖਿਡਾਰੀ ਅਤੇ ਪਤਵੰਤੇ ਹਾਜ਼ਰ ਸਨ। ਸ਼ੂਟਿੰਗ ਵਿੱਚ ਕੌਮਾਂਤਰੀ ਪੱਧਰ 'ਤੇ ਸ਼ਾਨਦਾਰ ਪ੍ਰਾਪਤੀ ਕਰਨ ਵਾਲੀ ਪਰੀਨਾਜ਼ ਧਾਲੀਵਾਲ ਦਾ ਸਨਮਾਨ ਕਰਦਿਆਂ ਵਿਧਾਇਕ ਗੁਰਲਾਲ ਸਿੰਘ ਘਨੌਰ ਨੇ ਕਿਹਾ ਕਿ ਪਟਿਆਲਾ ਦੀ ਧੀ ਨੇ ਪੰਜਾਬ ਦੇ ਨਾਲ-ਨਾਲ ਦੇਸ਼ ਦਾ ਨਾਮ ਵੀ ਰੌਸ਼ਨ ਕੀਤਾ ਹੈ। ਉਨ੍ਹਾਂ ਉਮੀਦ ਜਤਾਈ ਕਿ ਪਰੀਨਾਜ਼ ਭਵਿੱਖ ਵਿੱਚ ਓਲੰਪਿਕ ਖੇਡਾਂ ਵਿੱਚ ਵੀ ਤ.ਗਮਾ ਜਿੱਤ ਕੇ ਦੇਸ਼ ਦਾ ਮਾਨ ਵਧਾਏਗੀ। ਵਿਧਾਇਕ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਅਹਿਮ ਕਦਮ ਚੁੱਕੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਖਿਡਾਰੀਆਂ ਦੇ 2011 ਤੋਂ ਬਕਾਇਆ ਮਹਾਰਾਜਾ ਰਣਜੀਤ ਸਿੰਘ ਐਵਾਰਡ, ਇਨਾਮਾਂ, ਮੈਡਲਾਂ ਅਤੇ ਨੌਕਰੀਆਂ ਤੇ ਤਰੱਕੀਆਂ ਨਾਲ ਸਬੰਧਤ ਮਾਮਲਿਆਂ ਦਾ ਨਿਪਟਾਰਾ ਕੀਤਾ ਗਿਆ ਹੈ।

ਸਰਵ ਪਿੱਤਰ ਮਸਿਆ ਦੇ ਮੌਕੇ ਤੇ ਖੀਰ ਪੂੜੇ ਦਾ ਲੰਗਰ ਲਗਾਇਆ

ਪਟਿਆਲਾ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪ੍ਰਾਚੀਨ ਮੰਦਿਰ ਸ੍ਰੀ ਕੇਦਾਰ ਨਾਥ ਜੀ ਦੇ ਮੰਦਿਰ ਵਿੱਚ ਹਸੀਜਾ ਪਰਿਵਾਰ ਅਤੇ ਸੁਧਾਰ ਸਭਾ ਦੇ ਮੈਂਬਰਾਂ ਵੱਲੋਂ ਮੰਦਿਰ ਵਿਖੇ ਖੀਰ ਪੂੜੇ ਦਾ ਪ੍ਰਸ਼ਾਦ ਸ਼ਾਮ ਨੂੰ 5:00 ਵਜੇ ਲਗਾ ਕੇ ਵਿਸ਼ਾਲ ਸ਼ਿਵ ਜੀ ਦੀ ਮੂਰਤੀ ਦੇ ਕੋਲ ਅਟੁੱਟ ਵੰਡਿਆ। ਆਰਤੀ ਉਪਰੰਤ ਮੰਦਿਰ ਵਿਖੇ ਵੀ ਵੰਡਿਆ ਗਿਆ। ਰਜਿੰਦਰਾ ਹਸਪਤਾਲ ਅਤੇ ਕੁਸ਼ਟ ਆਸ਼ਰਮ ਵਿੱਚ ਵੀ ਭੇਜਿਆ ਗਿਆ। ਇਹ ਲੰਗਰ ਲਿਜਾਣ ਦੀ ਸੇਵਾ ਉੱਥੇ ਵੰਡਣ ਦੀ ਸੇਵਾ ਇਕਬਾਲ ਸਿੰਘ ਉਰਫ ਸ਼ੰਟੀ, ਦਲੇਰ ਸੈਣੀ ਵਲੋਂ ਸ਼ਰਧਾ ਨਾਲ ਕੀਤੀ ਗਈ। ਅੱਜ ਦੇ ਦਿਨ ਹੀ ਰਾਜੀਵ ਹਸੀਜਾ ਜੀ ਦੇ ਜਨਮ ਦਿਨ ਦੇ ਮੌਕੇ ਮੰਦਿਰ ਦੇ ਬਾਹਰ ਸੜਕ ਦੇ ਕਿਨਾਰੇ ਅਤੇ ਪਾਰਕ ਵਿੱਚ ਛਾਂ ਵਾਲੇ ਅਤੇ ਫੁੱਲਾਂ ਵਾਲੇ 51 ਬੂਟੇ ਲਗਾਏ ਗਏ। ਜਿਸ ਨਾਲ ਮੰਦਿਰ ਦੀ ਸੁੰਦਰਤਾ ਅਤੇ ਹਰਿਆਲੀ ਲਈ ਭੋਲੇ ਬਾਬਾ ਦੇ ਚਰਨਾ ਵਿੱਚ ਅਰਪਿਤ ਕੀਤੇ। ਹਸੀਜਾ ਪਰਿਵਾਰ ਦੇ ਸਾਰੇ ਮੈਂਬਰ ਬੂਟੇ ਲਗਾਉਣ ਸਮੇਂ ਮੌਜੂਦ ਸਨ। ਸਤਨਾਮ ਹਸੀਜਾ ਨੇ ਦੱਸਿਆ ਕਿ ਜੋ ਧਾਰਮਿਕ ਅਤੇ ਸਮਾਜਿਕ ਕੰਮ ਕਰ ਰਿਹਾ ਹਾਂ ਇਹ ਮੇਰੇ ਮਾਤਾ ਪਿਤਾ ਜੀ ਦੇ ਸੰਸਕਾਰ ਹਨ। ਉਨ੍ਹਾਂ ਦੇ ਆਸ਼ਿਰਵਾਦ ਅਤੇ ਪ੍ਰੇਰਨਾ ਨਾਲ ਹੀ ਹੋ ਰਿਹਾ ਹੈ। ਇਸ ਨਾਲ ਆਉਣ ਵਾਲੀ ਪੀੜ੍ਹੀ ਅਤੇ ਮੇਰੇ ਬੱਚੇ ਇਸੀ ਰਾਹ ਤੇ ਚੱਲ ਰਹੇ ਹਨ। ਭੋਲੇ ਬਾਬਾ ਜੀ ਦੀ ਇਸ ਪਰਿਵਾਰ ਤੇ ਅਪਾਰ ਕ੍ਰਿਪਾ ਹੈ। ਬੱਚਿਆਂ ਨੇ ਵੀ ਆਖਿਆ ਕਿ ਅਸੀਂ ਵੀ ਦਾਦਾ ਦਾਦੀ ਜੀ ਦੇ ਆਸ਼ਿਰਵਾਦ ਨਾਲ ਲੋਕ ਸੇਵਾ ਅਤੇ ਧਾਰਮਿਕ ਅਜਿਹੀ ਕੰਮ ਕਰਦੇ ਰਹਾਂਗੇ।

ਪਿੰਡ ਭਾਦਸੋਂ ਵਿਖੇ ਪਰਾਲੀ ਪ੍ਰਬੰਧਨ ਸਬੰਧੀ ਆਸ਼ਾ ਵਰਕਰਾਂ ਦਾ ਜਾਗਰੂਕਤਾ ਕੈਂਪ ਲਗਾਇਆ ਗਿਆ

ਭਾਦਸੋਂ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਝੋਨੇ ਦੀ ਪਰਾਲੀ ਦੇ ਸੁਚੱਜੇ ਪ੍ਰਬੰਧਨ ਅਤੇ ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਜਾਗਰੂਕਤਾ ਪੈਦਾ ਕਰਨ ਲਈ ਖੇਤੀਬਾੜੀ ਵਿਭਾਗ ਵੱਲੋਂ ਪਿੰਡ ਭਾਦਸੋਂ ਵਿਖੇ ਆਸ਼ਾ ਵਰਕਰਾਂ ਦਾ ਜਾਗਰੂਕਤਾ ਕੈਂਪ ਲਗਾਇਆ ਗਿਆ। ਇਹ ਕੈਂਪ ਡਾ. ਦਾਰਾ ਸਿੰਘ, ਮੁੱਖ ਖੇਤੀਬਾੜੀ ਅਫ਼ਸਰ, ਪਟਿਆਲਾ ਦੇ ਦਿਸ਼ਾ-ਨਿਰਦੇਸ਼ਾਂ ਅਤੇ ਬਲਾਕ ਖੇਤੀਬਾੜੀ ਅਫ਼ਸਰ, ਜਪਿੰਦਰ ਸਿੰਘ ਗਿੱਲ ਨਾਭਾ ਦੀ ਅਗਵਾਈ ਹੇਠ ਖੇਤੀਬਾੜੀ ਵਿਕਾਸ ਅਫਸਰ ਅਫਸਰ ਜਸਪ੍ਰੀਤ ਸਿੰਘ ਵੱਲੋਂ ਲਗਾਇਆ ਗਿਆ।

ਕੈਂਪ ਦੌਰਾਨ ਆਸ਼ਾ ਵਰਕਰਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਨਾਲ ਹੋਣ ਵਾਲੇ ਵਾਤਾਵਰਨ ਪ੍ਰਦੂਸ਼ਣ, ਮਿੱਟੀ ਦੀ ਉਪਜਾਊ ਸ਼ਕਤੀ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਅਤੇ ਮਨੁੱਖੀ ਸਿਹਤ ਨੂੰ ਹੋਣ ਵਾਲੇ ਨੁਕਸਾਨਾਂ ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਨੂੰ ਪਰਾਲੀ ਪ੍ਰਬੰਧਨ ਸਬੰਧੀ ਜਾਗਰੂਕਤਾ ਦਾ ਸੁਨੇਹਾ ਘਰ-ਘਰ ਤੱਕ ਪਹੁੰਚਾਉਣ ਲਈ ਪ੍ਰੇਰਿਤ ਕੀਤਾ ਗਿਆ।

ਖੇਤੀਬਾੜੀ ਵਿਭਾਗ ਵੱਲੋਂ ਅਪੀਲ ਕੀਤੀ ਗਈ ਕਿ ਕਿਸਾਨ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਦੀ ਬਜਾਏ ਆਧੁਨਿਕ ਖੇਤੀ ਮਸ਼ੀਨਰੀ ਦੀ ਸਹਾਇਤਾ ਨਾਲ ਇਸ ਦਾ ਸੁਚੱਜਾ ਪ੍ਰਬੰਧਨ ਕਰਨ। ਇਸ ਨਾਲ ਵਾਤਾਵਰਨ ਦੀ ਸੁਰੱਖਿਆ ਦੇ ਨਾਲ-ਨਾਲ ਮਿੱਟੀ ਦੀ ਸਿਹਤ ਨੂੰ ਵੀ ਬਰਕਰਾਰ ਰੱਖਿਆ ਜਾ ਸਕਦਾ ਹੈ। ਖੇਤੀਬਾੜੀ ਵਿਭਾਗ ਦਾ ਸੁਨੇਹਾ: ਸਾਡੇ ਪਿੰਡ ਦੀ ਸ਼ਾਨ ਨਿਰਾਲੀ, ਅਸੀਂ ਨਹੀਂ ਜਲਾਉਂਦੇ ਪਰਾਲੀ।

ਕਲਾਸ ਫੋਰ ਯੂਨੀਅਨ ਵੱਲੋਂ ਪੰਜਾਬ ਸਰਕਾਰ ਅਤੇ ਦਲਿੱਤ ਪਰਿਵਾਰਾਂ 'ਚੋਂ ਚੁਣੇ ਮੰਤਰੀਆਂ, ਵਿਧਾਇਕਾਂ ਨੂੰ ਪਾਈ ਫਿਟਕਾਰ; 2027 ਵਿੱਚ ਸਬਕ ਸਿਖਾਉਣ ਦਾ ਐਲਾਨ: ਲੁਬਾਣਾ

ਪਟਿਆਲਾ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਦੀ ਕਾਲਸ ਫੋਰ ਗੋਰਮਿੰਟ ਇੰਪਲਾਈਜ਼ ਯੂਨੀਅਨ
ਤਹਿਸੀਲ ਸਮਾਣਾ (ਪਟਿਆਲਾ)
The Class 4th Government Employees Union Punjab
Head Office : 1680, Sector 22-B, Chandigarh
Branch Office : Rajpura Colony, Patiala

ਪੰਜਾਬ ਦੇ ਸਰਕਾਰੀ -ਅਰਧ ਸਰਕਾਰੀ ਵਿਭਾਗਾਂ ਵਿੱਚ ਲੰਮੇਂ ਸਮੇਂ ਤੋਂ ਦਰਜਾ-4 ਦੀਆਂ ਹਜਾਰਾਂ ਰੈਗੂਲਰ ਅਸਾਮੀਆਂ ਖਾਲੀ ਪਈਆਂ ਹਨ,ਅਤੇ ਵੱਡੇ ਪੱਧਰ ਤੇ ਰੈਗੂਲਰ ਅਸਾਮੀਆਂ ਖਤਮ ਕਰ ਦਿੱਤੀਆਂ ,ਦਹਾਕਿਆਂ ਤੋਂ ਠੇਕਾ ਅਤੇ ਆਊਟ ਸੋਰਸ ਪ੍ਰਣਾਲੀ ਲਾਗੂ ਕਰਕੇ ਕਰਮਚਾਰੀਆਂ ਦਾ ਆਰਥਿਕ ਸੋਸਣ ਕੀਤਾ ਜਾ ਰਿਹਾ ਹੈ,ਲੋਕ ਨਿਰਮਾਣ ਵਿਭਾਗ,ਸਿੰਚਾਈ ਤੇ ਡਰੇਨ ਵਿਭਾਗ ਵਿੱਚ ਬੇਲਦਾਰਾਂ,ਮੇਟਾਂ,ਆਦਿ ਦੀ ਭਰਤੀ ਲੰਮੇਂ ਸਮੇਂ ਤੋਂ ਨਹੀਂ ਕੀਤੀ ਗਈ,ਫੂਡ ਗ੍ਰੇਨ ਇਜੰਸੀਆਂ,ਵਿੱਚ ਰੈਗੂਲਰ ਚੌਂਕੀਦਾਰ ਭਰਤੀ ਕਰਨ ਦੀ ਵਿਜਾਏ ਆਊਟ ਸੋਰਸ ਕਰਮਚਾਰੀ ਰੱਖ ਕੇ ਕੰਮ ਚਲਾਇਆ ਜਾ ਰਿਹਾ ਹੈ ,ਸਿਵਲ ਹਸਪਤਾਲਾਂ ਵਿੱਚ ਵਾਰਡ ਅਟੇਂਡੈਂਟ,ਸਫਾਈ ਸੇਵਕ, ਮਾਲੀ, ਚੌਂਕੀਦਾਰ ਰੈਗੂਲਰ ਭਰਤੀ ਕਰਨੇ ਬੰਦ ਕਰ ਦਿੱਤੇ ਹਨ ,ਸਰਕਾਰੀ ਸਕੂਲਾਂ ਵਿੱਚ ਸੇਵਾਦਾਰ,ਸਫਾਈ ਸੇਵਕ,ਚੌਂਕੀਦਾਰ 3000/ ਰੁਪੈ ਅਤੇ 5000/ਰੁਪੈ ਮਹੀਨਾਂ ਤੇ ਰੱਖ ਕੇ ਆਰਥਿਕ ਸੋਸਣ ਕੀਤਾ ਜਾ ਰਿਹਾ ਹੈ,ਠੇਕੇ ਅਤੇ ਆਊਟ ਸੋਰਸ ਪ੍ਰਣਾਲੀ ਅਧੀਨ ਰੱਖੇ ਕਰਮਚਾਰੀਆਂ ਗਰੁੱਪ ਡੀ ਦੇ ਤਨਖਾਹ ਸਕੇਲਾਂ ਵਿੱਚ ਰੈਗੂਲਰ ਨਹੀਂ ਕੀਤਾ ਜਾ ਰਿਹਾ ਉਲਟਾ 16-05-2023 ਨੂੰ ਲੰਗੜੀ ਨੀਤੀ ਜਾਰੀ ਕਰਕੇ ਸਿਵਲ ਸਰਵਿਸ ਰੂਲਾਂ ਦੀਆਂ ਧੱਜੀਆਂ ਉਡਾ ਦਿੱਤੀਆਂ ਹਨ,ਆਊਟ ਸੋਰਸ ਕਰਮਚਾਰੀਆਂ, ਸਕਿਊਰਟੀ ਗਾਰਡਾਂ ਨੂੰ ਇਨਸੋਰਸ ਕਰਨ ਉਣਤਾਈਆਂ ਭਰਭੂਰ ਐਕਟ -2026 ਪਾਸ ਕੀਤਾ ਗਿਆ ਹੈ ਜਿਸ ਵਿੱਚ 10-15 ਸਾਲ ਦੀ ਸਰਵਿਸ ਵਾਲੇ ਫੂਡ ਗ੍ਰੇਨ ਇਜੰਸੀਆਂ ਦੇ ਸਕਿਊਰਟੀ ਗਾਰਡਾਂ ਨੂੰ ਇਨਸੋਰਸ ਕਰਨ ਤੋਂ ਜਵਾਬ ਦੇ ਦਿੱਤਾ ਹੈ ਜਿਸ ਕਰਕੇ ਸਮੂਹ ਕਰਮਚਾਰੀਆਂ ਵਿੱਚ ਭਾਰੀ ਗੁੱਸਾ ਹੈ ,ਗਰੁੱਪ - ਡੀ ਦੀ ਰੈਗੂਲਰ ਭਰਤੀ ਬੰਦ ਕਰਕੇ ਪੰਜਾਬ ਸਰਕਾਰ ਨੇ ਘੱਟ ਪੜੇ ਲਿਖੇ ਗਰੀਬ ਸ੍ਰੇਣੀਆਂ ਦੇ ਪਰਿਵਾਰਾਂ,ਦਲਿੱਤਾਂ ਦੇ ਬੱਚਿਆਂ ਦੀ ਸਰਕਾਰੀ ਨੌਕਰੀਆਂ ਵਿੱਚ ਐਂਟਰੀ ਲੱਗ ਭੱਗ ਬੰਦ ਕਰ ਦਿੱਤੀ ਹੈ ਜੋ ਬਹੁਤ ਹੀ ਨਿੰਦਣ ਯੋਗ ਹੈ ਇਸ ਮਾਮਲੇ ਦੇ ਗੰਭੀਰ ਨੋਟਿਸ ਲੈਂਦਿਆਂ ਦੀ ਕਲਾਸ ਫੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ ਮੁੱਖ ਦਫਤਰ 1680-22,ਬੀ ਚੰਡੀਗੜ੍ਹ ਦੇ ਸੂਬਾ ਪ੍ਰਧਾਨ ਦਰਸਨ ਸਿੰਘ ਲੁਬਾਣਾ, ਐਕਟਿੰਗ ਪ੍ਰਧਾਨ ਜਸਵਿੰਦਰ ਪਾਲ ਉੱਘੀ,ਚੇਅਰਮੈਨ ਸੁਖਦੇਵ ਸਿੰਘ ਸੁਰਤਾਪੁਰੀ,ਸਕੱਤਰ ਜਨਰਲ ਰਣਜੀਤ ਸਿੰਘ ਰਾਣਵਾਂ ਨੇ ਜਿੱਥੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੂੰ ਕਰੜੇ ਹੱਥੀ ਲੈਂਦਿਆਂ 2027 ਦੀਆਂ ਚੋਣਾਂ ਵਿੱਚ ਸਬਕ ਸਿਖਾਉਣ ਦਾ ਐਲਾਨ ਕੀਤਾ ਉਥੇ ਸਰਕਾਰ ਵਿੱਚ ਸਾਮਲ ਦਲਿੱਤ ਪ੍ਰਿਵਾਰਾਂ ਚੋਂ ਰਿਜਰਵ ਸੀਟਾਂ ਤੇ ਜਿੱਤੇ ਵਿਧਾਇਕਾਂ,ਮੰਤਰੀਆਂ ਨੂੰ ਵੀ ਲਾਹਣਤਾਂ ਪਾਈਆਂ ਹਨ ਅਤੇ ਐਲਾਨ ਕੀਤਾ ਕਿ ਯੂਨੀਅਨ ਵੱਲੋਂ ਗਰੁੱਪ-ਡੀ ਦੀ ਰੈਗੂਲਰ ਭਰਤੀ ਤੁਰੰਤ ਕਰਨ ਅਤੇ ਠੇਕਾ,ਆਊਟ ਸੋਰਸ ਤੇ ਰੱਖੇ ਕਰਮਚਾਰੀਆਂ ਨੂੰ ਪੂਰੇ ਸਕੇਲਾਂ ਵਿੱਚ ਪੱਕਾ ਕਰਨ ਦੀ ਪੁਰਜੋਰ ਮੰਗ ਕੀਤੀ ਅਤੇ ਤਿੱਖਾ ਸੰਘਰਸ ਕਰਨ ਦੀ ਚਿਤਾਵਨੀ ਵੀ ਦਿੱਤੀ। ਯੂਨੀਅਨ ਦੇ ਪ੍ਰਮੁੱਖ ਆਗੂਆਂ ਦਰਸ਼ਨ ਸਿੰਘ ਲੁਬਾਣਾ, ਰਣਜੀਤ ਸਿੰਘ ਰਾਣਵਾਂ ਨੇ ਕਿਹਾ ਕਿ ਸਿਹਤ ਵਿਭਾਗ ਵਿਚਲੇ ਵੱਖ-ਵੱਖ ਵਿੰਗਾ ਵਿੱਚ ਕੰਮ ਕਰਦੇ ਆਊਟ ਸੋਰਸ ਕਰਮੀਆਂ ਤੇ ਘੱਟੋ ਘੱਟ ਉਜਰਤਾਂ ਤੇ 15 ਪ੍ਰਤੀਸ਼ਤ ਵਾਧਾ ਲਾਗੂ ਨਹੀਂ ਕੀਤਾ ਗਿਆ। ਜਿਸ ਵਿੱਚ ਯੂਜਰ ਚਾਰਜਿਸ ਕਾਮੇ ਵੀ ਸ਼ਾਮਲ ਹਨ। ਇਨ੍ਹਾਂ ਆਗੂਆਂ ਨੇ ਕਿਹਾ ਕਿ ਭਾਵੇਂ ਕਿ ਵੱਖ-ਵੱਖ ਵਿਭਾਗਾਂ ਵੱਲੋਂ ਆਊਟ ਸੋਰਸ ਕਾਮਿਆਂ ਨੂੰ ਇਨਸੋਰਸ ਕਰਨ ਲਈ ਕਾਰਵਾਈ ਅਰੰਭੀ ਹੋਈ ਹੈ, ਡਾਟਾ ਇਕੱਠਾ ਕੀਤਾ ਜਾ ਰਿਹਾ ਹੈ ਪਰੰਤੂ ਸਿਹਤ ਵਿਭਾਗ ਵਿਚੋਂ ਅਜਿਹਾ ਕੁੱਝ ਨਹੀਂ ਕੀਤਾ ਜਾ ਰਿਹਾ। ਇਸ ਸਬੰਧ ਵਿੱਚ ਮਿਤੀ 15-09-2026 ਨੂੰ ਸਿਹਤ ਮੰਤਰੀ ਅਤੇ ਮਿਤੀ 23-09-2026 ਅਤੇ 30-09-2026 ਨੂੰ ਸਿਹਤ ਡਾਇਰੈਕਟਰ ਨਾਲ ਮੀਟਿੰਗਾ ਕੀਤੀਆਂ ਗਈਆਂ ਪਰੰਤੂ ਪਤਨਾਲਾ ਅੱਜ ਵੀ ਉੱਥੇ ਦਾ ਉੱਥੇ ਹੀ ਹੈ। ਇਸ ਲਈ 17-10-2026 ਨੂੰ ਸਿਹਤ ਮੰਤਰੀ ਦੀ ਨਿਜੀ ਰਿਹਾਇਸ਼ ਪਟਿਆਲਾ ਵਿਖੇ ਧਰਨਾ ਦੇ ਕੇ ਉਪਰੋਕਤ ਮੰਗਾਂ ਲਾਗੂ ਕਰਵਾਉਣ ਲਈ ਯਾਦ ਪੱਤਰ ਦਿੱਤੇ ਜਾਣਗੇ।

ਡਿਪਰੈਸ਼ਨ ਦੀਆਂ ਅਲਾਮਤਾਂ ਨੂੰ ਨਜ਼ਰਅੰਦਾਜ਼ ਨਾ ਕਰੋ

ਕਈ ਵਾਰ ਵਿਅਕਤੀ ਖ਼ੁਸ਼ ਹੁੰਦਾ ਹੈ ਤੇ ਕਦੀ ਦੁੱਖੀ ਹੁੰਦਾ ਹੈ। ਇਹ ਜੀਵਨ ਤੇ ਮਨੁੱਖੀ ਸੁਭਾਅ ਦਾ ਅਹਿਮ ਹਿੱਸਾ ਹੈ। ਜ਼ਿੰਦਗੀ ਭਰ ਅਜਿਹਾ ਚੱਲਦਾ ਰਹਿੰਦਾ ਹੈ ਪਰ ਜੇ ਕੋਈ ਹਰ ਸਮੇਂ ਦੁੱਖੀ ਰਹਿੰਦਾ ਹੈ ਤਾਂ ਇਹ ਠੀਕ ਨਹੀਂ। ਇਸ ਨੂੰ 'ਡਿਪਰੈਸ਼ਨ' ਕਿਹਾ ਜਾਂਦਾ ਹੈ। ਡਿਪਰੈਸ਼ਨ ਤੋਂ ਪੀੜ੍ਹਤ ਵਿਅਕਤੀ ਹਮੇਸ਼ਾ ਨਿਰਾਸ਼ਾਵਾਦੀ ਤੇ ਦੁੱਖੀ ਰਹਿੰਦਾ ਹੈ। ਉਹ ਕਿਸੇ ਦੀ ਫ਼ਿਕਰਮੰਦੀ ਨੂੰ ਵੀ ਸ਼ੱਕ ਦੀ ਨਿਗ੍ਹਾ ਨਾਲ ਵੇਖਣ ਲੱਗਦਾ ਹੈ। ਸਾਡਾ ਸਰੀਰ ਹਰ ਬਿਮਾਰੀ ਦੀ ਆਮਦ ਤੋਂ ਪਹਿਲਾਂ ਸਾਨੂੰ ਕੁੱਝ ਸੰਕੇਤ ਦਿੰਦਾ ਹੈ ਤਾਂ ਕਿ ਅਸੀਂ ਬਿਮਾਰੀ ਦੇ ਫ਼ੈਲਣ ਤੋਂ ਪਹਿਲਾਂ ਹੀ ਉਸ ਦਾ ਇਲਾਜ ਕਰਵਾ ਸਕੀਏ। ਡਿਪਰੈਸ਼ਨ ਵੀ ਆਪਣੀਆਂ ਮੁੱਢਲੀਆਂ ਅਲਾਮਤਾਂ ਛੱਡਦਾ ਹੈ। ਇਨਾਂ ਨੂੰ ਸਮਾਂ ਰਹਿੰਦਿਆਂ ਸਮਝ ਕੇ ਅਸੀਂ ਮਾਨਸਿਕ ਵਿਗਾੜ ਬਣਨ ਤੋਂ ਬਚ ਸਕਦੇ ਹਾਂ।

ਵਜ਼ਨ ਘੱਟਣਾ ਜਾਂ ਵਧਣਾ

ਡਿਪਰੈਸ਼ਨ 'ਚ ਕਈ ਲੋਕ ਬਹੁਤ ਜ਼ਿਆਦਾ ਖਾਣਾ ਖਾਂਦੇ ਹਨ ਤੇ ਕਈ ਬਹੁਤ ਹੀ ਘੱਟ। ਇਸ ਤੋਂ ਇਲਾਵਾ ਡਿਪਰੈਸ਼ਨ ਨੀਂਦ ਨਾਲ ਸਬੰਧਤ ਸਮੱਸਿਆਂ ਨੂੰ ਵੀ ਵਧਾ ਦਿੰਦਾ ਹੈ। ਨੀਂਦ ਦੀ ਘਾਟ ਕਰ ਕੇ ਭੁੱਖ ਲਗਦੀ ਹੈ ਤੇ ਆਦਮੀ ਮੋਟਾ ਹੋਣਾ ਸ਼ੁਰੂ ਹੋ ਜਾਂਦਾ ਹੈ।

ਬਦਨ ਤੇ ਸਿਰ ਦਰਦ

ਡਿਪਰੈਸ਼ਨ 'ਚ ਕਈ ਵਾਰ ਜੋੜਾਂ ਵਿਚ ਦਰਦ ਰਹਿਣ ਲੱਗਦਾ ਹੈ। ਜਦੋਂ ਅਸੀਂ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਦੀ ਥਾਂ ਆਪਣੇ ਮਨ ਵਿਚ ਹੀ ਰੱਖਣ ਲੱਗਦੇ ਹਾਂ ਤਾਂ ਸਰੀਰ ਇਨ੍ਹਾਂ ਨੂੰ ਦਰਦ ਦੇ ਰੂਪ 'ਚ ਬਾਹਰ ਕੱਢਣ ਲੱਗਦਾ ਹੈ। ਅਜਿਹੇ ਮੌਕੇ ਸੈਂਟਰਲ ਨਰਵਸ ਸਿਸਟਮ ਨਾਲ ਸਬੰਧਤ (ਸਿਰ, ਰੀੜ੍ਹ ਦੀ ਹੱਡੀ ਆਦਿ) 'ਚ ਦਰਦਾਂ ਰਹਿ ਸਕਦੀਆਂ ਹਨ। ਅਜਿਹੀਆਂ ਦਰਦਾਂ ਅਤੇ ਵਿਅਕਤੀ ਦੇ ਵਿਵਹਾਰ ਤੋਂ ਡਿਪਰੈਸ਼ਨ ਹੋਣ ਦਾ ਪਤਾ ਲਗਾਇਆ ਜਾ ਸਕਦਾ ਹੈ।

ਹਾਜ਼ਮੇ ਦੀ ਖ਼ਰਾਬੀ

ਸਾਡੀਆਂ ਮਾਨਸਿਕ ਭਾਵਨਾਵਾਂ ਸਾਡੀ ਪਾਚਨ ਪ੍ਰਕਿਰਿਆ ਉੱਪਰ ਵੀ ਅਸਰ ਪਾਉਂਦੀਆਂ ਹਨ। ਡਿਪਰੈਸ਼ਨ ਹੋਣ 'ਤੇ ਹਾਜਮਾ ਵੀ ਖ਼ਰਾਬ ਹੋ ਜਾਂਦਾ ਹੈ। ਪੇਟ ਗੈਸ, ਕਬਜ਼ ਅਤੇ ਪੇਟ ਨਾਲ ਸਬੰਧਤ ਕਈ ਹੋਰ ਬਿਮਾਰੀਆਂ ਹੋ ਸਕਦੀਆਂ ਹਨ।

ਨੀਂਦ 'ਚ ਬੋਲਣਾ

ਡਿਪਰੈਸ਼ਨ ਕਈ ਤਰ੍ਹਾਂ ਦਾ ਹੁੰਦਾ ਹੈ। ਕਈ ਲੋਕ ਸਾਰੀ-ਸਾਰੀ ਰਾਤ ਨਹੀਂ ਸੌਂਦੇ ਤੇ ਕਈ ਜ਼ਰੂਰਤ ਤੋਂ ਜ਼ਿਆਦਾ ਸੌਂਦੇ ਹਨ। ਕਿਸੇ ਨੂੰ ਦਿਨ ਵੇਲੇਂ ਨੀਂਦ ਆਉਂਦੀ ਹੈ। ਡਿਪਰੈਸ਼ਨ ਦਾ ਸ਼ਿਕਾਰ ਹੋਣ 'ਤੇ ਵਿਅਕਤੀ ਨੂੰ ਆਪਣੇ ਸਰੀਰ 'ਚ ਐਨਰਜੀ ਦੀ ਘਾਟ ਮਹਿਸੂਸ ਹੋਣ ਲੱਗਦੀ ਹੈ ਤੇ ਉਹ ਦਿਨ ਭਰ ਥਕਾਵਟ ਮਹਿਸੂਸ ਕਰਦਾ ਰਹਿੰਦਾ ਹੈ। ਇਹ ਵੀ ਵੇਖਿਆ ਗਿਆ ਹੈ ਕਿ ਡਿਪਰੈਸ਼ਨ ਦੇ ਬਹੁਤ ਸਾਰੇ ਮਰੀਜ਼ ਸੌਂਦੇ ਸਮੇਂ ਬੋਲਦੇ ਰਹਿੰਦੇ ਹਨ, ਕੁੱਝ ਲੋਕ ਨੀਂਦ 'ਚ ਰੋਂਦੇ ਵੀ ਹਨ। ਅਜਿਹਾ ਆਪਣੀਆਂ ਭਾਵਨਾਵਾਂ ਨੂੰ ਮਨ 'ਚ ਦਬਾਉਣ ਕਾਰਨ ਹੁੰਦਾ ਹੈ, ਜੋ ਨੀਂਦ ਵੇਲੇ ਗੱਲਬਾਤ ਦੇ ਰੂਪ 'ਚ ਬਾਹਰ ਨਿਕਲਦੀਆਂ ਹਨ। ਜਿਸ ਕਰ ਕੇ ਉਨ੍ਹਾਂ ਨੂੰ ਇਸ ਬਿਮਾਰੀ ਦਾ ਸਾਹਮਣਾ ਕਰਨਾ ਪੈਂਦਾ ਹੈ। •

ਡ੍ਰਾਈ ਆਈ ਸਿੰਡਰੋਮ ਦੀ ਸਮੱਸਿਆ

ਜਦੋਂ ਕਿਸੇ ਵਿਅਕਤੀ ਦੇ ਅੱਖਾਂ 'ਚੋਂ ਹੰਝੂ ਨਹੀਂ ਆਉਂਦੇ ਤਾਂ ਇਸ ਤਰ੍ਹਾਂ ਦੀ ਸਥਿਤੀ ਨੂੰ ਡ੍ਰਾਈ ਆਈ ਕਿਹਾ ਜਾਂਦਾ ਹੈ ਕਿਉਂਕਿ ਇਹ ਹੰਝੂ ਅੱਖਾਂ ਨੂੰ ਨਮੀ ਤੇ ਪੋਸ਼ਣ ਪ੍ਰਦਾਨ ਕਰਦੇ ਹਨ। ਇਸ ਨਾਲ ਅੱਖਾਂ 'ਚ ਖਾਰਿਸ਼, ਖੁਰਦਰਾਪਨ ਆਦਿ ਦੀ ਸਥਿਤੀ ਪੈਦਾ ਹੋ ਜਾਂਦੀ ਹੈ। ਦਿਨ ਵੇਲੇ ਸਾਡੀਆਂ ਅੱਖਾਂ ਥਕਾਵਟ ਮਹਿਸੂਸ ਕਰਦੀਆਂ ਹਨ। ਇਹ ਇਕ ਗੰਭੀਰ ਸਮੱਸਿਆ ਹੈ ਅਤੇ ਵੇਲੇ ਸਿਰ ਇਲਾਜ ਨਾ ਕਰਵਾਉਣ 'ਤੇ ਅੱਖਾਂ 'ਚ ਛਾਲੇ (ਅਲਸਰ) ਜਾਂ ਜ਼ਖ਼ਮ ਹੋ ਸਕਦੇ ਹਨ। ਇਸ ਸਥਿਤੀ ਨੂੰ 'ਡ੍ਰਾਈ ਆਈ ਸਿੰਡਰੋਮ' ਆਖਦੇ ਹਨ। ਸਾਡੀਆਂ ਬਹੁਤ ਸਾਰੀਆਂ ਆਦਤਾਂ ਇਸ ਦੇ ਲਈ ਜ਼ਿੰਮੇਵਾਰ ਹੁੰਦੀ ਹਨ।

ਜ਼ਿਆਦਾ ਸਮਾਂ ਏਅਰ-ਕੰਡੀਸ਼ਨਰ ਕਮਰੇ 'ਚ ਰਹਿਣਾ

ਕਮਰੇ ਦੇ ਵਾਤਾਵਰਨ 'ਚ ਫੈਲੀ ਨਮੀ ਹੁੰਮਸ ਪੈਦਾ ਕਰਦੀ ਹੈ ਅਤੇ ਏਅਰ ਕੰਡੀਸ਼ਨਰ ਕਮਰੇ 'ਚ ਫ਼ੈਲੀ ਨਮੀ ਨੂੰ ਸੋਖ ਕੇ ਉਸ ਨੂੰ ਖੁੱਲ੍ਹੇ ਵਾਤਾਵਰਨ 'ਚ ਸੁੱਟ ਦਿੰਦੇ ਹਨ। ਜਿਸ ਕਾਰਨ ਕਮਰੇ ਦਾ ਮਾਹੌਲ ਠੰਢਾ ਹੋਣ ਦੇ ਨਾਲ-ਨਾਲ ਖ਼ੁਸ਼ਕ ਵੀ ਹੋ ਜਾਂਦਾ ਹੈ। ਇਸ ਨਾਲ ਅੱਖਾਂ 'ਚ ਜਲਨ, ਖਾਰਿਸ਼ ਮਹਿਸੂਸ ਹੋ ਸਕਦੀ ਹੈ। ਇਸ ਦੇ ਨਾਲ ਜੇ ਧੁੰਦਲਾਪਨ ਨਜ਼ਰ ਆਵੇ ਤਾਂ ਇਹ ਡ੍ਰਾਈ ਆਈ ਸਿੰਡਰੋਮ ਦੇ ਲੱਛਣ ਹੋ ਸਕਦੇ ਹਨ। ਅਜਿਹੀ ਸਥਿਤੀ 'ਚ ਆਫਥੈਲਮਿਸਟ ਪਾਸੋਂ ਜਾਂਚ ਕਰਵਾਓ।

ਅਸਥਾਈ ਡ੍ਰਾਈ ਆਈ

ਏਅਰ ਕੰਡੀਸ਼ਨਡ ਮਾਹੌਲ 'ਚ ਲੰਬੇ ਸਮੇਂ ਤਕ ਰਹਿਣਾ, ਸਰਦ ਮੌਸਮ, ਜ਼ਿਆਦਾ ਸਮਾਂ ਕੰਪਿਊਟਰ ਸਕਰੀਨ 'ਤੇ ਨਿਗ੍ਹਾ ਟਿਕਾਉਣ ਜਾਂ ਵਧੇਰੇ ਟੈਲੀਵਿਜ਼ਨ ਵੇਖਣ ਨਾਲ ਵੀ 'ਡ੍ਰਾਈ ਆਈ ਸਿੰਡਰੋਮ' ਦੀ ਸਮੱਸਿਆ ਆ ਸਕਦੀ ਹੈ।

ਕ੍ਰੋਨਿਕ ਡ੍ਰਾਈ ਆਈ

ਜੇ ਪਲਕਾਂ ਦੀ ਬਾਹਰੀ ਪਰਤ ਜ਼ਿਆਦਾ ਖ਼ੁਸ਼ਕ ਰਹਿਣ ਲੱਗੇ ਤਾਂ ਇਸ ਸਥਿਤੀ ਨੂੰ ਕ੍ਰੋਨਿਕ ਡ੍ਰਾਈ ਆਈ ਆਖਦੇ ਹਨ।

ਉਪਾਅ

ਏਸੀ ਕਮਰੇ 'ਚ ਜ਼ਿਆਦਾ ਲੰਬੇ ਸਮੇਂ ਤੱਕ ਨਾ ਬੈਠੋ। ਨਿਗ੍ਹਾ ਨੂੰ ਜ਼ਿਆਦਾ ਸਮਾਂ ਕੰਪਿਊਟਰ- ਟੀਵੀ ਦੀ ਸਕਰੀਨ ਉੱਪਰ ਨਹੀਂ ਟਿਕਾਉਣਾ ਚਾਹੀਦਾ। ਪੜ੍ਹਦੇ ਜਾਂ ਕੰਪਿਊਟਰ 'ਤੇ ਕੰਮ ਕਰਦੇ ਸਮੇਂ ਥੋੜ੍ਹੀ-ਥੋੜ੍ਹੀ ਦੇਰ ਬਾਅਦ ਪਲਕਾਂ ਨੂੰ ਝਮਕਦੇ ਰਹੋ। ਕੰਪਿਊਟਰ ਜਾਂ ਲੈਪਟਾਪ 'ਤੇ ਕੰਮ ਕਰਦੇ ਸਮੇਂ ਐਂਟੀ-ਗਲੇਅਰ ਐਨਕਾਂ ਦਾ ਇਸਤੇਮਾਲ ਕਰੋ।

ਦਿਨ 'ਚ ਤਿੰਨ ਜਾਂ ਚਾਰ ਵਾਰ ਅੱਖਾਂ ਨੂੰ ਠੰਢੇ ਪਾਣੀ ਨਾਲ ਧੋਵੋ। ਗੰਦੇ ਹੱਥ ਅੱਖਾਂ ਨੂੰ ਨਾ ਲਗਾਓ। ਅੱਖਾਂ ਸਬੰਧੀ ਅਜਿਹੀ ਕਿਸੇ ਵੀ ਸਮੱਸਿਆ ਦੇ ਹੋਣ ਤੋਂ ਪਹਿਲਾਂ ਹੀ ਅੱਖਾਂ ਦੇ ਮਾਹਿਰ ਡਾਕਟਰ ਨਾਲ ਸੰਪਰਕ ਕਰੋ।

• ਫੀਚਰ ਡੈਸਕ

ਤੰਦਰੁਸਤੀ ਦਾ ਰਾਜ਼

ਸੱਤ ਰੰਗਾਂ 'ਚ ਲੁਕੇ ਸਿਹਤ ਦੇ ਭੇਤ

ਹਰੇ ਰੰਗ ਦੇ ਫਲਾਂ-ਸਬਜ਼ੀਆਂ ਵਿਚ ਮਿਲਣ ਵਾਲੇ ਰਸਾਇਣ 'ਇੰਡੋਲ' 'ਐਰੋਸੈਟਿਕ ਕੰਪਾਉਂਡ', 'ਲਿਊਟੀਨ' ਅਤੇ 'ਜੀਜ਼ੇਨਥਿਨ' ਹਨ। ਇਹ ਨਜ਼ਰ ਨੂੰ ਠੀਕ ਰੱਖਣ ਵਿਚ ਸਹਾਈ ਹੁੰਦੇ ਹਨ...

ਅਮਰਜੀਤ ਕੌਰ ਵਿਰਦੀ
ਮੋਬਾਈਲ 95307-49092

ਭੋਜਨ ਦੀ ਸਹੀ ਚੋਣ ਕਰਨਾ ਗਿਆਨ ਵੀ ਹੈ ਅਤੇ ਕਲਾ ਵੀ। ਭੋਜਨ ਦੇ ਸਾਰੇ ਤੱਤ ਸਾਨੂੰ ਸਾਡੇ ਆਲੇ-ਦੁਆਲੇ ਤੋਂ ਹੀ ਪ੍ਰਾਪਤ ਹੁੰਦੇ ਹਨ, ਲੋੜ ਹੈ ਤਾਂ ਇਸ ਗੱਲ ਬਾਰੇ ਜਾਣਕਾਰੀ ਦੀ ਕਿ ਕਿਸ ਭੋਜਨ ਪਦਾਰਥ ਤੋਂ ਸਾਨੂੰ ਕੀ ਪ੍ਰਾਪਤ ਹੁੰਦਾ ਹੈ ਅਤੇ ਸਾਡੇ ਸਰੀਰ ਨੂੰ ਉਸ ਦੀ ਕਿੰਨੀ ਮਾਤਰਾ ਵਿਚ ਲੋੜ ਹੈ ਤਾਂ ਜੋ ਸਾਡੇ ਸਰੀਰ ਦੇ ਵਾਧੇ ਵਿਕਾਸ ਦੀਆਂ ਸਾਰੀਆਂ ਕਿਰਿਆਵਾਂ ਨਿਯਮਿਤ ਰਹਿਣ। ਭੋਜਨ ਦੀ ਸਹੀ ਚੋਣ ਸਰੀਰ ਦੀਆਂ ਕੁਦਰਤੀ ਆਫ਼ਤਾਂ ਵਿੱਚੋਂ ਵੀ ਪਾਰ ਲੰਘਾ ਦਿੰਦੀ ਹੈ। ਇਸ ਲਈ ਲੋੜ ਹੈ ਕਿ ਚੰਗੇ ਤਜਰਬਿਆਂ ਵਾਲੀ ਜਾਣਕਾਰੀ ਹਾਸਲ ਕਰ ਕੇ ਬੇਬੇ ਦੇ ਨੁਸਖ਼ਿਆਂ ਦਾ ਲਾਭ ਉਠਾਇਆ ਜਾਵੇ।

ਬੇਬੇ ਨੇ ਕਿਹਾ ਕਿ ਭੋਜਨ ਬਾਰੇ ਗੱਲ ਕਰਨਾ ਕੋਈ ਨਵੀਂ ਗੱਲ ਨਹੀਂ ਹੈ ਬਲਕਿ ਬਹੁਤ ਪੁਰਾਣੇ ਸਮੇਂ ਤੋਂ ਹੀ ਸਾਡੇ ਵਿਦਵਾਨ, ਹਕੀਮ, ਰਿਸ਼ੀ-ਮੁਨੀ ਸਭ ਵੱਖ-ਵੱਖ ਢੰਗ ਤਰੀਕਿਆਂ ਨਾਲ ਭੋਜਨ ਦੀ ਸਹੀ ਚੋਣ ਬਾਰੇ ਦੱਸਦੇ ਰਹੇ ਹਨ। ਯੋਗ ਅਭਿਆਸ ਜਾਂ ਕਸਰਤ ਵੀ ਮੁੱਢ ਤੋਂ ਚੱਲੀ ਆ ਰਹੀ ਹੈ। ਫ਼ਰਕ ਇਹ ਪੈ ਗਿਆ ਹੈ ਕਿ ਪਹਿਲਾਂ ਪੁਰਸ਼ਾਂ ਅਤੇ ਇਸਤਰੀਆਂ ਨੂੰ ਸਰੀਰਕ ਕੰਮ ਕਾਫ਼ੀ ਕਰਨੇ ਪੈਂਦੇ ਸੀ, ਜਿਸ ਨਾਲ ਊਰਜਾ ਜੋ ਭੋਜਨ ਤੋਂ ਪ੍ਰਾਪਤ ਹੁੰਦੀ ਸੀ ਇਹ ਵਰਤੀ ਜਾਂਦੀ ਸੀ ਤੇ ਸਰੀਰ ਤੰਦਰੁਸਤ ਰਹਿੰਦਾ ਸੀ।

ਅਜੋਕੇ ਕੰਪਿਊਟਰ ਯੁੱਗ ਵਿਚ ਬੈਠ ਕੇ ਕੰਮ ਕਰਨ ਦਾ ਸਮਾਂ ਵੱਧ ਗਿਆ ਹੈ। ਬੱਚੇ ਤੇ ਨੌਜਵਾਨ ਜੰਕ ਫੂਡ ਵੱਲ ਤੁਰ ਪਏ ਹਨ। ਐਸੀ ਸਥਿਤੀ ਵਿਚ ਲੋੜ ਹੈ ਭੋਜਨ ਦੇ ਤੱਤਾਂ ਤੇ ਸਮੂਹਾਂ ਬਾਰੇ ਜਾਣਕਾਰੀ ਦੇਣ ਦੀ। ਹਾਲਾਂਕਿ, ਰੋਜ਼ਾਨਾ ਅਖ਼ਬਾਰਾਂ, ਰਸਾਲੇ, ਰੇਡੀਓ, ਟੈਲੀਵਿਜ਼ਨ ਆਦਿ ਉਪਰਾਲਿਆਂ ਨਾਲ ਕਾਫ਼ੀ ਜਾਗਰੂਕਤਾ ਆ ਚੁੱਕੀ ਹੈ ਪਰ ਅਜੇ ਵੀ ਬਹੁਤ ਸਾਰੀ ਜਨਸੰਖਿਆ ਆਪਣੇ ਕੰਮ, ਵਜ਼ਨ ਅਤੇ ਉਮਰ ਮੁਤਾਬਕ ਸੰਤੁਲਨ ਬਣਾ ਕੇ ਭੋਜਨ ਦੀ ਚੋਣ ਤੇ ਕਸਰਤ ਸਬੰਧੀ ਪੂਰੀ ਤਰ੍ਹਾਂ ਵਾਕਿਫ਼ ਨਹੀਂ ਹੈ। ਇਸ ਲਈ ਸਰਲ 'ਤੇ ਸੰਖੇਪ ਨੁਕਤਿਆਂ ਨੂੰ ਜਾਨਣ ਦੀ ਲੋੜ ਹੈ। ਸਭ ਤੋਂ ਪਹਿਲਾਂ ਆਪਣਾ ਭਾਰ ਆਪਣੀ ਉਚਾਈ ਮੁਤਾਬਕ ਗਿਆਤ ਕਰੋ ਤੇ ਫਿਰ ਉਸ ਨੂੰ ਨਿਰਧਾਰਿਤ ਰੱਖੋ। ਉੱਚਾਈ ਦੇ ਮੁਤਾਬਕ ਭਾਰ ਗਿਆਤ ਕਰਨ ਦਾ ਤਰੀਕਾ ਹੈ ਕਿ ਇੰਚਾਂ ਵਿਚ ਜਿੰਨੀ ਤੁਹਾਡੀ ਉਚਾਈ ਹੈ, ਓਨੇ ਕਿਲੋਗ੍ਰਾਮ ਤੁਹਾਡਾ ਵਜ਼ਨ ਹੋਣਾ ਚਾਹੀਦਾ ਹੈ।

ਜਿੱਥੇ ਭੋਜਨ ਦੇ ਖਾਣ ਵਿਚ ਸੰਤੁਲਨ ਜ਼ਰੂਰੀ ਹੈ, ਉਥੇ ਭੋਜਨ ਅਤੇ ਕੰਮ-ਕਸਰਤ ਦਾ ਸੰਤੁਲਨ ਵੀ ਜ਼ਰੂਰੀ ਹੈ। ਇਸ ਲਈ ਧਿਆਨ ਰੱਖੋ ਕਿ ਜੋ ਖਾਓ, ਉਸ ਨੂੰ ਪਚਾਓ। ਭੋਜਨ ਤੋਂ ਪ੍ਰਾਪਤ ਊਰਜਾਂ ਅਤੇ ਕੰਮ-ਕਸਰਤ ਲਈ ਊਰਜਾ ਤੋਂ ਇਲਾਵਾ ਪ੍ਰਾਪਤ ਕੀਤੀ ਊਰਜਾ ਅਤੇ ਵਰਤੀ ਗਈ ਊਰਜਾ ਬਾਰੇ ਜਾਣਕਾਰੀ ਰੱਖਣੀ ਬੇਹੱਦ ਲਾਜ਼ਮੀ ਹੈ। ਇਹੀ ਤੰਦਰੁਸਤੀ ਦਾ ਸਭ ਤੋਂ ਵੱਡਾ ਰਾਜ਼ ਹੈ। ਮਸ਼ੀਨਾਂ, ਜੋ ਮਨੁੱਖੀ ਸਰੀਰ ਦੀ ਨਕਲ ਹਨ, ਉਨ੍ਹਾਂ ਨੂੰ ਵੀ ਕੰਮ ਕਰਨ ਲਈ ਸਾਫ਼ ਸੁਥਰੇ ਈਧਨ-ਡੀਜ਼ਲ, ਪੈਟਰੋਲ, ਗੈਸ, ਕੋਲਾ, ਭਾਫ਼, ਬਿਜਲੀ, ਐਟਾਮਿਕ ਜਾਂ ਸੂਰਜੀ ਊਰਜਾ ਲੈਣ ਦੀ ਲੋੜ ਪੈਂਦੀ ਹੈ। ਥੋੜ੍ਹੀ ਜਿਹੀ ਮਿਲਾਵਟ ਹੀ ਮਸ਼ੀਨ ਦੇ ਕੰਮ 'ਚ ਰੁਕਾਵਟ ਪੈਦਾ ਕਰ ਦਿੰਦੀ ਹੈ ਜਾਂ ਉਹ ਰੁਕ-ਰੁਕ ਕੇ ਚੱਲਣ ਲੱਗਦੀ ਹੈ। ਇਸੇ ਤਰ੍ਹਾਂ ਅਸਲ ਸਰੀਰ, ਜਿਸ ਦੀਆਂ ਬਾਹਰੀ ਮਾਸ਼ਪੇਸ਼ੀਆਂ ਹੀ ਨਹੀਂ ਬਲਕਿ ਦਿਲ, ਦਿਮਾਗ਼ ਤੇ ਰੂਹ ਵੀ ਕੰਮ ਕਰਦੇ ਹਨ, ਨੂੰ ਕਿੰਨੇ ਸਾਫ਼-ਸੁਥਰੇ ਭੋਜਨ ਦੀ ਲੋੜ ਹੋਵੇਗੀ, ਊਰਜਾ ਪ੍ਰਾਪਤ ਕਰਨ ਲਈ। ਯਾਦ ਰੱਖੋ ਕਿ ਸਰੀਰ ਇਕ ਇਕਾਈ ਹੈ ਅਤੇ ਇਸ ਦੇ ਵੱਖਰੇ-ਵੱਖਰੇ ਅੰਗ ਵੱਖ-ਵੱਖ ਕੰਮ ਕਰਦੇ ਹਨ। ਇਸ ਤਰ੍ਹਾਂ ਭੋਜਨ ਇਕ ਇਕਾਈ ਹੈ ਅਤੇ ਇਸ ਦੇ ਵੱਖ-ਵੱਖ ਅੰਸ਼ ਵੀ ਸਰੀਰ ਦੇ ਵੱਖ-ਵੱਖ ਅੰਗਾਂ ਨੂੰ ਵੱਖ-ਵੱਖ ਤਰ੍ਹਾਂ ਦੀ ਸ਼ਕਤੀ ਪ੍ਰਦਾਨ ਕਰਦੇ ਹਨ।

- ਭੋਜਨ 'ਚ ਸ਼ਾਮਲ ਅਨਾਜ ਤੋਂ ਪ੍ਰਾਪਤ ਹੋਣ ਵਾਲੇ ਕਾਰਬੋਹਾਈਡਰੇਟਸ ਸਾਡੇ ਸਰੀਰ ਨੂੰ ਕੰਮ ਕਰਨ ਲਈ ਸਭ ਤੋਂ ਵੱਧ ਊਰਜਾ ਪ੍ਰਦਾਨ ਕਰਦੇ ਹਨ।
- ਦਾਲਾਂ, ਦੁੱਧ, ਆਂਡਾ, ਮੱਛੀ, ਮੀਟ ਆਦਿ ਪ੍ਰੋਟੀਨ ਦੇ ਮੁੱਖ ਸਰੋਤ ਹਨ ਅਤੇ ਇਹ ਸਾਡੇ ਸਰੀਰ ਦੇ ਸੈੱਲਾਂ ਦੇ ਵਿਕਾਸ ਅਤੇ ਟੁੱਟ-ਭੱਜ ਦੀ ਮੁਰੰਮਤ ਕਰਨ ਲਈ ਬੇਹੱਦ ਜ਼ਰੂਰੀ ਹਨ।
- ਸਫ਼ੈਦ ਰੰਗ ਦੀਆਂ ਸਾਰੀਆਂ ਸਬਜ਼ੀਆਂ, ਸਾਗ-ਪੱਤੇ ਅਤੇ ਫਲ ਵਿਟਾਮਿਨਾਂ, ਖਣਿਜ ਤੱਤਾਂ ਦੇ ਭਰਪੂਰ ਵਸੀਲੇ ਹਨ। ਇਹ ਸਰੀਰ ਦੇ ਸਾਰੇ ਅੰਗਾਂ ਦੇ ਕੰਮ ਨੂੰ ਸੁਚਾਰੂ ਰੂਪ ਵਿਚ ਚਲਾਉਣ ਤੇ ਤੰਦਰੁਸਤ ਰੱਖਣ 'ਚ ਮਦਦ ਕਰਦੇ ਹਨ।
- ਭੋਜਨ 'ਚ ਸ਼ਾਮਲ ਤੇਲ, ਮੱਖਣ, ਘਿਓ ਆਦਿ ਤੋਂ ਸਾਨੂੰ ਫੈਟ ਜਾਂ ਚਰਬੀ ਪ੍ਰਾਪਤ ਹੁੰਦੀ ਹੈ, ਜੋ ਚਮੜੀ ਨੂੰ ਤਰੋਤਾਜ਼ਾ ਤੇ ਤੰਦਰੁਸਤ ਰੱਖਣ, ਅੰਗਾਂ ਨੂੰ ਸੁਰੱਖਿਆ ਕਵਚ ਪਹਿਨਾਉਣ, ਸਰੀਰ ਦੇ ਤਾਪਮਾਨ ਨੂੰ ਕਾਬੂ ਹੇਠ ਰੱਖਣ ਲਈ ਜ਼ਰੂਰੀ ਹੈ।

ਸੰਤੁਲਿਤ ਭੋਜਨ

ਵੱਖ-ਵੱਖ ਰੰਗ ਦੇ ਫਲ ਅਤੇ ਸਬਜ਼ੀਆਂ ਮਿਲਾ ਕੇ ਖਾਣ ਨਾਲ ਉਨ੍ਹਾਂ ਵਿੱਚੋਂ ਮਿਲਣ ਵਾਲੇ ਬਾਇਓ-ਫਲੇਵੋਨੋਇਡਜ਼ ਅਤੇ ਬਾਇਓ-ਕੈਮੀਕਲਜ਼, ਜੋ ਬਹੁਤ ਲਾਭਕਾਰੀ ਹਨ ਸਾਡੇ ਸਰੀਰ ਨੂੰ ਪ੍ਰਾਪਤ ਹੁੰਦੇ ਹਨ। ਇਸ ਤੋਂ ਇਲਾਵਾ ਇਨ੍ਹਾਂ ਤੋਂ ਸਾਨੂੰ ਵਿਟਾਮਿਨਜ਼, ਖਣਿਜ ਵੀ ਪ੍ਰਾਪਤ ਹੁੰਦੇ ਹਨ। ਸਾਨੂੰ ਆਪਣੇ ਭੋਜਨ ਵਿਚ ਵੱਖ-ਵੱਖ ਰੰਗਾਂ ਦੇ ਫਲਾਂ ਨੂੰ ਵੀ ਸ਼ਾਮਲ ਕਰਨਾ ਚਾਹੀਦਾ ਹੈ। ਇਨ੍ਹਾਂ ਫਲਾਂ ਵਿਚ ਮਿੱਠੇ ਅਤੇ ਖੱਟੇ, ਦੋਵਾਂ ਤਰ੍ਹਾਂ ਦੇ ਫਲ ਹੋਣੇ ਚਾਹੀਦੇ ਹਨ। ਵੱਖ-ਵੱਖ ਰੰਗਾਂ ਦੀਆਂ ਸਬਜ਼ੀਆਂ ਨੂੰ ਪੱਕਾ ਕੇ ਅਤੇ ਕੱਚੀਆਂ ਵੀ ਖਾਧਾ ਜਾ ਸਕਦਾ ਹੈ। ਇਸ ਤੋਂ ਇਲਾਵਾ ਹਰੇ ਰੰਗ ਦੀਆਂ 'ਹਰਬਜ਼' ਅਤੇ 'ਸ਼ਰੱਬਜ਼' ਵਿਚ ਪੱਤੇਦਾਰ ਸਲਾਦ, ਤੁਲਸੀ, ਧਨੀਆ, ਪੁਦੀਨਾ, ਹਰੀ ਮਿਰਚ ਆਦਿ ਵੀ ਭੋਜਨ 'ਚ ਜ਼ਰੂਰ ਸ਼ਾਮਲ ਕਰਨੇ ਚਾਹੀਦੇ ਹਨ। ਇਸ ਤੋਂ ਇਲਾਵਾ ਦਾਲਾਂ, ਦੁੱਧ, ਪਨੀਰ, ਆਂਡਾ, ਮੱਛੀ ਆਦਿ ਪ੍ਰੋਟੀਨ ਦੇ ਮੁੱਖ ਸੋਮੇ ਹੋਣ ਕਾਰਨ ਇਨ੍ਹਾਂ ਨੂੰ ਵੀ ਭੋਜਨ 'ਚ ਜ਼ਰੂਰ ਸ਼ਾਮਲ ਕਰੋ। ਵੱਖ-ਵੱਖ ਰੰਗਾਂ ਦੀਆਂ ਦਾਲਾਂ ਨੂੰ ਛਿਲਕੇ ਸਮੇਤ ਪਕਾ ਕੇ ਵੀ ਖਾਧਾ ਜਾ ਸਕਦਾ ਹੈ ਅਤੇ ਪੁੰਗਾਰ ਕੇ ਵੀ। ਸਾਰੇ ਅਨਾਜ ਕਾਰਬੋਹਾਈਡਰੇਟ ਦੇ ਵਧੀਆ ਸਾਧਨ ਹਨ। ਛਿਲਕੇ ਵਾਲੇ ਵੱਖ-ਵੱਖ ਅਨਾਜਾਂ ਨੂੰ ਮਿਲਾ ਕੇ ਵੀ ਪਕਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਆਲੂ ਵੀ ਕਾਰਬੋਹਾਈਡਰੇਟ ਦਾ ਭਰਪੂਰ ਵਸੀਲਾ ਹੋਣ ਕਾਰਨ ਇਸ ਨੂੰ ਵੀ ਭੋਜਨ 'ਚ ਜ਼ਰੂਰ ਸ਼ਾਮਲ ਕਰੋ। ਆਪਣੇ ਖਾਣੇ ਵਿਚ ਘਿਓ ਅਤੇ ਤੇਲ ਵੀ ਜ਼ਰੂਰ ਸ਼ਾਮਲ ਕਰੋ ਪਰ ਯਾਦ ਰੱਖੋ ਕਿ ਸੈਚੁਰੇਟਿਡ ਵਸਾ ਦਾ ਇਕ ਹਿੱਸਾ (ਮੱਖਣ ਇਕ ਹਿੱਸਾ) ਅਤੇ ਅਨਸੈਚੁਰੇਟਿਡ ਵਸਾ (ਤੇਲ) ਤਿੰਨ ਹਿੱਸੇ ਹੋਣਾ ਚਾਹੀਦਾ ਹੈ।

ਇਸ ਤੋਂ ਇਲਾਵਾ ਵੱਖ-ਵੱਖ ਫਲਾਂ ਅਤੇ ਸਬਜ਼ੀਆਂ ਦੇ ਬੀਜ ਵੀ ਭੋਜਨ ਵਿਚ ਜ਼ਰੂਰੀ ਸਹਾਇਕ ਦੇ ਤੌਰ 'ਤੇ ਸ਼ਾਮਲ ਕੀਤੇ ਜਾ ਸਕਦੇ ਹਨ। ਇਨ੍ਹਾਂ ਵਿੱਚੋਂ ਕੱਦੂ, ਖੀਰਾ, ਖਰਬੂਜਾ, ਤਰਬੂਜ, ਚਰੌਂਜੀ, ਅਲਸੀ, ਤਿਲ, ਮੂੰਗਫਲੀ, ਖਸਖਸ, ਸੁੱਕੇ ਮੇਵੇ, ਗਰਮ ਮਸਾਲੇ ਅਹਿਮ ਹਨ।

ਇਸ ਤੋਂ ਇਲਾਵਾ ਸਿਹਤਮੰਦ ਰਹਿਣ ਲਈ ਦਿਨ ਵਿਚ ਕਾਫ਼ੀ ਮਾਤਰਾ 'ਚ ਤਾਜ਼ਾ ਤੇ ਸ਼ੁੱਧ ਪਾਣੀ ਪੀਵੋ। ਇਸ ਵਿਚ ਨਿੰਬੂ ਅਤੇ ਪੁਦੀਨੇ ਦਾ ਰਸ ਵੀ ਸ਼ਾਮਲ ਕੀਤ ਜਾ ਸਕਦਾ ਹੈ। ਸਾਫ਼ ਅਤੇ ਤਾਜ਼ੀ ਹਵਾ ਵਿਚ ਸੈਰ ਅਤੇ ਕਸਰਤ ਕਰੋ। ਸਵੇਰੇ-ਸ਼ਾਮ ਕੁੱਝ ਦੇਰ ਲਈ ਆਪਣੀ ਚਮੜੀ ਨੂੰ ਧੁੱਪ ਜ਼ਰੂਰ ਲਗਾਓ।

ਵੱਖ-ਵੱਖ ਰੰਗਾਂ ਦੇ ਫਲਾਂ-ਸਬਜ਼ੀਆਂ ਦੇ ਲਾਭ

ਕੁਦਰਤ ਨੇ ਰੰਗ ਬਰੰਗੇ ਫੁੱਲ, ਫਲ, ਸਬਜ਼ੀਆਂ ਪੈਦਾ ਕੀਤੀਆਂ ਹਨ। ਹਰ ਰੰਗ ਦੇ ਵੱਖਰੇ-ਵੱਖਰੇ ਗੁਣ ਹੁੰਦੇ ਹਨ ਅਤੇ ਅਸੀਂ ਇਨ੍ਹਾਂ ਨੂੰ ਆਪਣੇ ਭੋਜਨ ਵਿਚ ਸ਼ਾਮਲ ਕਰ ਕੇ ਇਨ੍ਹਾਂ ਗੁਣਾਂ ਦਾ ਲਾਭ ਲੈ ਸਕਦੇ ਹਾਂ।

ਪੀਲਾ ਤੇ ਸੰਤਰੀ ਰੰਗ

ਇਨ੍ਹਾਂ ਰੰਗਾਂ ਦੇ ਫਲਾਂ-ਸਬਜ਼ੀਆਂ ਵਿਚ ਬੀਟਾ-ਕੈਰੋਟੀਨ ਮੌਜੂਦ ਹੁੰਦਾ ਹੈ। ਬੀਟਾ-ਕੈਰੋਟੀਨ 'ਵਿਟਾਮਿਨ-ਸੀ' ਦੇ ਨਾਲ ਰਲ ਕੇ ਲਾਭ ਦਿੰਦੇ ਹਨ। ਇਨ੍ਹਾਂ ਨੂੰ ਇਕੱਠੇ ਰੂਪ ਵਿਚ 'ਸੀ-ਕੰਪਲੈਕਸ' ਜਾਂ ਵਿਟਾਮਿਨ-ਪੀ ਵੀ ਆਖਦੇ ਹਨ। ਇਹੀ 'ਬਾਇਓਫਲੇਵੋਨੋਇਡਜ਼' ਹਨ। ਅਜਿਹੇ ਫਲਾਂ-ਸਬਜ਼ੀਆਂ ਦੀ ਵਰਤੋਂ ਕਰਨ ਨਾਲ ਸਰੀਰ ਦੀ ਰੋਗਾਂ ਨਾਲ ਲੜਨ ਦੀ ਸਮਰਥਾ (ਅਮਿਊਨਿਟੀ) ਵਧਦੀ ਹੈ, ਚਮੜੀ ਚਮਕਦਾਰ ਰਹਿੰਦੀ ਹੈ, ਹੱਡੀਆਂ ਨੂੰ ਮਜ਼ਬੂਤੀ ਮਿਲਦੀ ਹੈ, ਅੱਖਾਂ 'ਚ ਮੋਤੀਆਬਿੰਦ (ਗਲੂਕੋਮਾ) ਹੋਣ ਦਾ ਖ਼ਤਰਾ ਘੱਟ ਹੁੰਦਾ ਹੈ। ਅਜਿਹੇ ਫਲਾਂ-ਸਬਜ਼ੀਆ ਵਿਚ ਖਰਬੂਜਾ, ਆੜੂ, ਖੁਰਮਾਨੀ, ਪੀਲੇ ਅਲੂਚੇ (ਪਲਮ), ਨਿੰਬੂ ਜਾਤੀ ਦੇ ਸਾਰੇ ਫਲ-ਸੰਤਰਾ, ਮੁਸੱਮੀ, ਕਿੰਨੂ, ਨਿੰਬੂ, ਚਕੋਤਰਾ, ਗਲਗਲ, ਪਹਾੜੀ ਗਾਜਰ, ਪੀਲੀ ਸ਼ਿਮਲਾ ਮਿਰਚ, ਅਮਰੂਦ ਆਦਿ ਪ੍ਰਮੁੱਖ ਹਨ।

ਲਾਲ ਰੰਗ

ਫਲ ਅਤੇ ਸਬਜ਼ੀਆਂ ਦਾ ਲਾਲ ਅਤੇ ਗੁਲਾਬੀ ਰੰਗ ਇਨ੍ਹਾਂ ਵਿਚ ਪਾਏ ਜਾਣ ਵਾਲੇ ਰਸਾਇਣ ਲਾਈਕੋਪੀਨ ਅਤੇ ਐਂਥੋਸਾਇਨਿਨ ਕਾਰਨ ਹੁੰਦਾ ਹੈ। ਲਾ ਰੰਗ ਦੇ ਫਲ ਅਤੇ ਸਬਜ਼ੀਆਂ ਸਰੀਰ ਨੂੰ ਕੈਂਸਰ ਵਰਗੀਆਂ ਬਿਮਾਰੀਆਂ ਤੋਂ ਦੂਰ ਰੱਖਣ ਵਿਚ ਸਹਾਈ ਹੁੰਦੇ ਹਨ, ਖ਼ਾਸ ਕਰ ਕੇ ਪ੍ਰੋਸਟੈਟ ਕੈਂਸਰ ਤੋਂ ਬਚਾਉਂਦੇ ਹਨ। ਇਹ ਦਿਲ ਨਾਲ ਸਬੰਧਤ ਮੁਸ਼ਕਿਲਾਂ ਨੂੰ ਘਟਾਉਣ 'ਚ ਵੀ ਸਹਾਈ ਹੁੰਦੇ ਹਨ। ਅਜਿਹੇ ਫਲਾਂ-ਸਬਜ਼ੀਆਂ ਵਿਚ ਟਮਾਟਰ, ਸੇਬ, ਤਰਬੂਜ, ਗੁਲਾਬੀ ਅੰਗੂਰ, ਰਸਭਰੀ, ਬੇਰੀਜ਼ ਆਦਿ ਮੁੱਖ ਹਨ।

ਹਰਾ ਰੰਗ

ਹਰੇ ਰੰਗ ਦੇ ਫਲਾਂ-ਸਬਜ਼ੀਆਂ ਵਿਚ ਮਿਲਣ ਵਾਲੇ ਰਸਾਇਣ 'ਇੰਡੋਲ' 'ਐਰੋਸੈਟਿਕ ਕੰਪਾਉਂਡ', 'ਲਿਊਟੀਨ' ਅਤੇ 'ਜੀਜ਼ੇਨਥਿਨ' ਹਨ। ਇਹ ਨਜ਼ਰ ਨੂੰ ਠੀਕ ਰੱਖਣ ਵਿਚ ਸਹਾਈ ਹੁੰਦੇ ਹਨ। ਹਰਿਆਲੀ ਵੇਖਣ ਨਾਲ ਖ਼ੁਸ਼ੀ ਵੀ ਮਿਲਦੀ ਹੈ ਅਤੇ ਇਹ ਸਾਨੂੰ ਕੈਂਸਰ ਤੋਂ ਵੀ ਬਚਾਉਂਦੇ ਹਨ। ਅਜਿਹੇ ਫਲਾਂ-ਸਬਜ਼ੀਆਂ ਵਿਚ ਬਰੌਕਲੀ, ਪੱਤਾ ਗੋਭੀ, ਸਰ੍ਹੋਂ, ਮਟਰ, ਘੀਆ, ਕੀਵੀ, ਮੂੰਗੀ ਦੀ ਦਾਲ ਆਦਿ ਮੁੱਖ ਹਨ।

ਜਾਮਨੀ ਤੇ ਨੀਲਾ ਰੰਗ

ਜਮਨੀ ਅਤੇ ਨੀਲੇ ਰੰਗ ਦੇ ਫਲਾਂ-ਸਬਜ਼ੀਆਂ ਵਿਚ ਕਾਫ਼ੀ ਮਾਤਰਾ ਵਿਚ ਫਲੇਵੋਨੋਇਤਜ਼, ਜੀਜ਼ੇਨਥੀਨ, ਵਿਟਾਮਿਨ-ਸੀ ਅਤੇ ਰੇਸ਼ੇ ਮਿਲਦੇ ਹਨ। ਇਹ ਸਰੀ ਵਿਚ ਕੈਲਸ਼ੀਅਨ ਸੋਖਣ ਦੀ ਸ਼ਕਤੀ ਵਧਾਉਂਦੇ ਨੇ। ਮਾੜੇ ਕੋਲੈਸਟਰੋਲ (ਐੱਲਡੀਐੱਲ) ਨੂੰ ਘਟਾਉਣ ਵਿਚ ਸਹਾਈ ਹੁੰਦੇ ਹਨ, ਅੱਖਾਂ ਦੀ ਰੈਟਿਨਾ ਨੂੰ ਸ਼ਕਤੀ ਦਿੰਦੇ ਹਨ ਅਤੇ ਰੋਗਾਂ ਨਾਲ ਲੜਨ ਦੀ ਸਮਰਥਾ ਵਧਾਉਂਦੇ ਅਤੇ ਕੈਂਸਰ ਦੀ ਰੋਕਥਾਮ 'ਚ ਸਹਾਈ ਹੁੰਦੇ ਹਨ। ਅਜਿਹੇ ਫਲਾਂ-ਸਬਜ਼ੀਆਂ ਵਿਚ ਬੈਂਗਣ, ਲਾਲ ਬੰਦ ਗੋਭੀ, ਐਸਪੈਰੇਗਸ, ਜਾਮਨੀ ਗਾਜਰ, ਪਲਮ, ਬਲਿਊ-ਬੇਰੀ, ਜਾਮਨੀ ਅੰਗੂਰ, ਆਲੂ ਬੁਖ਼ਾਰਾ ਆਦਿ ਸ਼ਾਮਲ ਹਨ।

ਸਫ਼ੈਦ ਰੰਗ

ਸਫ਼ੈਦ ਰੰਗ ਦੇ ਫਲਾਂ ਅਤੇ ਸਬਜ਼ੀਆਂ ਵਿਚ ਏਲੀਸੀਨ, ਇੰਡੋਲ, ਬੀਟਾ-ਗਲੂਕੇਨਜ਼, ਲਿਗਨੇਨਜ਼ ਆਦਿ ਰਸਾਇਣ ਪਾਏ ਜਾਂਦੇ ਹਨ। ਇਨ੍ਹਾਂ ਤੱਤਾਂ ਨਾਲ ਰੋਗਾਂ ਖ਼ਤਮ ਕਰਨ ਦੀ ਸ਼ਕਤੀ ਮਿਲਦੀ ਹੈ।

• ਫੀਚਰ ਡੈਸਕ

ਦਿਲ 'ਤੇ ਭਾਰੀ ਪੈ ਸਕਦੀ ਹੈ ਵਿਟਾਮਿਨ- ਡੀ ਦੀ ਘਾਟ

ਸਰੀਰ 'ਚ ਵਿਟਾਮਿਨ-ਡੀ ਦੀ ਘਾਟ ਆਉਣ ਨਾਲ ਸਾਨੂੰ ਕਈ ਬਿਮਾਰੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਆਓ, ਜਾਣਦੇ ਹਾਂ ਕਿ ਵਿਟਾਮਿਨ-ਡੀ ਦੀ ਸਾਡੇ ਸਰੀਰ 'ਚ ਕੀ ਅਹਿਮੀਅਤ ਹੈ ?

ਕੀ ਕੰਮ ਕਰਦਾ ਹੈ ਵਿਟਾਮਿਨ-ਡੀ?

ਵਿਟਾਮਿਨ-ਡੀ ਸਾਡੇ ਸਰੀਰ ਦੇ ਮਹੱਤਵਪੂਰਨ ਅੰਗਾਂ ਨੂੰ ਠੀਕ ਰੱਖਣ 'ਚ ਬਹੁਤ ਮਦਦ ਕਰਦਾ ਹੈ। ਇਸ ਦੀ ਘਾਟ ਨਾਲ ਕਈ ਬਿਮਾਰੀਆਂ ਜਿਵੇਂ ਡਾਇਬਟੀਜ (ਸ਼ੂਗਰ), ਕੋਲੋਨ, ਛਾਤੀਆਂ ਅਤੇ ਪ੍ਰੋਸਟੇਟ ਗਲੈਂਡ (ਗਦੂਦਾਂ) ਦਾ ਕੈਂਸਰ ਹੋ ਸਕਦਾ ਹੈ। ਇਕ ਤੰਦਰੁਸਤ ਵਿਅਕਤੀ ਨੂੰ ਵੀ ਰੋਜ਼ਾਨਾ ਘੱਟੋ ਘੱਟ 75 ਫ਼ੀਸਦੀ ਵਿਟਾਮਿਨ-ਡੀ ਪੂਰਾ ਕਰਨ ਲਈ ਸੂਰਜ ਦੀ ਰੌਸ਼ਨੀ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਧੁੱਪ 'ਚ ਘੱਟ ਰਹਿਣ ਨਾਲ ਵਿਟਾਮਿਨ-ਡੀ ਦੀ ਘਾਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਤੋਂ ਇਲਾਵਾ ਹੱਡੀਆਂ ਦੀ ਮਜ਼ਬੂਤੀ ਲਈ ਵੀ ਵਿਟਾਮਿਨ-ਡੀ ਦਾ ਸਰੀਰ ਵਿਚ ਲੋੜੀਂਦੀ ਮਾਤਰਾ 'ਚ ਹੋਣਾ ਬੇਹੱਦ ਜ਼ਰੂਰੀ ਹੁੰਦਾ ਹੈ।

ਜਾਂਚ

ਵਿਟਾਮਿਨ-ਡੀ ਦੀ ਘਾਟ ਬਾਰੇ ਜਾਣਕਾਰੀ ਲੈਣ ਲਈ 25 ਫ਼ੀਸਦੀ ਹਾਈਡ੍ਰੌਕਸੀ ਵਿਟਾਮਿਨ-ਡੀ ਬਲੱਡ ਟੈਸਟ ਕਰਵਾਇਆ ਜਾਂਦਾ ਹੈ। ਇਹ ਟੈਸਟ 40 ਸਾਲ ਦੀ ਉਮਰ ਤੋਂ ਬਾਅਦ ਇਕ ਵਾਰ ਜ਼ਰੂਰ ਕਰਵਾ ਲੈਣਾ ਚਾਹੀਦਾ ਹੈ।

ਉਪਾਅ

ਜਦੋਂ ਸੂਰਜ ਦੀਆਂ ਕਿਰਨਾਂ ਸਰੀਰ 'ਤੇ ਪੈਂਦੀਆਂ ਹਨ ਤਾਂ ਇਹ ਸਰੀਰ 'ਚ ਵਿਟਾਮਿਨ-ਡੀ ਦਾ ਨਿਰਮਾਣ ਕਰਦੀਆਂ ਹਨ।

• ਫੀਚਰ ਡੈਸਕ

ਕੈਂਸਰ ਰੋਗ ਦੇ ਕਾਰਨ ਤੇ ਲੱਛਣ

ਕੈਂਸਰ ਇਕ ਜਾਨਲੇਵਾ ਬਿਮਾਰੀ ਹੈ। ਕਈ ਵਾਰ ਕੈਂਸਰ ਇਸ ਲਈ ਲਾਇਲਾਜ ਹੋ ਜਾਂਦਾ ਹੈ ਕਿਉਂਕਿ ਇਸ ਦੇ ਲੱਛਣਾਂ ਦਾ ਜਲਦੀ ਪਤਾ ਨਹੀਂ ਲੱਗਦਾ। ਲੱਖਾਂ ਲੋਕ ਇਸ ਬਿਮਾਰੀ ਦੇ ਸ਼ਿਕਾਰ ਹਨ, ਇਸ ਲਈ ਇਹ ਜਾਣਕਾਰੀ ਹੋਣੀ ਲਾਜ਼ਮੀ ਹੈ ਕਿ ਕੈਂਸਰ ਕਿਉਂ ਹੁੰਦਾ ਹੈ।

ਕਾਰਨ

ਕੈਂਸਰ ਕਿਸੇ ਵੀ ਚੀਜ਼ ਤੋਂ ਅਤੇ ਸਰੀਰ ਦੇ ਕਿਸੇ ਵੀ ਹਿੱਸੇ ਵਿਚ ਹੋ ਸਕਦਾ ਹੈ। ਸੂਰਜ ਦੀ ਰੌਸਨੀ ਵੀ ਕੈਂਸਰ ਦਾ ਕਾਰਨ ਬਣ ਸਕਦੀ ਹੈ। ਕਾਫ਼ੀ ਕੁੱਝ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਹਾਡਾ ਇਮਿਊਨ ਸਿਸਟਮ ਇਨ੍ਹਾਂ ਨੂੰ ਕਿੰਨਾ ਕੁ ਬਰਦਾਸ਼ਤ ਕਰਦਾ ਹੈ।

ਫ੍ਰੀ ਰੈਡੀਕਲਜ਼

ਅਸੀਂ ਜਾਣਦੇ ਹਾਂ ਕਿ ਇਨਸਾਨ ਆਕਸੀਜਨ ਤੋਂ ਬਿਨਾਂ ਜਿਊਂਦਾ ਨਹੀਂ ਰਹਿ ਸਕਦਾ। ਸਾਡੇ ਸਰੀਰ ਵਿਚ ਸਮੇਂ ਨਾਲ ਫ੍ਰੀ ਰੈਡੀਕਲਜ਼ ਵੀ ਬਣਦੇ ਰਹਿੰਦੇ ਹਨ। ਇਹ ਫ੍ਰੀ ਰੈਡੀਕਲਜ਼ ਕੈਂਸਰ ਅਤੇ ਕਈ ਹੋਰ ਗੰਭੀਰ ਬਿਮਾਰੀਆਂ ਦਾ ਕਾਰਨ ਬਣਦੇ ਹਨ। ਪ੍ਰਦੂਸ਼ਣ ਅਤੇ ਖਾਣ-ਪੀਣ ਦੇ ਮਾੜੇ ਤਰੀਕਿਆਂ ਕਾਰਨ ਸਰੀਰ 'ਚ ਫ੍ਰੀ ਰੈਡੀਕਲਜ਼ ਵਧੇਰੇ ਬਣਦੇ ਹਨ। ਇਸ ਲਈ ਸਿਹਤਮੰਦ ਰਹਿਣ ਵਾਸਤੇ ਸੰਤੁਲਿਤ ਭੋਜਨ ਦਾ ਸੇਵਨ ਬੇਹੱਦ ਜ਼ਰੂਰੀ ਹੈ।

ਤੰਬਾਕੂ

ਤੰਬਾਕੂ ਕੈਂਸਰ ਦਾ ਸਭ ਤੋਂ ਵੱਡਾ ਕਾਰਨ ਹੈ। ਤੰਬਾਕੂ ਖਾਣ ਨਾਲ ਮੂੰਹ ਦੇ ਕੈਂਸਰ ਦੀਆਂ ਸੰਭਾਵਨਾਵਾਂ ਕਾਫ਼ੀ ਵਧ ਜਾਂਦੀਆਂ ਹਨ। ਇਸ ਤੋਂ ਇਲਾਵਾ ਸਿਗਰਟ, ਬੀੜੀ ਜਾਂ ਹੁੱਕਾ ਪੀਣ ਵਾਲਿਆਂ ਨੂੰ ਫੇਫੜਿਆਂ ਦੇ ਕੈਂਸਰ ਦੀਆਂ ਸੰਭਾਵਨਾਵਾਂ ਕਾਫ਼ੀ ਜ਼ਿਆਦਾ ਹੁੰਦੀਆਂ ਹਨ।

ਪ੍ਰਦੂਸ਼ਣ

ਵਧਦਾ ਹੋਇਆ ਪ੍ਰਦੂਸ਼ਣ ਵੀ ਕੈਂਸਰ ਦਾ ਇਕ ਅਹਿਮ ਕਾਰਨ ਹੈ। ਖੇਤਾਂ 'ਚ ਵਰਤੇ ਜਾਣ ਕੀਟਨਾਸ਼ਕ ਅਤੇ ਲੋੜ ਤੋਂ ਜ਼ਿਆਦਾ ਖਾਦਾਂ ਪਾਣੀ 'ਚ ਘੁਲ ਕੇ ਜ਼ਮੀਨਦੋਜ਼ ਪਾਣੀ ਨੂੰ ਜ਼ਹਿਰੀਲਾ ਕਰ ਰਹੀਆਂ ਹਨ। ਇਹ ਦੂਸ਼ਿਤ ਪਾਣੀ ਕੈਂਸਰ ਅਤੇ ਕਈ ਹੋਰ ਗੰਭੀਰ ਬਿਮਾਰੀਆਂ ਦਾ ਕਾਰਨ ਬਣ ਰਿਹਾ ਹੈ। ਇਸ ਤੋਂ ਇਲਾਵਾ ਫ਼ੈਕਟਰੀਆਂ ਤੇ ਮੋਟਰ ਗੱਡੀਆਂ ਦੇ ਧੂੰਏਂ ਤੋਂ ਹੋਣ ਵਾਲਾ ਪ੍ਰਦੂਸ਼ਣ ਵੀ ਇਸ ਬਿਮਾਰੀ ਨੂੰ ਹੋਰ ਵਿਰਾਟ ਰੂਪ ਦੇਣ ਦਾ ਕਾਰਨ ਬਣ ਰਿਹਾ ਹੈ।

ਸ਼ਰਾਬਖੋਰੀ

ਜੇ ਤੁਸੀ ਤੰਬਾਕੂ ਵੀ ਖਾਂਦੇ ਹੋ ਅਤੇ ਇਸ ਦੇ ਨਾਲ ਸ਼ਰਾਬ ਪੀਣ ਦੇ ਵੀ ਆਦੀ ਹੋ ਤਾਂ ਤੁਸੀਂ ਕੈਂਸਰ ਦੀਆਂ ਸੰਭਾਵਨਾਵਾਂ ਨੂੰ ਕਈ ਗੁਣਾਂ ਵਧਾ ਲੈਂਦੇ ਹੋ। ਇਸ ਨਾਲ ਮੂੰਹ, ਗਲੇ, ਆਈਸੋਫੇਗਸ ਅਤੇ ਜਿਗਰ ਦੇ ਕੈਂਸਰ ਦਾ ਖ਼ਤਰਾ ਵਧ ਜਾਂਦਾ ਹੈ।

ਐੱਸਬੈਸਟੋਸ

ਸੀਮਿੰਟ ਦੀਆਂ ਚਾਦਰਾਂ ਅਤੇ ਸਪੱਨ ਪਾਈਪਾਂ ਦੇ ਨਿਰਮਾਣ 'ਚ ਵਰਤਿਆ ਜਾਣ ਵਾਲਾ ਤੱਤ ਐੱਸਬੈਸਟੋਸ ਆਪਣੇ ਆਪ ਵਿਚ ਕੈਂਸਰ ਦਾ ਵੱਡਾ ਕਾਰਕ ਹੈ। ਇਨ੍ਹਾਂ ਚੀਜ਼ਾਂ ਦਾ ਨਿਰਮਾਣ ਕਰਨ ਵਾਲੀਆਂ ਫੈਕਟਰੀਆਂ 'ਚ ਕੰਮ ਕਰਨ ਵਾਲੇ ਲੋਕਾਂ ਨੂੰ ਕੈਂਸਰ ਹੋਣ ਦੀਆਂ ਸੰਭਾਵਨਾਵਾਂ ਕਈ ਗੁਣਾਂ ਵਧ ਜਾਂਦੀਆਂ ਹਨ। ਇਸ ਦੇ ਨਾਲ ਹੀ ਜੇ ਅਜਿਹੀਆਂ ਫੈਕਟਰੀਆਂ 'ਚ ਕੰਮ ਕਰਨ ਵਾਲੇ ਕਾਮੇ ਸ਼ਰਾਬ ਅਤੇ ਤੰਬਾਕੂਨੋਸ਼ੀ ਵੀ ਕਰਦੇ ਹੋਣ ਤਾਂ ਕੈਂਸਰ ਦਾ ਖ਼ਤਰਾ ਹੋਰ ਵੀ ਵਧ ਜਾਂਦਾ ਹੈ।

ਦਵਾਈਆਂ

ਦਵਾਈਆਂ ਦੀ ਵਰਤੋਂ ਲੋੜ ਤੋਂ ਜ਼ਿਆਦਾ ਕਰਨ ਨਾਲ ਵੀ ਕੈਂਸਰ ਹੋਣ ਦਾ ਖ਼ਤਰਾ ਵਧ ਜਾਂਦਾ ਹੈ। ਇਨ੍ਹਾਂ ਦਵਾਈਆਂ 'ਚ ਮੌਜੂਦ ਕੈਮੀਕਲਜ਼ ਸਰੀਰ ਦੇ ਸੈੱਲਜ਼ ਨੂੰ ਅਤੇ ਸਰੀਰ 'ਚ ਕੰਮ ਕਰਨ ਵਾਲੀਆਂ ਵੱਖ-ਵੱਖ ਪ੍ਰਣਾਲੀਆਂ ਨੂੰ ਪ੍ਰਭਾਵਿਤ ਕਰ ਸਕਦੇ ਹਨ। ਇਸ ਲਈ ਸੈਲਫ-ਮੈਡੀਕੇਸ਼ਨ ਤੋਂ ਸਦਾ ਪਰਹੇਜਗਾਰ ਰਹਿਣਾ ਚਾਹੀਦਾ ਹੈ। ਡਾਕਟਰ ਦੀ ਸਲਾਹ ਨਾਲ ਹੀ ਦਵਾਈ ਲੈਣੀ ਚਾਹੀਦੀ ਹੈ।

ਖਾਣਾ

ਵਿਗਿਆਨਕ ਖੋਜਾਂ ਤੋਂ ਇਹ ਗੱਲ ਵੀ ਉੱਭਰ ਕੇ ਸਾਹਮਣੇ ਆਈ ਹੈ ਕਿ ਜੋ ਲੋਕ ਜ਼ਿਆਦਾ ਮੀਟ, ਨਮਕ ਦਾ ਸੇਵਨ ਕਰਦੇ ਹਨ ਉਨ੍ਹਾਂ ਨੂੰ ਪੇਟ, ਕੋਲਨ, ਯੂਟਰਸ ਤੇ ਪ੍ਰੋਸਟੇਟ ਗਲੈਂਡ ਦਾ ਕੈਂਸਰ ਹੋ ਸਕਦਾ ਹੈ।

ਉਮਰ

ਵੈਸੇ ਤਾਂ ਕੈਂਸਰ ਦੀ ਬਿਮਾਰੀ ਕਿਸੇ ਵੀ ਉਮਰ ਵਿਚ ਹੋ ਸਕਦੀ ਹੈ ਪਰ 60 ਸਾਲ ਅਤੇ ਇਸ ਤੋਂ ਉੱਪਰਲੀ ਉਮਰ ਦੇ ਲੋਕ ਇਸ ਦੇ ਜ਼ਿਆਦਾ ਸ਼ਿਕਾਰ ਬਣਦੇ ਹਨ। ਜਿਸ ਤਰ੍ਹਾਂ ਸਾਡੀ ਉਮਰ ਵਧਦੀ ਹੈ ਉਸ ਦੇ ਨਾਲ-ਨਾਲ ਸਾਡੇ ਸਰੀਰ ਦੀਆਂ ਮਾਸਪੇਸ਼ੀਆਂ ਵੀ ਵਧਦੀਆਂ ਹਨ। ਇਸ ਨਾਲ ਮਾਸਪੇਸ਼ੀਆਂ ਸੁੱਕ ਕੇ ਕੈਂਸਰ ਦੀ ਰਸੌਲੀ ਦਾ ਰੂਪ ਧਾਰਨ ਕਰ ਸਕਦੀਆਂ ਹਨ।

ਫੇਫੜਿਆਂ ਦੇ ਕੈਂਸਰ ਦੇ ਲੱਛਣ

ਜ਼ਿਆਦਾਤਰ ਔਰਤਾਂ ਫੇਫੜਿਆਂ ਦੇ ਕੈਂਸਰ ਦੀਆਂ ਸ਼ਿਕਾਰ ਹੁੰਦੀਆਂ ਹਨ। ਇਸ ਨਾਲ ਸਾਹ ਲੈਣ 'ਚ ਪਰੇਸ਼ਾਨੀ ਅਤੇ ਘੁਟਣ ਮਹਿਸੂਸ ਹੁੰਦੀ ਹੈ। ਫੇਫੜਿਆਂ ਦਾ ਕੈਂਸਰ ਅਜਿਹਾ ਹੈ, ਜਿਸ ਨਾਲ ਹਰ ਸਾਲ ਅਨੇਕਾਂ ਆਦਮੀ ਤੇ ਔਰਤਾਂ ਮੌਤ ਦੇ ਮੂੰਹ 'ਚ ਚਲੇ ਜਾਂਦੇ ਹਨ। ਦੁਨੀਆ ਦੇ ਕਈ ਦੇਸ਼ਾਂ ਵਿਚ ਫੇਫੜਿਆਂ ਦੇ ਕੈਂਸਰ ਨਾਲ ਮਰਨ ਵਾਲੀਆਂ ਔਰਤਾਂ ਦੀ ਗਿਣਤੀ ਕਾਫ਼ੀ ਜ਼ਿਆਦਾ ਹੈ। ਜੇ ਕਿਸੇ ਵਿਅਕਤੀ ਨੂੰ ਲਗਾਤਾਰ ਖਾਂਸੀ ਰਹਿੰਦੀ ਹੋਵੇ ਅਤੇ ਉਹ ਕਈ ਤਰ੍ਹਾਂ ਦੀਆਂ ਦਵਾਈਆਂ ਲੈਣ ਨਾਲ ਵੀ ਠੀਕ ਨਾ ਹੁੰਦੀ ਹੋਵੇ ਤਾਂ ਇਸ ਦੀ ਕਿਸੇ ਮਾਹਿਰ ਡਾਕਟਰ ਪਾਸੋਂ ਜਾਂਚ ਕਰਵਾਉਣੀ ਚਾਹੀਦੀ ਹੈ। ਇਹ ਕਿਸੇ ਗੰਭੀਰ ਬਿਮਾਰੀ ਜਾਂ ਕੈਂਸਰ ਦਾ ਲੱਛਣ ਹੋ ਸਕਦਾ ਹੈ।

ਸਿਰ ਦਰਦ ਤੇ ਘੁਟਣ ਮਹਿਸੂਸ ਹੋਣੀ

ਸਿਰ 'ਚ ਦਰਦ ਰਹਿਣਾ ਤੇ ਘੁਟਣ ਦੀ ਸ਼ਿਕਾਇਤ ਵੀ ਕਈ ਵਾਰ ਫੇਫੜਿਆਂ ਦੇ ਕੈਂਸਰ ਦਾ ਸ਼ਿਕਾਰ ਵਿਅਕਤੀ 'ਚ ਮੁੱਖ ਲੱਛਣ ਦੇ ਰੂਪ 'ਚ ਵੇਖੇ ਗਏ ਹਨ। ਇਸ ਪ੍ਰਕਾਰ ਦਾ ਦਰਦ ਕਾਫ਼ੀ ਦਿਨਾਂ ਤਕ ਰਹਿੰਦਾ ਹੈ। ਫੇਫੜਿਆਂ 'ਚ ਜਦੋਂ ਟਿਊਮਰ ਫੈਲ ਜਾਂਦੇ ਹਨ ਤਾਂ ਸਾਹ ਲੈਣ 'ਚ ਪਰੇਸ਼ਾਨੀ ਵਧ ਜਾਂਦੀ ਹੈ ਤੇ ਘੁਟਣ ਮਹਿਸੂਸ ਹੋਣ ਲੱਗਦੀ ਹੈ। ਟਿਊਮਰ ਕਾਰਨ ਫੇਫੜਿਆਂ ਦੇ ਜ਼ਿਆਦਾਤਰ ਹਿੱਸੇ 'ਚ ਹਵਾ ਦੀ ਪਹੁੰਚ ਪ੍ਰਭਾਵਿਤ ਹੋਣ ਕਾਰਨ ਅਜਿਹਾ ਹੁੰਦਾ ਹੈ। ਹੋਰਨਾਂ ਕਾਰਨਾਂ ਕਰ ਕੇ ਵੀ ਸਾਹ ਲੈਣ 'ਚ ਪਰੇਸ਼ਾਨੀ ਆ ਸਕਦੀ ਹੈ। ਇਸ ਲਈ ਅਜਿਹੀ ਸਮੱਸਿਆ ਹੋਣ 'ਤੇ ਤੁਰੰਤ ਡਾਕਟਰੀ ਦੀ ਸਲਾਹ ਲਵੋ।

ਗਲੇ 'ਚ ਲਗਾਤਾਰ ਖ਼ਰਾਬੀ ਰਹਿਣਾ

ਗਲੇ 'ਚ ਲਗਾਤਾਰ ਖ਼ਰਾਬੀ ਰਹਿਣਾ ਜਾਂ ਵਾਰ-ਵਾਰ ਗਲਾ ਬੈਠਣਾ ਵੀ ਗਲੇ ਦੇ ਕੈਂਸਰ ਦੇ ਸੰਕੇਤ ਹੋ ਸਕਦੇ ਹਨ ਪਰ ਇਹ ਵੀ ਧਿਆਨ ਰਹੇ ਕਿ ਇਹ ਲੱਛਣ ਉਦੋਂ ਵੀ ਹੋ ਸਕਦੇ ਹਨ ਜਦੋਂ ਫੇਫੜਿਆਂ 'ਚ ਸੋਜ਼ਿਸ਼ ਹੋਵੇ। ਜੇ ਖਾਂਸੀ ਕਰਦੇ ਸਮੇਂ ਜਾਂ ਉਲਟੀ ਨਾਲ ਖ਼ੂਨ ਆਉਂਦਾ ਹੋਵੇ ਤਾਂ ਇਸ ਨੂੰ ਨਜ਼ਰਅੰਦਾਜ਼ ਨਾ ਕਰੋ 'ਤੇ ਤੁਰੰਤ ਡਾਕਟਰੀ ਸਹਾਇਤਾ ਲਵੋ।

ਕਿੱਥੋਂ ਤਕ ਫੈਲ ਸਕਦਾ ਹੈ ਫੇਫੜਿਆਂ ਦਾ ਕੈਂਸਰ?

ਜਿਗਰ ਨੂੰ ਆਪਣੀ ਪਕੜ 'ਚ ਲੈ ਲੈਣ ਵਾਲਾ ਮੈਟਾਸਟੈਟਿਕ ਕੈਂਸਰ ਫੇਫੜਿਆਂ ਨੂੰ ਵੀ ਪ੍ਰਭਾਵਿਤ ਕਰਦਾ ਹੈ ਅਤੇ ਜ਼ਿਆਦਾਤਰ ਮਾਮਲਿਆਂ 'ਚ ਇਸ 'ਚ ਕੋਈ ਮੁੱਢਲੇ ਲੱਛਣ ਪਤਾ ਨਹੀਂ ਲੱਗਦੇ। ਡਾਕਟਰੀ ਜਾਂਚ ਰਾਹੀਂ ਹੀ ਇਸ ਦੀ ਲੱਖਣ ਕੀਤੀ ਜਾ ਸਕਦੀ ਹੈ। ਕਈ ਵਾਰ ਫੇਫੜਿਆਂ ਦਾ ਕੈਂਸਰ ਹੱਡੀਆਂ ਦੇ ਕੈਂਸਰ ਦਾ ਕਾਰਨ ਵੀ ਬਣ ਸਕਦਾ ਹੈ। ਹੱਡੀਆਂ ਦਾ ਕੈਂਸਰ ਹੋਣ 'ਤੇ ਹੱਡੀਆਂ 'ਚ ਦਰਦ ਰਹਿਣ ਵਰਗੀਆਂ ਅਲਾਮਤਾਂ ਪ੍ਰਗਟ ਹੋ ਸਕਦੀਆਂ ਹਨ। ਇਹ ਦਰਦ ਆਮ-ਤੌਰ 'ਤੇ ਰੀੜ੍ਹ ਦੀ ਹੱਡੀ, ਪਸਲੀਆਂ 'ਚ ਜ਼ਿਆਦਾ ਵੇਖਣ ਨੂੰ ਮਿਲਦੀ ਹੈ। ਕੁੱਝ ਮਾਮਲਿਆਂ 'ਚ ਮਾਸਪੇਸ਼ੀਆਂ ਦੀ ਕਮਜ਼ੋਰੀ ਅਤੇ ਠੀਕ ਤਰੀਕੇ ਨਾਲ ਕੰਮ ਨਾ ਕਰਨਾ ਵੀ, ਛੇਤੀ ਥਕਾਵਟ ਮਹਿਸੂਸ ਕਰਨਾ, ਥੋੜ੍ਹਾ ਜਿਹਾ ਕੰਮ ਕਰਨਾ, ਪੌੜੀਆਂ ਚੜ੍ਹਨਾ ਅਤੇ ਸਾਹ ਫੁੱਲਣਾ ਆਦਿ ਵੀ ਫੇਫੜਿਆਂ ਦੇ ਕੈਂਸਰ ਦੇ ਭਿਆਨਕ ਲੱਛਣ ਹੋ ਸਕਦੇ ਹਨ।

• ਫੀਚਰ ਡੈਸਕ



ਅੱਧੇ ਸਿਰ ਦਾ ਬੇਹਾਲ ਕਰਨ ਵਾਲਾ ਦਰਦ - ਮਾਈਗ੍ਰੇਨ

ਸਿਰ ਦਰਦ ਅਜਿਹੀ ਸਮੱਸਿਆ ਹੈ ਜੋ ਅਕਸਰ ਸਾਨੂੰ ਪਰੇਸ਼ਾਨ ਕਰਦੀ ਹੈ। ਹਰ ਬੱਚੇ, ਬੁੱਢੇ, ਨੌਜਵਾਨ, ਔਰਤ ਅਤੇ ਮਰਦ ਨੂੰ ਕਦੇ ਨਾ ਕਦੇ ਇਸ ਦਾ ਸਾਹਮਣਾ ਜ਼ਰੂਰ ਕਰਨਾ ਪੈਂਦਾ ਹੈ। ਅਕਸਰ ਇਹ ਵੀ ਵੇਖਿਆ ਗਿਆ ਹੈ ਕਿ ਕੁੱਝ ਲੋਕ ਅੱਧੇ ਸਿਰ ਵਿਚ ਦਰਦ ਰਹਿਣ ਦੀ ਸ਼ਿਕਾਇਤ ਕਰਦੇ ਹਨ। ਅਜਿਹੀ ਦਰਦ ਉਨ੍ਹਾਂ ਨੂੰ ਬੁਰੀ ਤਰ੍ਹਾਂ ਪਰੇਸ਼ਾਨ ਅਤੇ ਬੇਚੈਨ ਕਰ ਦਿੰਦੀ ਹੈ। ਇਸ ਨੂੰ ਡਾਕਟਰੀ ਭਾਸ਼ਾ ਵਿਚ 'ਮਾਈਗ੍ਰੇਨ' ਆਖਦੇ ਹਨ।

ਕਾਰਨ

ਲੰਬੇ ਸਮੇਂ ਤੋਂ ਰਹਿਣ ਵਾਲੀ ਕਬਜ਼, ਪੇਟ ਗੈਸ, ਜਿਗਰ ਦੀਆਂ ਬਿਮਾਰੀਆਂ, ਪੁਰਾਣਾ ਜ਼ੁਕਾਮ, ਰੀੜ੍ਹ ਦੀ ਹੱਡੀ ਦਾ ਦਰਦ, ਕੰਨ ਦਾ ਦਰਦ, ਨਸ਼ੇ ਦੀ ਖਿੱਚ ਆਦਿ ਮਾਈਗ੍ਰੇਨ ਦੀਆਂ ਨਿਸ਼ਾਨੀਆਂ ਹਨ।

ਇਲਾਜ

ਐਲੋਪੈਥਿਕ ਦਵਾਈਆਂ ਤੋਂ ਇਲਾਵਾ ਐਕੁਪ੍ਰੈਸ਼ਰ ਜ਼ਰੀਏ ਹੱਥਾਂ ਅਤੇ ਪੈਰਾਂ ਦੇ ਕੁੱਝ ਵਿਸ਼ੇਸ਼ ਬਿੰਦੂਆਂ ਨੂੰ ਦਬਾਉਣ ਜਾਂ ਪ੍ਰੈਸ਼ਰ ਦੇਣ ਨਾਲ ਇਸ ਉੱਪਰ ਕਾਬੂ ਪਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਹੱਥਾਂ ਦੀਆਂ ਉਂਗਲੀਆਂ ਦੀ ਮਾਲਿਸ਼ ਕਰਨ ਨਾਲ ਵੀ ਇਸ ਨੂੰ ਦੂਰ ਕੀਤਾ ਜਾ ਸਕਦਾ ਹੈ। ਮਾਇਗ੍ਰੇਨ ਦੀ ਦਰਦ ਨੂੰ ਦੂਰ ਕਰਨ ਲਈ ਪੈਰਾਂ ਤੇ ਹੱਥਾਂ ਦੇ ਅੰਗੂਠਿਆਂ ਦੀ ਰੋਜ਼ ਮਾਲਿਸ਼ ਕਰਨੀ ਚਾਹੀਦੀ ਹੈ।

• ਫੀਚਰ ਡੈਸਕ

ਪੰਜਾਬ ਨੂੰ ਪਹਿਲੀ ਵਾਰ ਮਿਲੀ ‘ਕੰਮ’ ਕਰਨ ਵਾਲੀ ਸਰਕਾਰ : ਭਗਵੰਤ ਸਿੰਘ ਮਾਨ

ਧੂਰੀ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਪੰਜਾਬ ਵਿੱਚ ਪਹਿਲੀ ਵਾਰ ਅਜਿਹੀ ਸਰਕਾਰ ਆਈ ਹੈ, ਜੋ ਦਿਨ-ਰਾਤ ਲੋਕਾਂ ਲਈ ਕੰਮ ਕਰਨ ’ਤੇ ਧਿਆਨ ਕੇਂਦਰਿਤ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਾਢੇ ਚਾਰ ਸਾਲਾਂ ਦੇ ਕੰਮਾਂ ਨੇ ਉਨ੍ਹਾਂ ਦੀ ਸਰਕਾਰ ਦਾ ਲੋਕਾਂ ਵਿੱਚ ਵਿਸ਼ਵਾਸ ਬਣਾਇਆ ਹੈ। ਕਿਸਾਨਾਂ ਲਈ ਦਿਨ ਵੇਲੇ ਬਿਜਲੀ ਅਤੇ ਨਹਿਰੀ ਪਾਣੀ, ਸਰਕਾਰੀ ਸਕੀਮਾਂ ਰਾਹੀਂ ਹਰ ਪਰਿਵਾਰ ਲਈ 15,000 ਰੁਪਏ ਦੀ ਮਹੀਨਾਵਾਰ ਬੱਚਤ ਅਤੇ ਝੋਨੇ ਦੀ ਖਰੀਦ ਦੀ ਤੁਰੰਤ ਅਦਾਇਗੀ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਦਾ ਰਿਕਾਰਡ ਆਪਣੇ-ਆਪ ਬੋਲਦਾ ਹੈ। ਭਾਜਪਾ ਅਤੇ ਹੋਰ ਵਿਰੋਧੀਆਂ ’ਤੇ ਨਿਸ਼ਾਨਾ ਸਾਧਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦਾ ਅਕਸ ਖਰਾਬ ਕਰਨ ਦੀਆਂ ਘਟੀਆ ਕੋਸ਼ਿਸ਼ਾਂ ਅਤੇ ਉਨ੍ਹਾਂ ਦੀ ਇਮਾਨਦਾਰੀ ਨੂੰ ਢਾਹ ਲਾਉਣ ਦੀਆਂ ਕੋਝੀਆਂ ਚਾਲਾਂ ਨਾਕਾਮ ਰਹੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੇ ਦਫ਼ਤਰ ’ਤੇ ਛਾਪੇਮਾਰੀ ਤੋਂ ਬਾਅਦ ਸੀ.ਬੀ.ਆਈ. ਖਾਲੀ ਹੱਥ ਪਰਤੀ ਸੀ। ਉਨ੍ਹਾਂ ਦੁਹਰਾਇਆ ਕਿ ਉਨ੍ਹਾਂ ਦੇ ਦਰਵਾਜ਼ੇ ਪੰਜਾਬ ਦੇ ਲੋਕਾਂ ਲਈ ਹਮੇਸ਼ਾ ਖੁੱਲ੍ਹੇ ਰਹਿਣਗੇ।

ਐਕਸ ਤੇ ਵਿਚਾਰ ਸਾਂਝੇ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲਿਖਿਆ: ਅੱਜ ਮੈਂ ਧੂਰੀ ਹਲਕੇ ਦੇ ਇਨਕਲਾਬੀ ਪਿੰਡ ਮੀਮਸਾ ਵਿਖੇ ਪਿੰਡ ਦੇ ਇਕੱਠ ਵਿੱਚ ਆਪਣੇ ਲੋਕਾਂ ਨਾਲ ਆਪਣੇ ਵਿਚਾਰ ਅਤੇ ਦਿਲ ਦੀਆਂ ਗੱਲਾਂ ਸਾਂਝੀਆਂ ਕੀਤੀਆਂ। ਤੁਹਾਡੇ ਨਿੱਘੇ ਪਿਆਰ ਅਤੇ ਸਹਿਯੋਗ ਸਦਕਾ ਹੀ ਧੂਰੀ ਅੱਜ ਪੰਜਾਬ ਦੀ ਸਿਆਸਤ ਦਾ ‘ਧੁਰਾ’ ਬਣ ਗਿਆ ਹੈ। ਪਿਛਲੀਆਂ ਸਰਕਾਰਾਂ ਦੇ ਖੋਖਲੇ ਦਾਅਵਿਆਂ ਦੇ ਉਲਟ ਅਸੀਂ ਜ਼ਮੀਨੀ ਪੱਧਰ ’ਤੇ ਵੱਡੇ ਕੰਮ ਕੀਤੇ ਹਨ। ਕਿਸਾਨਾਂ ਲਈ ਦਿਨ ਵੇਲੇ ਬਿਜਲੀ, ਸਿੰਚਾਈ ਰਾਹੀਂ 88 ਫੀਸਦੀ ਖੇਤਾਂ ਤੱਕ ਨਹਿਰੀ ਪਾਣੀ, 70,685 ਸਰਕਾਰੀ ਨੌਕਰੀਆਂ, ਮੁਫ਼ਤ ਸਿਹਤ ਸੰਭਾਲ ਅਤੇ ਜ਼ੀਰੋ ਬਿਜਲੀ ਬਿੱਲਾਂ ਨਾਲ ਹਰ ਪਰਿਵਾਰ ਨੂੰ ਸਾਲਾਨਾ 1.82 ਲੱਖ ਰੁਪਏ ਦਾ ਲਾਭ ਹੋ ਰਿਹਾ ਹੈ। ‘ਮਾਵਾਂ ਧੀਆ ਸਤਿਕਾਰ ਯੋਜਨਾ’ ਰਾਹੀਂ ਮਾਵਾਂ-ਭੈਣਾਂ ਨੂੰ ਦਿੱਤੀ ਜਾ ਰਹੀ ਮਹੀਨਾਵਾਰ ਵਿੱਤੀ ਸਹਾਇਤਾ ਉਨ੍ਹਾਂ ਦੇ ਬਣਦੇ ਮਾਣ-ਸਤਿਕਾਰ ਦੀ ਪਛਾਣ ਹੈ। ਤੁਹਾਡੇ ਆਸ਼ੀਰਵਾਦ ਨਾਲ ਅਸੀਂ ਵਾਹਿਗੁਰੂ ਵੱਲੋਂ ਸੌਂਪੀ ਗਈ ਲੋਕ ਸੇਵਾ ਦੀ ਇਸ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਅਤੇ ਸਮਰਪਣ ਭਾਵਨਾ ਨਾਲ ਨਿਭਾਉਂਦੇ ਰਹਾਂਗੇ। ਇਨਕਲਾਬ ਜ਼ਿੰਦਾਬਾਦ। ਲੋਕ ਮਿਲਣੀ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪੰਜਾਬ ਦੇ ਲੋਕਾਂ ਨੇ ਵਾਅਦੇ ਕਰਨ ਵਾਲੀਆਂ ਸਰਕਾਰਾਂ ਅਤੇ ਨਤੀਜੇ ਦੇਣ ਵਾਲੀ ਸਰਕਾਰ ਵਿਚਕਾਰ ਫਰਕ ਦੇਖਿਆ ਹੈ। ਅਸੀਂ ਪਿਛਲੇ ਸਾਢੇ ਚਾਰ ਸਾਲਾਂ ਦੇ ਆਪਣੇ ਕੰਮਾਂ ਰਾਹੀਂ ਉਨ੍ਹਾਂ ਦਾ ਵਿਸ਼ਵਾਸ ਜਿੱਤਿਆ ਹੈ। ਸਰਕਾਰੀ ਖਜ਼ਾਨੇ ਦਾ ਇੱਕ-ਇੱਕ ਪੈਸਾ ਲੋਕਾਂ ਦਾ ਹੈ ਅਤੇ ਅਸੀਂ ਇਹ ਯਕੀਨੀ ਬਣਾ ਰਹੇ ਹਾਂ ਕਿ ਵਿਕਾਸ, ਬਿਹਤਰ ਜਨਤਕ ਸੇਵਾਵਾਂ ਅਤੇ ਲੋਕ ਭਲਾਈ ਦੀਆਂ ਪਹਿਲਕਦਮੀਆਂ ਰਾਹੀਂ ਉਨ੍ਹਾਂ ਦਾ ਪੈਸਾ ਉਨ੍ਹਾਂ ਤੱਕ ਵਾਪਸ ਪਹੁੰਚੇ।

ਮੁੱਖ ਮੰਤਰੀ ਨੇ ਕਿਹਾ, ਸਰਕਾਰੀ ਖਜ਼ਾਨੇ ਦਾ ਇੱਕ-ਇੱਕ ਪੈਸਾ ਲੋਕਾਂ ਦਾ ਹੈ ਅਤੇ ਅਸੀਂ ਉਨ੍ਹਾਂ ਦੀ ਭਲਾਈ ’ਤੇ ਸਮਝਦਾਰੀ ਨਾਲ ਪੈਸਾ ਖਰਚ ਕਰ ਰਹੇ ਹਾਂ। ਲੋਕਾਂ ਦਾ ਪੈਸਾ ਸੂਬੇ ਦੇ ਵਿਕਾਸ, ਸਕੂਲਾਂ, ਹਸਪਤਾਲਾਂ ਅਤੇ ਸੜਕਾਂ ਰਾਹੀਂ ਉਨ੍ਹਾਂ ਕੋਲ ਵਾਪਸ ਆ ਰਿਹਾ ਹੈ। 90 ਫੀਸਦੀ ਤੋਂ ਵੱਧ ਘਰਾਂ ਨੂੰ ਮੁਫ਼ਤ ਬਿਜਲੀ ਮਿਲ ਰਹੀ ਹੈ ਅਤੇ ਕਿਸਾਨਾਂ ਨੂੰ ਦਿਨ ਵੇਲੇ ਬਿਜਲੀ ਮਿਲ ਰਹੀ ਹੈ, ਜੋ ਪੰਜਾਬ ਦੇ ਇਤਿਹਾਸ ਵਿੱਚ ਪਹਿਲਾਂ ਕਦੇ ਨਹੀਂ ਹੋਇਆ।

ਉਨ੍ਹਾਂ ਕਿਹਾ, ਸਾਡੀ ਸਰਕਾਰ ਲੋਕਾਂ ਲਈ ਕੰਮ ਕਰ ਰਹੀ ਹੈ। ਅਸੀਂ ਬਿਨਾਂ ਭ੍ਰਿਸ਼ਟਾਚਾਰ ਦੇ 70,000 ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਹਨ, ਸੜਕਾਂ ਵਿੱਚ ਸੁਧਾਰ ਕੀਤਾ ਹੈ, ਸਕੂਲਾਂ ਅਤੇ ਹਸਪਤਾਲਾਂ ਨੂੰ ਮਜ਼ਬੂਤ ਕੀਤਾ ਹੈ, ਅਤੇ ਟੋਲ ਪਲਾਜ਼ੇ ਬੰਦ ਕੀਤੇ ਹਨ ਤਾਂ ਜੋ ਰਾਹਗੀਰਾਂ ਦੇ ਰੋਜ਼ਾਨਾ 70 ਲੱਖ ਰੁਪਏ ਬਚਾਏ ਜਾ ਸਕਣ, ਜੋ ਪਹਿਲਾਂ ਬਿਨਾਂ ਵਜ੍ਹਾ ਖਰਚ ਹੁੰਦੇ ਸਨ। ਅਸੀਂ ਪਿੰਡਾਂ ਦਾ ਵਿਕਾਸ ਵੀ ਕਰ ਰਹੇ ਹਾਂ ਅਤੇ ਖੇਡ ਸਟੇਡੀਅਮ ਬਣਾ ਰਹੇ ਹਾਂ ਤਾਂ ਜੋ ਸਾਡੇ ਨੌਜਵਾਨ ਖੇਡਾਂ ’ਤੇ ਧਿਆਨ ਕੇਂਦਰਿਤ ਕਰ ਸਕਣ ਅਤੇ ਬਿਹਤਰ ਭਵਿੱਖ ਬਣਾ ਸਕਣ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਸਿਹਤ ਸੰਭਾਲ ਹਰ ਪਰਿਵਾਰ ਦੀ ਪਹੁੰਚ ਵਿੱਚ ਹੋਣੀ ਚਾਹੀਦੀ ਹੈ। ‘ਮੁੱਖ ਮੰਤਰੀ ਸਿਹਤ ਯੋਜਨਾ’ ਰਾਹੀਂ ਅਸੀਂ ਪ੍ਰਤੀ ਪਰਿਵਾਰ 10 ਲੱਖ ਰੁਪਏ ਤੱਕ ਦਾ ਕੈਸ਼ਲੈੱਸ ਇਲਾਜ ਮੁਹੱਈਆ ਕਰਵਾ ਰਹੇ ਹਾਂ। ਇਸ ਪਹਿਲਕਦਮੀ ਦਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਲੋਕ ਹਸਪਤਾਲ ਦੇ ਬਿੱਲਾਂ ਦੀ ਚਿੰਤਾ ਕੀਤੇ ਬਿਨਾਂ ਮਿਆਰੀ ਡਾਕਟਰੀ ਇਲਾਜ ਪ੍ਰਾਪਤ ਕਰ ਸਕਣ।

ਮਾਵਾਂ ਧੀਆ ਸਤਿਕਾਰ ਯੋਜਨਾ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ 18 ਸਾਲ ਅਤੇ ਉਸ ਤੋਂ ਵੱਧ ਉਮਰ ਦੀਆਂ ਯੋਗ ਔਰਤਾਂ ਨੂੰ 1 ਜੁਲਾਈ ਤੋਂ ਹਰ ਮਹੀਨੇ 1,000 ਰੁਪਏ ਅਤੇ ਅਨੁਸੂਚਿਤ ਜਾਤੀ ਦੀਆਂ ਔਰਤਾਂ ਨੂੰ 1,500 ਰੁਪਏ ਦੀ ਵਿੱਤੀ ਸਹਾਇਤਾ ਮਿਲ ਰਹੀ ਹੈ। ਮੁੱਖ ਮੰਤਰੀ ਨੇ ਕਿਹਾ, ਇਹ ਰਕਮ ਸਿੱਧੀ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਟ੍ਰਾਂਸਫਰ ਕੀਤੀ ਗਈ ਹੈ ਅਤੇ ਪਹਿਲਾਂ ਤੋਂ ਸਮਾਜਿਕ ਸੁਰੱਖਿਆ ਪੈਨਸ਼ਨ ਲੈ ਰਹੀਆਂ ਔਰਤਾਂ ਵੀ ਇਸ ਲਈ ਯੋਗ ਹਨ। ਉਨ੍ਹਾਂ ਅੱਗੇ ਦੱਸਿਆ ਕਿ ਪੰਜਾਬ ਦੀਆਂ 97 ਫੀਸਦੀ ਔਰਤਾਂ ਨੂੰ ਇਸ ਸਕੀਮ ਦਾ ਲਾਭ ਮਿਲਣ ਦੀ ਉਮੀਦ ਹੈ, ਜਿਸ ਲਈ ਬਜਟ ਵਿੱਚ 9,300 ਕਰੋੜ ਰੁਪਏ ਰੱਖੇ ਗਏ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਸਾਡੀ ਸਰਕਾਰ ਔਰਤਾਂ ਨੂੰ ਮਾਣ-ਸਤਿਕਾਰ ਅਤੇ ਵਿੱਤੀ ਸਹਾਇਤਾ ਯਕੀਨੀ ਬਣਾਉਣ ਲਈ ਵਚਨਬੱਧ ਹੈ। ‘ਮਾਵਾਂ ਧੀਆ ਸਤਿਕਾਰ ਯੋਜਨਾ’ ਤਹਿਤ ਯੋਗ ਔਰਤਾਂ ਨੂੰ ਸਿੱਧੇ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਸਹਾਇਤਾ ਮਿਲ ਰਹੀ ਹੈ। 97 ਫੀਸਦੀ ਔਰਤਾਂ ਨੂੰ ਲਾਭ ਮਿਲਣ ਦੀ ਉਮੀਦ ਦੇ ਨਾਲ ਇਹ ਸਕੀਮ ਪੂਰੇ ਪੰਜਾਬ ਦੇ ਪਰਿਵਾਰਾਂ ਨੂੰ ਢੁਕਵੀਂ ਸਹਾਇਤਾ ਪ੍ਰਦਾਨ ਕਰ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਗੁਰਬਤ ਨੂੰ ਦੂਰ ਕਰਨ ਅਤੇ ਜੀਵਨ ਪੱਧਰ ਨੂੰ ਸੁਧਾਰਨ ਲਈ ਸਿੱਖਿਆ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਸਿੱਖਿਆ ਦੀ ਸੁਧਾਰ ਕਰਨ ਅਤੇ ਆਮ ਪਰਿਵਾਰਾਂ ਦੇ ਬੱਚਿਆਂ ਨੂੰ ਸਮਰੱਥ ਬਣਾਉਣ ਲਈ ਅਧਿਆਪਕਾਂ ਦੀ ਸਿਖਲਾਈ, ‘ਸਕੂਲਜ਼ ਆਫ਼ ਐਮੀਨੈਂਸ’ ਅਤੇ ਹੋਰ ਪਹਿਲਕਦਮੀਆਂ ਵਿੱਚ ਨਿਵੇਸ਼ ਕਰ ਰਹੀ ਹੈ। ਮੁੱਖ ਮੰਤਰੀ ਨੇ ਕਿਹਾ, ਮੁਫ਼ਤ ਸਕੀਮਾਂ ਅਤੇ ਰਿਆਇਤੀ ਕਾਰਡ ਰਾਹਤ ਤਾਂ ਦੇ ਸਕਦੇ ਹਨ, ਪਰ ਸਿੱਖਿਆ ਹੀ ਗਰੀਬੀ ਦੇ ਚੱਕਰ ਨੂੰ ਤੋੜਨ ਦੀ ਕੁੰਜੀ ਹੈ। ਮਿਆਰੀ ਸਿੱਖਿਆ ਲੋਕਾਂ ਨੂੰ ਸਮਰੱਥ ਬਣਾਉਂਦੀ ਹੈ, ਉਨ੍ਹਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਦੀ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਮੌਕੇ ਪੈਦਾ ਕਰਦੀ ਹੈ। ਇਸੇ ਲਈ ਅਸੀਂ ਸਰਕਾਰੀ ਸਕੂਲਾਂ ਨੂੰ ਮਜ਼ਬੂਤ ਕਰਨ ਅਤੇ ਬੱਚਿਆਂ ਨੂੰ ਬਿਹਤਰ ਮੌਕੇ ਪ੍ਰਦਾਨ ਕਰਨ ਲਈ ਅਣਥੱਕ ਮਿਹਨਤ ਕਰ ਰਹੇ ਹਾਂ।

ਉਨ੍ਹਾਂ ਕਿਹਾ, ਸਰਕਾਰੀ ਸਕੂਲਾਂ ਦੇ ਨੀਟ ਪਾਸ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ 2021 ਵਿੱਚ 80 ਤੋਂ ਵਧ ਕੇ 2026 ਵਿੱਚ 882 ਹੋਣਾ ਸਿੱਖਿਆ ਵਿੱਚ ਸੁਧਾਰ ਲਈ ਕੀਤੇ ਜਾ ਰਹੇ ਯਤਨਾਂ ਨੂੰ ਦਰਸਾਉਂਦਾ ਹੈ। ਅਸੀਂ ਇਹ ਯਕੀਨੀ ਬਣਾਉਣ ਲਈ ਦ੍ਰਿੜ ਹਾਂ ਕਿ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੱਚੇ ਦੇਸ਼ ਵਿੱਚ ਕਿਤੇ ਵੀ ਵਿਦਿਆਰਥੀਆਂ ਦਾ ਮੁਕਾਬਲਾ ਕਰ ਸਕਣ।

ਮੁੱਖ ਮੰਤਰੀ ਨੇ ਕਿਹਾ, ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ 1,587 ਪਿੰਡਾਂ ਦੇ ਖੇਤਾਂ ਤੱਕ ਨਹਿਰੀ ਪਾਣੀ ਪਹੁੰਚਿਆ ਹੈ, ਜਿੱਥੇ ਪਹਿਲਾਂ ਕਦੇ ਪਾਣੀ ਨਹੀਂ ਪਹੁੰਚਿਆ ਸੀ। ਅਸੀਂ ਸਿੰਚਾਈ ਸਹੂਲਤਾਂ ਦੇ ਵਿਸਥਾਰ ਲਈ 7,200 ਕਰੋੜ ਰੁਪਏ ਖਰਚ ਕੀਤੇ ਹਨ, ਅਤੇ ਨਹਿਰੀ ਪਾਣੀ ਪ੍ਰਾਪਤ ਕਰਨ ਵਾਲਾ ਖੇਤਰਫਲ 2022 ਵਿੱਚ 20.89 ਲੱਖ ਏਕੜ ਤੋਂ ਵੱਧ ਕੇ ਅੱਜ 60.30 ਲੱਖ ਏਕੜ ਹੋ ਗਿਆ ਹੈ। ਨਹਿਰੀ ਸਿੰਚਾਈ ਕਿਸਾਨਾਂ ’ਤੇ ਬੋਝ ਘਟਾਉਣ ਅਤੇ ਪੰਜਾਬ ਦੀ ਖੇਤੀਬਾੜੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਬਹੁਤ ਜ਼ਰੂਰੀ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਨੇ ਲੋਕ ਸੇਵਾ ਨੂੰ ਆਪਣਾ ਮੁੱਖ ਮਿਸ਼ਨ ਬਣਾਇਆ ਹੈ ਜੋ ਪੰਜਾਬ ਦੀ ਤਰੱਕੀ ਲਈ ਵਚਨਬੱਧ ਹੈ ਜਦਕਿ ਪਿਛਲੀਆਂ ਸਰਕਾਰਾਂ ਨੇ ਆਪਣੇ ਨਿੱਜੀ ਹਿੱਤਾਂ ਨੂੰ ਪਹਿਲ ਦਿੱਤੀ ਸੀ। ਮੁੱਖ ਮੰਤਰੀ ਨੇ ਕਿਹਾ, ਪੰਜਾਬ ਨੇ ਅਜਿਹੀਆਂ ਸਰਕਾਰਾਂ ਦੇਖੀਆਂ ਹਨ ਜੋ ਆਪਣੇ ਹਿੱਤਾਂ ਦੀ ਪੂਰਤੀ ਵਿੱਚ ਮਸਰੂਫ਼ ਰਹੀਆਂ ਸਨ। ਅਸੀਂ ਲੋਕ ਸੇਵਾ ਨੂੰ ਹੀ ਆਪਣਾ ਇੱਕੋ-ਇੱਕ ਮਿਸ਼ਨ ਬਣਾਇਆ ਹੈ। ਸਾਡੀ ਵਚਨਬੱਧਤਾ ਪੰਜਾਬ ਦੀ ਤਰੱਕੀ ਲਈ ਹੈ ਅਤੇ ਅਸੀਂ ਕਿਸਾਨਾਂ ਅਤੇ ਸਮਾਜ ਦੇ ਹਰ ਵਰਗ ਦੇ ਜੀਵਨ ਨੂੰ ਬਿਹਤਰ ਬਣਾਉਣ ਲਈ ਕੰਮ ਕਰਨਾ ਜਾਰੀ ਰੱਖਾਂਗੇ।

ਮੁੱਖ ਮੰਤਰੀ ਨੇ ਜ਼ਿਕਰ ਕੀਤਾ, ਸਰਕਾਰੀ ਸਕੀਮਾਂ ਹਰ ਪਰਿਵਾਰ ਨੂੰ ਹਰ ਮਹੀਨੇ ਲਗਭਗ 15,000 ਰੁਪਏ ਬਚਾਉਣ ਵਿੱਚ ਮਦਦ ਕਰ ਰਹੀਆਂ ਹਨ। ਇਹ ਘਰੇਲੂ ਬਜਟ ਲਈ ਅਸਲ ਰਾਹਤ ਹੈ ਅਤੇ ਆਮ ਲੋਕਾਂ ਦੇ ਹੱਥਾਂ ਵਿੱਚ ਵਧੇਰੇ ਪੈਸਾ ਦਿੰਦੀ ਹੈ। ਅਸੀਂ ਇਹ ਵੀ ਯਕੀਨੀ ਬਣਾਇਆ ਹੈ ਕਿ ਕਿਸਾਨਾਂ ਨੂੰ ਮੰਡੀ ਤੋਂ ਘਰ ਪਹੁੰਚਣ ਤੋਂ ਪਹਿਲਾਂ ਹੀ ਉਨ੍ਹਾਂ ਦੇ ਝੋਨੇ ਦੀ ਅਦਾਇਗੀ ਸਿੱਧੀ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਮਿਲ ਜਾਵੇ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਵਿੱਤੀ ਬੇਯਕੀਨੀ ਤੋਂ ਬਚਾਉਣ ਅਤੇ ਉਨ੍ਹਾਂ ਦੀ ਸਖ਼ਤ ਮਿਹਨਤ ਦਾ ਮੁੱਲ ਯਕੀਨੀ ਬਣਾਉਣ ਲਈ ਸਮੇਂ ਸਿਰ ਅਦਾਇਗੀ ਬਹੁਤ ਜ਼ਰੂਰੀ ਹੈ।ਸਿਆਸੀ ਵਿਰੋਧੀਆਂ ’ਤੇ ਹਮਲਾ ਬੋਲਦਿਆਂ ਉਨ੍ਹਾਂ ਕਿਹਾ ਕਿ ਜੋ ਲੋਕ ਕਾਰਗੁਜ਼ਾਰੀ ਦੇ ਆਧਾਰ ’ਤੇ ਉਨ੍ਹਾਂ ਦੀ ਸਰਕਾਰ ਨੂੰ ਚੁਣੌਤੀ ਦੇਣ ਵਿੱਚ ਅਸਮਰੱਥ ਹਨ, ਉਹ ਨਿੱਜੀ ਹਮਲਿਆਂ ਅਤੇ ਉਨ੍ਹਾਂ ਦੇ ਅਕਸ ਨੂੰ ਖਰਾਬ ਕਰਨ ਦੀਆਂ ਕੋਸ਼ਿਸ਼ਾਂ ਦਾ ਸਹਾਰਾ ਲੈ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ, ਜਦੋਂ ਉਹ ਮੇਰੇ ਕੰਮ ਵਿੱਚ ਕੋਈ ਕਮੀ ਨਹੀਂ ਲੱਭ ਸਕਦੇ ਜਾਂ ਮੇਰੀ ਇਮਾਨਦਾਰੀ ਨੂੰ ਚੁਣੌਤੀ ਨਹੀਂ ਦੇ ਸਕਦੇ ਤਾਂ ਉਹ ਮੈਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰਦੇ ਹਨ। ਮੇਰੀ ਇਮਾਨਦਾਰੀ ਉਨ੍ਹਾਂ ਲੋਕਾਂ ਲਈ ਸਮੱਸਿਆ ਬਣ ਗਈ ਹੈ, ਜੋ ਸੁਆਰਥੀ ਰਾਜਨੀਤੀ ਦੇ ਆਦੀ ਹਨ। ਪਰ ਪੰਜਾਬ ਦੇ ਲੋਕ ਸੱਚ ਜਾਣਦੇ ਹਨ ਅਤੇ ਕੋਈ ਵੀ ਸਿਆਸੀ ਪ੍ਰਚਾਰ ਸਾਡੇ ਵੱਲੋਂ ਉਨ੍ਹਾਂ ਲਈ ਕੀਤੇ ਗਏ ਕੰਮਾਂ ਨੂੰ ਮਿਟਾ ਨਹੀਂ ਸਕਦਾ।

ਆਪਣੇ ਦਫ਼ਤਰ ’ਤੇ ਸੀ.ਬੀ.ਆਈ. ਦੇ ਛਾਪੇ ਦਾ ਹਵਾਲਾ ਦਿੰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਭਾਜਪਾ ਸੋਚਦੀ ਸੀ ਕਿ ਛਾਪੇਮਾਰੀ ਅਤੇ ਦਬਾਅ ਮੈਨੂੰ ਡਰਾ ਦੇਣਗੇ, ਪਰ ਮੇਰੇ ਦਫ਼ਤਰ ’ਤੇ ਛਾਪੇਮਾਰੀ ਤੋਂ ਬਾਅਦ ਸੀ.ਬੀ.ਆਈ. ਖਾਲੀ ਹੱਥ ਪਰਤੀ। ਮੈਂ ਪੰਜਾਬ ਅਤੇ ਇਸ ਦੇ ਲੋਕਾਂ ਦੇ ਹਿੱਤਾਂ ਨਾਲ ਕਦੇ ਸਮਝੌਤਾ ਨਹੀਂ ਕਰਾਂਗਾ। ਮੇਰੀ ਤਾਕਤ ਲੋਕਾਂ ਦੇ ਵਿਸ਼ਵਾਸ ਤੋਂ ਆਉਂਦੀ ਹੈ, ਅਤੇ ਮੈਂ ਇਮਾਨਦਾਰੀ ਅਤੇ ਦ੍ਰਿੜਤਾ ਨਾਲ ਉਨ੍ਹਾਂ ਦੀ ਸੇਵਾ ਕਰਨਾ ਜਾਰੀ ਰੱਖਾਂਗਾ।

ਮੁੱਖ ਮੰਤਰੀ ਨੇ ਕਿਹਾ ਕਿ ਚੁਣੇ ਹੋਏ ਨੁਮਾਇੰਦਿਆਂ ਨੂੰ ਆਪਣੇ ਆਪ ਨੂੰ ਦਫ਼ਤਰਾਂ ਅਤੇ ਰਸਮੀ ਮੀਟਿੰਗਾਂ ਤੱਕ ਸੀਮਤ ਰੱਖਣ ਦੀ ਬਜਾਏ ਲੋਕਾਂ ਦੀ ਪਹੁੰਚ ਵਿੱਚ ਰਹਿਣਾ ਚਾਹੀਦਾ ਹੈ। ਉਨ੍ਹਾਂ ਨੇ ਦੁਹਰਾਇਆ ਕਿ ਉਨ੍ਹਾਂ ਦੀ ਰਿਹਾਇਸ਼ ਦੇ ਦਰਵਾਜ਼ੇ ਪੰਜਾਬ ਦੇ ਲੋਕਾਂ ਲਈ ਹਮੇਸ਼ਾ ਖੁੱਲ੍ਹੇ ਰਹੇ ਹਨ ਅਤੇ ਭਵਿੱਖ ਵਿੱਚ ਵੀ ਖੁੱਲ੍ਹੇ ਰਹਿਣਗੇ। ਮੁੱਖ ਮੰਤਰੀ ਨੇ ਕਿਹਾ, ਪੰਜਾਬ ਦੇ ਲੋਕ ਮੇਰੇ ਲਈ ਬਾਹਰੀ ਨਹੀਂ ਹਨ; ਉਹ ਮੇਰਾ ਆਪਣਾ ਪਰਿਵਾਰ ਹਨ। ਮੇਰੇ ਦਰਵਾਜ਼ੇ ਉਨ੍ਹਾਂ ਲਈ ਹਮੇਸ਼ਾ ਖੁੱਲ੍ਹੇ ਰਹੇ ਹਨ ਅਤੇ ਹਮੇਸ਼ਾ ਖੁੱਲ੍ਹੇ ਰਹਿਣਗੇ। ਜਨਤਕ ਅਹੁਦਾ ਸੰਭਾਲਣ ਦਾ ਅਸਲ ਮਕਸਦ ਲੋਕਾਂ ਦੀਆਂ ਸ਼ਿਕਾਇਤਾਂ ਸੁਣਨਾ, ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸਮਝਣਾ ਅਤੇ ਹੱਲ ਲੱਭਣ ਲਈ ਕੰਮ ਕਰਨਾ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦੁਹਰਾਇਆ ਕਿ ਉਨ੍ਹਾਂ ਦੀ ਸਰਕਾਰ ਪੰਜਾਬੀਆਂ ਦੀਆਂ ਆਸਾਂ ਨੂੰ ਪੂਰਾ ਕਰਨ ਲਈ ਸਮਰਪਣ, ਪਾਰਦਰਸ਼ਤਾ ਅਤੇ ਜਵਾਬਦੇਹੀ ਨਾਲ ਕੰਮ ਕਰਨਾ ਜਾਰੀ ਰੱਖੇਗੀ। ਉਨ੍ਹਾਂ ਕਿਹਾ ਕਿ ਹੁਣ ਤੱਕ ਹੋਏ ਵਿਕਾਸ ਤੇ ਤਰੱਕੀ ਇੱਕ ਖੁਸ਼ਹਾਲ, ਆਤਮ-ਨਿਰਭਰ ਅਤੇ ਵਿਕਸਿਤ ਪੰਜਾਬ ਦੇ ਨਿਰਮਾਣ ਵੱਲ ਵੱਡਾ ਕਦਮ ਹੈ, ਜਿੱਥੇ ਸਮਾਜ ਦਾ ਹਰ ਵਰਗ ਮਾਣ ਅਤੇ ਵਿਸ਼ਵਾਸ ਨਾਲ ਜੀ ਸਕਦਾ ਹੈ। ਉਨ੍ਹਾਂ ਕਿਹਾ, ਪੰਜਾਬ ਦੇ ਲੋਕ ਆਖਰਕਾਰ ਹਰ ਸਿਆਸੀ ਪਾਰਟੀ ਦੀ ਪੜਚੋਲ ਉਸ ਦੇ ਜਨਤਕ ਸੇਵਾ ਦੇ ਰਿਕਾਰਡ ਤੋਂ ਕਰਨਗੇ। ਅਸੀਂ ਖੋਖਲੇ ਦਾਅਵਿਆਂ ਦੀ ਬਜਾਏ ਠੋਸ ਨਤੀਜਿਆਂ, ਪਾਰਦਰਸ਼ਤਾ ਅਤੇ ਜਵਾਬਦੇਹੀ ’ਤੇ ਧਿਆਨ ਕੇਂਦਰਿਤ ਕਰਨਾ ਜਾਰੀ ਰੱਖਾਂਗੇ। ਸਾਡੀ ਵਚਨਬੱਧਤਾ ਇੱਕ ਖੁਸ਼ਹਾਲ ਪੰਜਾਬ ਬਣਾਉਣ ਦੀ ਹੈ ਜਿੱਥੇ ਹਰ ਵਿਅਕਤੀ ਮਾਣ ਅਤੇ ਵਿਸ਼ਵਾਸ ਨਾਲ ਰਹਿ ਸਕੇ।

ਪਟਿਆਲਾ ਵਿਖੇ 14-16 ਅਕਤੂਬਰ ਨੂੰ ਹੋਵੇਗੀ ਅਸਮਿਤਾ ਮਹਿਲਾ ਸਾਈਕਲਿੰਗ ਜ਼ੋਨਲ ਟਰੈਕ ਲੀਗ

ਪਟਿਆਲਾ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਸਾਈਕਲਿੰਗ ਐਸੋਸੀਏਸ਼ਨ ਆਫ਼ ਪੰਜਾਬ ਵੱਲੋਂ ਸਾਈਕਲਿੰਗ ਫੈਡਰੇਸ਼ਨ ਆਫ਼ ਇੰਡੀਆ ਦੇ ਸਹਿਯੋਗ ਨਾਲ 14 ਅਤੇ 16 ਅਕਤੂਬਰ, 2026 ਨੂੰ ਐੱਨ.ਐੱਸ.ਐੱਨ.ਆਈ.ਐੱਸ. ਵੈਲੋਡਰੋਮ, ਪਟਿਆਲਾ ਵਿਖੇ ਅਸਮਿਤਾ ਮਹਿਲਾ ਸਾਈਕਲਿੰਗ ਜ਼ੋਨਲ ਟਰੈਕ ਲੀਗ ਕਰਵਾਈ ਜਾਵੇਗੀ। ਇਸ ਦੋ ਰੋਜ਼ਾ ਮੁਕਾਬਲੇ ਵਿੱਚ ਸਬ-ਜੂਨੀਅਰ/ਯੂਥ ਲੜਕੀਆਂ, ਜੂਨੀਅਰ ਲੜਕੀਆਂ ਅਤੇ ਐਲੀਟ ਮਹਿਲਾਵਾਂ ਦੇ ਵਰਗਾਂ ਵਿੱਚ ਵੱਖ-ਵੱਖ ਮੁਕਾਬਲੇ ਹੋਣਗੇ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸਾਈਕਲਿੰਗ ਐਸੋਸੀਏਸ਼ਨ ਆਫ਼ ਪੰਜਾਬ ਦੇ ਪ੍ਰਧਾਨ ਚਰਨਜੀਤ ਸਿੰਘ ਧਾਲੀਵਾਲ ਨੇ ਕਿਹਾ ਕਿ ਇਹ ਲੀਗ ਮਹਿਲਾ ਸਾਈਕਲਿਸਟਾਂ ਨੂੰ ਆਪਣੀ ਕਾਬਲੀਅਤ ਦਾ ਪ੍ਰਦਰਸ਼ਨ ਕਰਨ, ਮੁਕਾਬਲਿਆਂ ਦਾ ਤਜਰਬਾ ਹਾਸਲ ਕਰਨ ਅਤੇ ਆਤਮ-ਵਿਸ਼ਵਾਸ ਵਧਾਉਣ ਦਾ ਅਹਿਮ ਮੌਕਾ ਪ੍ਰਦਾਨ ਕਰੇਗੀ। ਉਨ੍ਹਾਂ ਕਿਹਾ ਕਿ ਖੇਲੋ ਇੰਡੀਆ ਤਹਿਤ ਅਸਮਿਤਾ ਪਹਿਲਕਦਮੀ ਦਾ ਉਦੇਸ਼ ਮਹਿਲਾਵਾਂ ਅਤੇ ਲੜਕੀਆਂ ਨੂੰ ਖੇਡਾਂ ਵਿੱਚ ਹਿੱਸਾ ਲੈਣ ਅਤੇ ਆਪਣੇ ਖੇਡ ਸੁਪਨਿਆਂ ਨੂੰ ਸਾਕਾਰ ਕਰਨ ਲਈ ਉਤਸ਼ਾਹਿਤ ਕਰਨਾ ਹੈ।

ਮੁਕਾਬਲਿਆਂ ਦੇ ਵੇਰਵੇ ਸਾਂਝੇ ਕਰਦਿਆਂ ਸਾਈਕਲਿੰਗ ਐਸੋਸੀਏਸ਼ਨ ਆਫ਼ ਪੰਜਾਬ ਦੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਪਹਿਲੇ ਦਿਨ, 14 ਅਕਤੂਬਰ ਨੂੰ ਤਿੰਨਾਂ ਵਰਗਾਂ ਵਿੱਚ 200 ਮੀਟਰ ਟਾਈਮ ਟਰਾਇਲ ਮੁਕਾਬਲੇ ਹੋਣਗੇ। ਸਪ੍ਰਿੰਟ ਮੁਕਾਬਲਿਆਂ ਦੀ ਦੂਰੀ ਸਬ-ਜੂਨੀਅਰ/ਯੂਥ ਲੜਕੀਆਂ ਲਈ 500 ਮੀਟਰ ਅਤੇ ਜੂਨੀਅਰ ਲੜਕੀਆਂ ਤੇ ਐਲੀਟ ਮਹਿਲਾਵਾਂ ਲਈ 1,000-1,000 ਮੀਟਰ ਹੋਵੇਗੀ।

ਉਨ੍ਹਾਂ ਦੱਸਿਆ ਕਿ ਪਹਿਲੇ ਦਿਨ ਵਿਅਕਤੀਗਤ ਪਰਸੂਟ ਮੁਕਾਬਲਿਆਂ ਵਿੱਚ ਸਬ-ਜੂਨੀਅਰ/ਯੂਥ ਲੜਕੀਆਂ ਲਈ 2,000 ਮੀਟਰ, ਜੂਨੀਅਰ ਲੜਕੀਆਂ ਲਈ 3,000 ਮੀਟਰ ਅਤੇ ਐਲੀਟ ਮਹਿਲਾਵਾਂ ਲਈ 4,000 ਮੀਟਰ ਦੀ ਦੂਰੀ ਨਿਰਧਾਰਤ ਕੀਤੀ ਗਈ ਹੈ। ਇਨ੍ਹਾਂ ਮੁਕਾਬਲਿਆਂ ਤੋਂ ਬਾਅਦ ਤਮਗਾ ਵੰਡ ਸਮਾਰੋਹ ਹੋਵੇਗਾ।

16 ਅਕਤੂਬਰ ਨੂੰ ਤਿੰਨਾਂ ਵਰਗਾਂ ਦੀਆਂ ਸਾਈਕਲਿਸਟਾਂ ਪੰਜ ਲੈਪਾਂ ਦੇ ਕੇਰਿਨ ਮੁਕਾਬਲਿਆਂ ਵਿੱਚ ਹਿੱਸਾ ਲੈਣਗੀਆਂ। ਸਕ੍ਰੈਚ ਰੇਸ ਦੀ ਦੂਰੀ ਸਬ-ਜੂਨੀਅਰ/ਯੂਥ ਲੜਕੀਆਂ ਲਈ 5 ਕਿਲੋਮੀਟਰ, ਜੂਨੀਅਰ ਲੜਕੀਆਂ ਲਈ 7.5 ਕਿਲੋਮੀਟਰ ਅਤੇ ਐਲੀਟ ਮਹਿਲਾਵਾਂ ਲਈ 10 ਕਿਲੋਮੀਟਰ ਹੋਵੇਗੀ। ਦੂਜੇ ਦਿਨ ਵੀ ਤਮਗਾ ਵੰਡ ਸਮਾਰੋਹ ਕਰਵਾਇਆ ਜਾਵੇਗਾ।

ਜਗਦੀਪ ਸਿੰਘ ਕਾਹਲੋਂ ਨੇ ਕਿਹਾ, ਇਸ ਪ੍ਰੋਗਰਾਮ ਵਿੱਚ ਅਜਿਹੇ ਮੁਕਾਬਲੇ ਸ਼ਾਮਲ ਹਨ, ਜੋ ਖਿਡਾਰਨਾਂ ਦੀ ਰਫ਼ਤਾਰ, ਸਹਿਣਸ਼ਕਤੀ, ਰੇਸ ਰਣਨੀਤੀ ਅਤੇ ਤਕਨੀਕੀ ਮੁਹਾਰਤ ਦੀ ਪਰਖ ਕਰਨਗੇ। ਇਹ ਲੀਗ ਮਹਿਲਾ ਸਾਈਕਲਿਸਟਾਂ ਨੂੰ ਮੁਕਾਬਲਿਆਂ ਦਾ ਅਹਿਮ ਤਜਰਬਾ ਹਾਸਲ ਕਰਨ ਅਤੇ ਟਰੈਕ ਸਾਈਕਲਿੰਗ ਦੇ ਵੱਖ-ਵੱਖ ਮੁਕਾਬਲਿਆਂ ਵਿੱਚ ਆਪਣੀ ਪ੍ਰਗਤੀ ਦਾ ਮੁਲਾਂਕਣ ਕਰਨ ਦਾ ਮੌਕਾ ਦੇਵੇਗੀ।

ਉਨ੍ਹਾਂ ਅੱਗੇ ਕਿਹਾ ਕਿ ਸਾਈਕਲਿੰਗ ਐਸੋਸੀਏਸ਼ਨ ਆਫ਼ ਪੰਜਾਬ ਮਹਿਲਾ ਸਾਈਕਲਿੰਗ ਨੂੰ ਉਤਸ਼ਾਹਿਤ ਕਰਨ ਅਤੇ ਪਰਿਵਾਰਾਂ, ਕੋਚਾਂ ਤੇ ਖੇਡ ਸੰਸਥਾਵਾਂ ਨੂੰ ਉਭਰ ਰਹੀਆਂ ਖਿਡਾਰਨਾਂ ਦੀ ਮਦਦ ਲਈ ਪ੍ਰੇਰਿਤ ਕਰਨ ਵਾਸਤੇ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਵੱਖ-ਵੱਖ ਵਰਗਾਂ ਦੇ ਮੁਕਾਬਲੇ ਛੋਟੀ ਉਮਰ ਦੀਆਂ ਸਾਈਕਲਿਸਟਾਂ ਨੂੰ ਮੁਕਾਬਲਿਆਂ ਦਾ ਤਜਰਬਾ ਪ੍ਰਦਾਨ ਕਰਨਗੇ ਅਤੇ ਤਜਰਬੇਕਾਰ ਖਿਡਾਰਨਾਂ ਨੂੰ ਆਪਣੀ ਕਾਰਗੁਜ਼ਾਰੀ ਪਰਖਣ ਦਾ ਮੌਕਾ ਵੀ ਦੇਣਗੇ।

ਉਨ੍ਹਾਂ ਅੱਗੇ ਕਿਹਾ ਕਿ ਲੀਗ ਦੌਰਾਨ ਸਾਈਕਲਿਸਟਾਂ ਅਤੇ ਕੋਚਾਂ ਨੂੰ ਆਪਣੇ ਤਜਰਬੇ ਸਾਂਝੇ ਕਰਨ ਦਾ ਮੌਕਾ ਵੀ ਮਿਲੇਗਾ ਅਤੇ ਸਿਹਤਮੰਦ ਮੁਕਾਬਲੇ ਦੀ ਭਾਵਨਾ ਨੂੰ ਉਤਸ਼ਾਹ ਮਿਲੇਗਾ। ਉਨ੍ਹਾਂ ਭਾਗ ਲੈਣ ਵਾਲੀਆਂ ਖਿਡਾਰਨਾਂ ਨੂੰ ਖੇਡ ਭਾਵਨਾ ਬਣਾਈ ਰੱਖਣ, ਮੁਕਾਬਲਿਆਂ ਦੇ ਨਿਯਮਾਂ ਦੀ ਪਾਲਣਾ ਕਰਨ ਅਤੇ ਸਮਾਗਮ ਦੇ ਸਫ਼ਲ ਆਯੋਜਨ ਵਿੱਚ ਯੋਗਦਾਨ ਪਾਉਣ ਦੀ ਅਪੀਲ ਕੀਤੀ।

ਚਰਨਜੀਤ ਸਿੰਘ ਧਾਲੀਵਾਲ ਅਤੇ ਜਗਦੀਪ ਸਿੰਘ ਕਾਹਲੋਂ ਨੇ ਸਾਂਝੇ ਤੌਰ ’ਤੇ ਖੇਡ ਪ੍ਰੇਮੀਆਂ, ਮਾਪਿਆਂ ਅਤੇ ਨੌਜਵਾਨਾਂ ਨੂੰ ਮੁਕਾਬਲਿਆਂ ਵਿੱਚ ਹਿੱਸਾ ਲੈਣ ਵਾਲੀਆਂ ਸਾਈਕਲਿਸਟਾਂ ਦਾ ਹੌਸਲਾ ਵਧਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਮਹਿਲਾ ਖੇਡਾਂ ਨੂੰ ਵੱਧ ਉਤਸ਼ਾਹ ਦੇਣ ਨਾਲ ਹੋਰ ਪ੍ਰਤਿਭਾਸ਼ਾਲੀ ਖਿਡਾਰਨਾਂ ਸਾਹਮਣੇ ਆਉਣਗੀਆਂ ਅਤੇ ਵੱਧ ਤੋਂ ਵੱਧ ਲੜਕੀਆਂ ਸਾਈਕਲਿੰਗ ਅਪਣਾਉਣ ਲਈ ਪ੍ਰੇਰਿਤ ਹੋਣਗੀਆਂ।

ਬਲਤੇਜ ਸਿੰਘ ਪੰਨੂ ਨੇ ਸੀਬੀਐਸਈ ਨੈਸ਼ਨਲ ਅਥਲੈਟਿਕਸ ਮੀਟ ਦਾ ਕੈਲੰਡਰ ਕੀਤਾ ਜਾਰੀ

ਪਟਿਆਲਾ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਤਾਇਕਵਾਡੋਂ ਕੋਚ ਸਤਵਿੰਦਰ ਸਿੰਘ ਨੇ ਦੱਸਿਆ ਕਿ ਪਟਿਆਲਾ ਵਿਖੇ ਸੁਸ਼ੀਲਾ ਦੇਵੀ ਪਬਲਿਕ ਸਕੂਲ ਵੱਲੋਂ 15 ਤੋਂ 20 ਅਕਤੂਬਰ ਨੂੰ ਸੀਬੀਐਸਈ ਨੈਸ਼ਨਲ ਅਥਲੈਟਿਕ ਮੀਟ ਪ੍ਰਿੰਸੀਪਲ ਰੇਖਾ ਗੁਪਤਾ ਦੀ ਯੋਗ ਅਗਵਾਈ ਹੇਠਾ ਕਰਵਾਈ ਜਾ ਰਹੀ ਹੈ।ਪ੍ਰਿੰਸੀਪਲ ਰੇਖਾ ਗੁਪਤਾ ਨੇ ਦੱਸਿਆ ਕਿ ਅੱਜ ਆਮ ਆਦਮੀ ਪਾਰਟੀ ਦੇ ਸੂਬਾ ਜਨਰਲ ਸਕੱਤਰ ਅਤੇ ਮੀਡੀਆ ਇੰਚਾਰਜ ਬਲਤੇਜ ਸਿੰਘ ਪੰਨੂ ਨੇ ਸੀਬੀਐਸਈ ਨੈਸ਼ਨਲ ਅਥਲੈਟਿਕ ਮੀਟ ਦਾ ਕੈਲੰਡਰ ਜਾਰੀ ਕੀਤਾ।

ਉਹਨਾਂ ਨੇ ਸਕੂਲ ਮੈਨੇਜਮੈਂਟ,ਪ੍ਰਿੰਸੀਪਲ ਰੇਖਾ ਗੁਪਤਾ,ਕੋਚ ਸਤਵਿੰਦਰ ਸਿੰਘ ਤੇ ਸਮੂਹ ਸਟਾਫ਼ ਨੂੰ ਵਧਾਈ ਵੀ ਦਿੱਤੀ।ਉਹਨਾਂ ਨੇ ਕਿਹਾ ਕਿ ਇਹ ਤੁਹਾਡੀ ਮਿਹਨਤ ਰੰਗ ਲਿਆਈ ਹੈ,ਇਸ ਈਵੈਂਟ ਦੇ ਨਾਲ ਪੰਜਾਬ ਖੇਡਾਂ ਵਿੱਚ ਇੱਕ ਨਵਾਂ ਇਤਿਹਾਸ ਦਾ ਪੰਨਾ ਜੁੜੇਗਾ।

ਦੁੱਧਨਸਾਧਾਂ ਵਿਖੇ ਸਾਬਕਾ ਸੈਨਿਕਾਂ ਦੀਆਂ ਸ਼ਿਕਾਇਤਾਂ ਦੇ ਨਿਵਾਰਣ ਲਈ ਵਿਸ਼ੇਸ਼ ਕੈਂਪ ਲਗਾਇਆ

ਪਟਿਆਲਾ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਕੈਬਨਿਟ ਮੰਤਰੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਪੰਜਾਬ ਸ੍ਰੀ ਮੋਹਿੰਦਰ ਭਗਤ ਵਲੋਂ ਜਾਰੀ ਹੋਏ ਹੁਕਮਾਂ ਦੀ ਪਾਲਣਾ ਕਰਦੇ ਹੋਏ ਅਤੇ ਡਿਪਟੀ ਕਮਿਸ਼ਨਰ ਪਟਿਆਲਾ ਵਲੋਂ ਜਾਰੀ ਹੋਏ ਆਦੇਸ਼ਾਂ ਅਨੁਸਾਰ ਸਾਬਕਾ ਸੈਨਿਕਾਂ ਦੀਆਂ ਸ਼ਿਕਾਇਤਾਂ ਦੇ ਨਿਵਾਰਣ ਲਈ ਉਪ-ਮੰਡਲ ਮੈਜਿਸਟ੍ਰੇਟ ਦੁੱਧਨਸਾਧਾਂ ਮੇਜਰ ਹਰਜੋਤ ਕੋਰ, ਪੀ.ਸੀ.ਐਸ ਜੀ ਪ੍ਰਧਾਨਗੀ ਹੇਠ ਕੈਂਪ ਲਗਾਇਆ ਗਿਆ। ਕੈਂਪ ਦਾ ਆਗਾਜ ਕਮਾਂਡਰ ਬਲਜਿੰਦਰ ਵਿਰਕ (ਰਿਟਾ.) ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ ਪਟਿਆਲਾ ਵਲੋਂ ਮੁੱਖ ਮਹਿਮਾਨ ਸੁਆਗਤ ਕਰਨ ਉਪਰੰਤ ਉਨ੍ਹਾਂ ਵਲੋਂ ਸ਼ਹੀਦ ਸੈਨਿਕਾਂ, ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਲਈ ਕੇਂਦਰੀ ਸੈਨਿਕ ਬੋਰਡ ਅਤੇ ਪੰਜਾਬ ਸਰਕਾਰ ਵਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਭਲਾਈ ਸਕੀਮਾਂ ਬਾਰੇ ਵਿਸਥਾਰ-ਪੂਰਵਕ ਜਾਣਕਾਰੀ ਦਿੱਤੀ ਗਈ। ਉਨ੍ਹਾਂ ਨੇ ਹਾਲ ਵਿੱਚ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਵਲੋਂ ਵੱਖ-ਵੱਖ ਭਲਾਈ ਸਕੀਮਾਂ ਵਿੱਚ ਕੀਤੇ ਗਏ ਵਾਧੇ ਦੀ ਵੀ ਜਾਣਕਾਰੀ ਦਿੱਤੀ।

ਇਸ ਉਪਰੰਤ ਮਾਣਯੋਗ ਉਪ ਮੰਡਲ ਮੈਜਿਸਟ੍ਰੇਟ ਦੁੱਧਨਸਾਧਾਂ ਜੀ ਵਲੋਂ ਕੈਂਪ ਵਿੱਚ ਹਾਜ਼ਰ ਸਾਬਕਾ ਸੈਨਿਕਾਂ ਨੂੰ ਜੀ ਆਇਆ ਉਨ੍ਹਾਂ ਆਖਦੇ ਹੋਏ ਵਿਸ਼ਵਾਸ ਦੁਆਇਆ ਕਿ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਦਰਪੇਸ਼ ਮਸ਼ਕਿਲਾਂ ਦਾ ਹੱਲ ਪਹਿਲ ਦੇ ਆਧਾਰ ਤੇ ਕੀਤਾ ਜਾਵੇਗਾ। ਇਸ ਕੈਂਪ ਵਿੱਚ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ (ਡਾ.) ਮੇਜਰ ਯੋਗੇਸ਼ ਨੇ ਸਾਬਕਾ ਸੈਨਿਕਾਂ ਨੂੰ ਸਿਹਤ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਕੈਂਪ ਦੇ ਆਖੀਰ ਵਿੱਚ ਦੁੱਧਨਸਾਧਾਂ ਤਹਿਸੀਲ ਨਾਲ ਸਬੰਧਿਤ 04 ਸ਼ਹੀਦ ਸੈਨਿਕ ਪਰਿਵਾਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਅਤੇ ਇਸ ਮੌਕੇ ਤੇ ਝੰਡਾ ਦਿਵਸ ਫੰਡ ਵਿਚੋਂ 02 ਲਾਭਪਾਤਰੀਆਂ ਨੂੰ ਮਾਲੀ ਸਹਾਇਤਾ ਦੇ ਚੈੱਕ ਵੀ ਪ੍ਰਦਾਨ ਕੀਤੇ ਗਏ। ਇਸ ਮੀਟਿੰਗ ਵਿੱਚ ਕਮਾਂਡਰ ਬਲਜਿੰਦਰ ਵਿਰਕ (ਰਿਟਾ.) ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ ਪਟਿਆਲਾ, ਡਾ. ਵਿਕਰਾਂਤ ਕਾਂਸਲ ਮੈਂਬਰ ਜ਼ਿਲ੍ਹਾ ਸੈਨਿਕ ਬੋਰਡ, ਉਨ੍ਹਾਂ ਆਖਦੇ ਹੋਏ ਵਿਸ਼ਵਾਸ ਦੁਆਇਆ ਕਿ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਦਰਪੇਸ਼ ਮਸ਼ਕਿਲਾਂ ਦਾ ਹੱਲ ਪਹਿਲ ਦੇ ਆਧਾਰ ਤੇ ਕੀਤਾ ਜਾਵੇਗਾ। ਇਸ ਕੈਂਪ ਵਿੱਚ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ (ਡਾ.) ਮੇਜਰ ਯੋਗੇਸ਼ ਨੇ ਸਾਬਕਾ ਸੈਨਿਕਾਂ ਨੂੰ ਸਿਹਤ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਕੈਂਪ ਦੇ ਆਖੀਰ ਵਿੱਚ ਦੁੱਧਨਸਾਧਾਂ ਤਹਿਸੀਲ ਨਾਲ ਸਬੰਧਿਤ 04 ਸ਼ਹੀਦ ਸੈਨਿਕ ਪਰਿਵਾਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਅਤੇ ਇਸ ਮੌਕੇ ਤੇ ਝੰਡਾ ਦਿਵਸ ਨੁਮਾਇੰਦਾ ਤੀਹਿਸੀਲਦਾਰ ਦਫਤਰ ਅਤੇ ਦਫਤਰ ਦੇ ਸਟਾਫ ਮੈਂਬਰ ਹਾਜ਼ਰ ਹੋਏ ਸਨ।

ਸਰਕਾਰੀ ਮਕਾਨਾਂ ਦੀਆਂ ਸ਼ਿਕਾਇਤਾਂ ਦੇ ਨਿਵਾਰਣ ਲਈ ਇੰਜੀਨੀਅਰਿੰਗ ਵਿਭਾਗ ਦੀ ਔਨਲਾਇਨ ਸੁਵਿਧਾ

ਧੂਰੀ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਚੰਡੀਗੜ੍ਹ ਪ੍ਰਸ਼ਾਸਨ ਦਾ ਇੰਜੀਨੀਅਰਿੰਗ ਵਿਭਾਗ ਸਰਕਾਰੀ ਮਕਾਨਾਂ ਦੀ ਮੁਰੰਮਤ, ਨਵੀਨੀਕਰਣ ਅਤੇ ਰੱਖ-ਰਖਾਅ ਨਾਲ ਸਬੰਧਿਤ ਸ਼ਿਕਾਇਤਾਂ ਦਰਜ ਕਰਨ ਲਈ ਈ-ਆਵਾਸ ਪੋਰਟਲ ਦੇ ਜ਼ਰੀਏ ਔਨਲਾਇਨ ਸੁਵਿਧਾ ਪ੍ਰਦਾਨ ਕਰ ਰਿਹਾ ਹੈ। ਇਸ ਸੁਵਿਧਾ ਦਾ ਉਦੇਸ਼ ਲੋਕ ਸੇਵਾਵਾਂ ਨੂੰ ਸਰਲ ਅਤੇ ਡਿਜੀਟਲ ਬਣਾਉਣਾ, ਸ਼ਿਕਾਇਤਾਂ ਦਰਜ ਕਰਨ ਵਿੱਚ ਲਗਣ ਵਾਲਾ ਸਮਾਂ ਘੱਟ ਕਰਨਾ ਅਤੇ ਸ਼ਿਕਾਇਤਾਂ ਦੇ ਸਮਾਂਬੱਧ ਸਮਾਧਾਨ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਸੁਨਿਸ਼ਚਿਤ ਕਰਨਾ ਹੈ।

ਨਿਵਾਸੀ ’ਈ-ਆਵਾਸ ਚੰਡੀਗੜ੍ਹ’ ਵੈੱਬਸਾਇਟ ਅਤੇ ਮੋਬਾਈਲ ਐਪ ਦੇ ਜ਼ਰੀਏ ਸਿਵਲ, ਇਲੈਕਟ੍ਰੀਕਲ, ਪਬਲਿਕ ਹੈਲਥ ਅਤੇ ਬਾਗ਼ਬਾਨੀ ਸੇਵਾਵਾਂ ਨਾਲ ਸਬੰਧਿਤ ਸ਼ਿਕਾਇਤਾਂ ਦਰਜ ਕਰਵਾ ਸਕਦੇ ਹਨ। ਸ਼ਿਕਾਇਤ ਦਰਜ ਹੋਣ ’ਤੇ ਉਸ ਨੂੰ ਜ਼ਰੂਰੀ ਕਾਰਵਾਈ ਲਈ ਸਬੰਧਿਤ ਜੂਨੀਅਰ ਇੰਜੀਨੀਅਰ ਨੂੰ ਭੇਜਿਆ ਜਾਂਦਾ ਹੈ। ਇਸ ਪ੍ਰਣਾਲੀ ਦੇ ਜ਼ਰੀਏ ਸ਼ਿਕਾਇਤ ਦੀ ਸਥਿਤੀ ਅਤੇ ਵਿਭਿੰਨ ਪੱਧਰਾਂ ’ਤੇ ਅਧਿਕਾਰੀਆਂ ਵੱਲੋਂ ਕੀਤੀ ਗਈ ਕਾਰਵਾਈ ਦੀ ਨਿਗਰਾਨੀ ਕੀਤੀ ਜਾ ਸਕਦੀ ਹੈ।

ਨਿਰਧਾਰਿਤ ਸਮੇਂ ਦੇ ਅੰਦਰ ਕਾਰਵਾਈ ਨਾ ਹੋਣ ਜਾਂ ਸ਼ਿਕਾਇਤ ਦਾ ਸਮਾਧਾਨ ਨਾ ਹੋਣ ਦੀ ਸਥਿਤੀ ਵਿੱਚ ਉਸ ਨੂੰ ਉੱਚ ਅਧਿਕਾਰੀਆਂ ਤੱਕ ਪਹੁੰਚਾਉਣ ਦੀ ਵਿਵਸਥਾ ਵੀ ਲਾਗੂ ਹੈ। ਇਸ ਦੇ ਤਹਿਤ ਲੰਬਿਤ ਸ਼ਿਕਾਇਤਾਂ ਤੈਅ ਪ੍ਰਕਿਰਿਆ ਦੇ ਅਨੁਸਾਰ
ਉੱਚ ਅਧਿਕਾਰੀਆਂ ਨੂੰ ਭੇਜੀਆਂ ਜਾਂਦੀਆਂ ਹਨ, ਤਾਕਿ ਸਮੇਂ ’ਤੇ ਸਮਾਧਾਨ, ਪ੍ਰਭਾਵੀ ਨਿਗਰਾਨੀ ਅਤੇ ਸਬੰਧਿਤ ਅਧਿਕਾਰੀਆਂ ਦੀ ਜਵਾਬਦੇਹੀ ਸੁਨਿਸ਼ਚਿਤ ਕੀਤੀ ਜਾ ਸਕੇ।

ਨਿਵਾਸੀਆਂ ਦੀ ਸੁਵਿਧਾ ਲਈ ਸਰਕਾਰੀ ਮਕਾਨਾਂ ਦੀ ਮੁਰੰਮਤ, ਨਵੀਨੀਕਰਣ ਅਤੇ ਰੱਖ-ਰਖਾਅ ਨਾਲ ਸਬੰਧਿਤ ਸ਼ਿਕਾਇਤਾਂ ਨਿਮਨਲਿਖਤ ਮਾਧਿਅਮਾਂ ਨਾਲ ਦਰਜ ਕਰਵਾ ਸਕਦੇ ਹਨ:

1. ਈ-ਆਵਾਸ ਪੋਰਟਲ ਅਤੇ ਮੋਬਾਈਲ ਐਪਲੀਕੇਸ਼ਨ: ਨਿਵਾਸੀ ’ਈ-ਆਵਾਸ ਚੰਡੀਗੜ੍ਹ’ ਵੈੱਬਸਾਇਟ ’ਤੇ ਲੌਗ-ਇਨ ਕਰਕੇ ਜਾਂ ਐਂਡਰਾਇਡ ਅਤੇ ਆਈਓਐੱਸ (ਐਪਲ) ਉਪਭੋਗਤਾਵਾਂ ਲਈ ਉਪਲਬਧ ’ਈ-ਆਵਾਸ’ ਮੋਬਾਈਲ ਐਪਲੀਕੇਸ਼ਨ ਦੀ ਵਰਤੋਂ ਕਰਕੇ ਸ਼ਿਕਾਇਤਾਂ ਦਰਜ ਕਰਵਾ ਸਕਦੇ ਹਨ।

2. ਕੇਂਦਰੀਕ੍ਰਿਤ ਕੌਮਨ ਕੰਟਰੋਲ ਰੂਮ (ਸੀਸੀਸੀਆਰ): ਇੰਜੀਨੀਅਰਿੰਗ ਵਿਭਾਗ ਨਾਲ ਸਬੰਧਿਤ ਹਰ ਤਰ੍ਹਾਂ ਦੀਆਂ ਸਮੱਸਿਆਵਾਂ ਬਾਰੇ ਸ਼ਿਕਾਇਤਾਂ 0172-2742370 ਜਾਂ 9465475020 ’ਤੇ ਕਾਲ ਕਰਕੇ ਦਿਨ-ਰਾਤ (24 ਘੰਟੇ) ਦਰਜ ਕਰਵਾਈਆਂ ਜਾ ਸਕਦੀਆਂ ਹਨ।

3. ਸ਼ਿਕਾਇਤ ਬੂਥ/ਕੇਂਦਰ: ਨਿਵਾਸੀ ਜਨਤਕ ਛੁੱਟੀਆਂ ਨੂੰ ਛੱਡ ਕੇ ਕੰਮਕਾਜੀ ਦਿਨਾਂ ਦੌਰਾਨ ਸ਼ਿਕਾਇਤਾਂ ਜਮ੍ਹਾਂ ਕਰਵਾਉਣ ਲਈ ਨਿਰਧਾਰਿਤ ਸ਼ਿਕਾਇਤ ਬੂਥ/ਕੇਂਦਰ ’ਤੇ ਜਾ ਸਕਦੇ ਹਨ।

ਸ਼ਿਕਾਇਤ ਦਰਜ ਕਰਵਾਉਣ ਦੇ ਵਿਭਿੰਨ ਵਿਕਲਪਾਂ ਨਾਲ ਨਿਵਾਸੀਆਂ ਨੂੰ ਆਪਣੀ ਸੁਵਿਧਾ ਅਨੁਸਾਰ ਸ਼ਿਕਾਇਤ ਪ੍ਰਸਤੁਤ ਕਰਨ ਵਿੱਚ ਸਹਾਇਤਾ ਮਿਲਦੀ ਹੈ। ਔਨਲਾਇਨ ਪ੍ਰਣਾਲੀ ਸ਼ਿਕਾਇਤਾਂ ਅਤੇ ਸਬੰਧਿਤ ਅਧਿਕਾਰੀਆਂ ਦੁਆਰਾ ਕੀਤੀ ਗਈ ਕਾਰਵਾਈ ਦੀ ਪ੍ਰਭਾਵੀ ਨਿਗਰਾਨੀ ਨੂੰ ਸੁਗਮ ਬਣਾਉਂਦੀ ਹੈ। ਨਿਰਧਾਰਿਤ ਸਮੇਂ ਵਿੱਚ ਲੰਬਿਤ ਸ਼ਿਕਾਇਤਾਂ ਨੂੰ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਉਣ ਦੀ ਵਿਵਸਥਾ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਮਜ਼ਬੂਤ ਕਰਦੀ ਹੈ।

ਚੰਡੀਗੜ੍ਹ ਪ੍ਰਸ਼ਾਸਨ ਦਾ ਇੰਜੀਨੀਅਰਿੰਗ ਵਿਭਾਗ ਸਰਕਾਰੀ ਮਕਾਨਾਂ ਲਈ ਕੁਸ਼ਲ, ਉੱਤਰਦਾਈ ਅਤੇ ਪਾਰਦਰਸ਼ੀ ਰੱਖ-ਰਖਾਅ ਸੇਵਾਵਾਂ ਪ੍ਰਦਾਨ ਕਰਨ ਲਈ ਪ੍ਰਤੀਬੱਧ ਹੈ। ਵਿਭਾਗ ਦਾ ਵਿਸ਼ੇਸ਼ ਧਿਆਨ ਸ਼ਿਕਾਇਤਾਂ ਦੇ ਸਮਾਂਬੱਧ ਸਮਾਧਾਨ, ਸੇਵਾਵਾਂ ਵਿੱਚ ਸੁਧਾਰ ਅਤੇ ਨਿਵਾਸੀਆਂ ਦੀ ਸੁਵਿਧਾ ਵਧਾਉਣ ’ਤੇ ਹੈ।

ਨਸ਼ਾ ਮੁਕਤ ਸਮਾਜ ਲਈ ਪੁਲਿਸ ਤੇ ਲੋਕਾਂ ਦਾ ਸਹਿਯੋਗ ਜ਼ਰੂਰੀ: ਡੀ.ਆਈ.ਜੀ. ਸੰਦੀਪ ਗੋਇਲ

ਲੁਧਿਆਣਾ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਤਹਿਤ ਡੀ.ਆਈ.ਜੀ. ਲੁਧਿਆਣਾ ਰੇਂਜ ਸੰਦੀਪ ਗੋਇਲ ਨੇ ਐਸ.ਐਸ.ਪੀ. ਖੰਨਾ ਡਾ. ਦਰਪਣ ਆਹਲੂਵਾਲੀਆ ਦੇ ਨਾਲ ਪੁਲਿਸ ਸਟੇਸ਼ਨ ਸਮਰਾਲਾ ਅਧੀਨ ਪੈਂਦੇ ਹੌਟਸਪੌਟ ਪਿੰਡ ਬੌਂਦਲ ਵਿਖੇ ਜਨਤਕ ਮੀਟਿੰਗ ਕੀਤੀ। ਇਸ ਦੌਰਾਨ ਪਿੰਡ ਵਾਸੀਆਂ ਨਾਲ ਨਸ਼ਿਆਂ ਦੀ ਰੋਕਥਾਮ ਅਤੇ ਇਸ ਦੇ ਮਾੜੇ ਪ੍ਰਭਾਵਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਪੁਲਿਸ ਅਧਿਕਾਰੀਆਂ ਨੇ ਲੋਕਾਂ ਦੀਆਂ ਸਮੱਸਿਆਵਾਂ ਸੁਣਦਿਆਂ ਨਸ਼ਿਆਂ ਦੇ ਖ਼ਾਤਮੇ ਲਈ ਪੁਲਿਸ ਨੂੰ ਸਹਿਯੋਗ ਦੇਣ ਅਤੇ ਸ਼ੱਕੀ ਗਤੀਵਿਧੀਆਂ ਪ੍ਰਤੀ ਸੁਚੇਤ ਰਹਿਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਲਈ ਲੋਕਾਂ ਦੀ ਸਰਗਰਮ ਭਾਗੀਦਾਰੀ, ਪਰਿਵਾਰਕ ਸਹਿਯੋਗ ਅਤੇ ਜਨਤਕ ਜਾਗਰੂਕਤਾ ਬੇਹੱਦ ਜ਼ਰੂਰੀ ਹੈ। ਖੰਨਾ ਪੁਲਿਸ ਨੇ ਨਸ਼ਿਆਂ ਵਿਰੁੱਧ ਸਖ਼ਤ ਕਾਰਵਾਈ ਅਤੇ ਲੋਕਾਂ ਨੂੰ ਜਾਗਰੂਕ ਕਰਨ ਦੀ ਆਪਣੀ ਵਚਨਬੱਧਤਾ ਦੁਹਰਾਈ।

ਮਲੇਰਕੋਟਲਾ ਪੁਲਿਸ ਵੱਲੋਂ ਸਾਰੇ 7 ਡਰੱਗ ਹੌਟਸਪੌਟਾਂ ’ਤੇ ਸ਼ੱਕੀ ਵਿਅਕਤੀ ਰਾਊਂਡਅੱਪ

ਮਲੇਰਕੋਟਲਾ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਦੀ ਪ੍ਰਮੁੱਖ ਮੁਹਿੰਮ ‘ਯੁੱਧ ਨਸ਼ਿਆਂ ਵਿਰੁੱਧ’ ਤਹਿਤ ਮਲੇਰਕੋਟਲਾ ਪੁਲਿਸ ਵੱਲੋਂ ਸ਼ਨੀਵਾਰ ਸਵੇਰੇ 6 ਵਜੇ ਜ਼ਿਲ੍ਹੇ ਵਿੱਚ ਨਸ਼ਿਆਂ ਦੀ ਖਪਤ ਨਾਲ ਸਬੰਧਤ ਸਾਰੇ ਸੱਤ ਚਿੰਨ੍ਹਿਤ ਹੌਟਸਪੌਟਾਂ ’ਤੇ ਤਾਲਮੇਲ ਨਾਲ ਘੇਰਾਬੰਦੀ ਅਤੇ ਤਲਾਸ਼ੀ ਮੁਹਿੰਮ ਚਲਾਈ ਗਈ।

ਇਹ ਕਾਰਵਾਈ ਐੱਸਐੱਸਪੀ ਮਲੇਰਕੋਟਲਾ ਹਰਕਮਲ ਪ੍ਰੀਤ ਸਿੰਘ ਖੱਖ ਦੀ ਸਮੁੱਚੀ ਨਿਗਰਾਨੀ ਹੇਠ ਕੀਤੀ ਗਈ। ਇਸ ਵਿੱਚ ਐੱਸਪੀ (ਡੀ), ਐੱਸਪੀ (ਹੈੱਡਕੁਆਰਟਰ) ਅਤੇ ਜ਼ਿਲ੍ਹੇ ਦੀਆਂ ਵੱਖ-ਵੱਖ ਸਬ-ਡਿਵੀਜ਼ਨਾਂ ਦੇ ਡੀਐੱਸਪੀ ਰੈਂਕ ਦੇ ਅਧਿਕਾਰੀਆਂ ਨੇ ਹਿੱਸਾ ਲਿਆ। ਹਰੇਕ ਚਿੰਨ੍ਹਿਤ ਹੌਟਸਪੌਟ ਦੀ ਨਿਗਰਾਨੀ ਇੱਕ ਡੀਐੱਸਪੀ ਰੈਂਕ ਦੇ ਅਧਿਕਾਰੀ ਨੂੰ ਸੌਂਪੀ ਗਈ, ਜਦਕਿ ਸਬੰਧਤ ਥਾਣਾ ਮੁਖੀਆਂ ਅਤੇ ਪੁਲਿਸ ਟੀਮਾਂ ਵੱਲੋਂ ਤਲਾਸ਼ੀ ਅਤੇ ਤਸਦੀਕ ਦੀ ਕਾਰਵਾਈ ਕੀਤੀ ਗਈ।

ਮੁਹਿੰਮ ਦੌਰਾਨ ਤਸਦੀਕ ਲਈ ਕੁੱਲ 15 ਸ਼ੱਕੀ ਵਿਅਕਤੀਆਂ ਨੂੰ ਰਾਊਂਡਅੱਪ ਕੀਤਾ ਗਿਆ। ਇਨ੍ਹਾਂ ਵਿੱਚੋਂ 10 ਵਿਅਕਤੀ ਸਬ-ਡਿਵੀਜ਼ਨ ਮਲੇਰਕੋਟਲਾ, ਤਿੰਨ ਸਬ-ਡਿਵੀਜ਼ਨ ਅਹਿਮਦਗੜ੍ਹ ਅਤੇ ਦੋ ਜ਼ਿਲ੍ਹੇ ਦੇ ਹੋਰ ਇਲਾਕਿਆਂ ਵਿੱਚੋਂ ਰਾਊਂਡਅੱਪ ਕੀਤੇ ਗਏ।

ਨਸ਼ਿਆਂ ਵਿਰੁੱਧ ਜ਼ੀਰੋ ਟਾਲਰੈਂਸ ਨੀਤੀ ਨੂੰ ਦੁਹਰਾਉਂਦਿਆਂ ਐੱਸਐੱਸਪੀ ਹਰਕਮਲ ਪ੍ਰੀਤ ਸਿੰਘ ਖੱਖ ਨੇ ਕਿਹਾ ਕਿ ਨਸ਼ਿਆਂ ਦੀ ਖਪਤ ਨਾਲ ਸਬੰਧਤ ਸਾਰੇ ਚਿੰਨ੍ਹਿਤ ਹੌਟਸਪੌਟਾਂ ਨੂੰ ਤਰਜੀਹ ਦੇ ਆਧਾਰ ’ਤੇ ਨਸ਼ਾ-ਮੁਕਤ ਕੀਤਾ ਜਾਵੇਗਾ। ਉਨ੍ਹਾਂ ਜ਼ੋਰ ਦਿੱਤਾ ਕਿ ਉਦੇਸ਼ ਸਿਰਫ਼ ਪੁਲਿਸ ਕਾਰਵਾਈ ਤੱਕ ਸੀਮਤ ਨਹੀਂ, ਸਗੋਂ ਇਨ੍ਹਾਂ ਥਾਵਾਂ ਨੂੰ ਸਾਫ਼-ਸੁਥਰੇ, ਸੁਰੱਖਿਅਤ ਅਤੇ ਆਮ ਲੋਕਾਂ ਦੀ ਵਰਤੋਂ ਯੋਗ ਜਨਤਕ ਸਥਾਨਾਂ ਵਜੋਂ ਮੁੜ ਵਿਕਸਿਤ ਕਰਨਾ ਵੀ ਹੈ।

ਐੱਸਐੱਸਪੀ ਨੇ ਕਿਹਾ ਕਿ ਮਲੇਰਕੋਟਲਾ ਪੁਲਿਸ ਵੱਲੋਂ ਸਿਵਲ ਪ੍ਰਸ਼ਾਸਨ, ਸਥਾਨਕ ਵਸਨੀਕਾਂ ਅਤੇ ਗੈਰ-ਸਰਕਾਰੀ ਸੰਸਥਾਵਾਂ ਦੇ ਸਹਿਯੋਗ ਨਾਲ ਇਨ੍ਹਾਂ ਥਾਵਾਂ ਤੋਂ ਕੂੜਾ-ਕਰਕਟ ਅਤੇ ਬੇਲੋੜਾ ਸਮਾਨ ਹਟਾਉਣ, ਢੁਕਵੀਂ ਸਟਰੀਟ ਲਾਈਟਿੰਗ ਯਕੀਨੀ ਬਣਾਉਣ ਅਤੇ ਆਲੇ-ਦੁਆਲੇ ਦੇ ਵਾਤਾਵਰਨ ਵਿੱਚ ਲੋੜੀਂਦੇ ਸੁਧਾਰ ਕਰਨ ਲਈ ਕਦਮ ਚੁੱਕੇ ਜਾਣਗੇ।
ਉਨ੍ਹਾਂ ਕਿਹਾ ਕਿ ਸਾਂਝੇ ਯਤਨਾਂ ਨਾਲ ਇਨ੍ਹਾਂ ਹੌਟਸਪੌਟਾਂ ਨੂੰ ਜਲਦ ਸੁਧਾਰਿਆ ਜਾਵੇਗਾ।

ਨਸ਼ਾ ਛੁਡਾਊ ਅਤੇ ਮੁੜ ਵਸੇਬੇ ਦੀ ਮਹੱਤਤਾ ’ਤੇ ਜ਼ੋਰ ਦਿੰਦਿਆਂ ਐੱਸਐੱਸਪੀ ਖੱਖ ਨੇ ਕਿਹਾ ਕਿ ਨਸ਼ੇ ਦੀ ਲਤ ਤੋਂ ਪ੍ਰਭਾਵਿਤ ਨੌਜਵਾਨਾਂ ਨੂੰ ਇਲਾਜ ਅਤੇ ਢੁਕਵੀਂ ਸਹਾਇਤਾ ਪ੍ਰਾਪਤ ਕਰਨ ਲਈ ਉਤਸ਼ਾਹਿਤ ਕੀਤਾ ਜਾਵੇਗਾ, ਤਾਂ ਜੋ ਉਨ੍ਹਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਮੁੜ ਸ਼ਾਮਲ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਇਨ੍ਹਾਂ ਥਾਵਾਂ ’ਤੇ ਨਸ਼ਿਆਂ ਦੀ ਖਪਤ ਮੁੜ ਸ਼ੁਰੂ ਹੋਣ ਤੋਂ ਰੋਕਣ ਲਈ ਨਿਰੰਤਰ ਨਿਗਰਾਨੀ ਅਤੇ ਲੋਕਾਂ ਦੀ ਭਾਗੀਦਾਰੀ ਬਹੁਤ ਜ਼ਰੂਰੀ ਹੈ।

‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਤਹਿਤ ਰੋਕਥਾਮ ਦੇ ਯਤਨਾਂ ਨੂੰ ਹੋਰ ਮਜ਼ਬੂਤ ਕਰਨ ਲਈ ਸਕੂਲਾਂ ਅਤੇ ਕਾਲਜਾਂ ਵਿੱਚ ਸੈਮੀਨਾਰ ਅਤੇ ਜਾਗਰੂਕਤਾ ਕੈਂਪ ਵੀ ਲਗਾਏ ਜਾਣਗੇ। ਇਨ੍ਹਾਂ ਰਾਹੀਂ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ, ਸਿਹਤਮੰਦ ਜੀਵਨਸ਼ੈਲੀ ਅਪਣਾਉਣ ਅਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਜਾਵੇਗਾ।

ਇਸੇ ਦੌਰਾਨ, 9 ਅਕਤੂਬਰ ਨੂੰ ਮਲੇਰਕੋਟਲਾ ਪੁਲਿਸ ਵੱਲੋਂ ਐਨਡੀਪੀਐਸ ਐਕਟ ਤਹਿਤ ਚਾਰ ਕੇਸ ਦਰਜ ਕਰਕੇ ਨਸ਼ਿਆਂ ਨਾਲ ਸਬੰਧਤ ਅਪਰਾਧਾਂ ਵਿੱਚ 11 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸੇ ਰਿਪੋਰਟਿੰਗ ਸਮੇਂ ਦੌਰਾਨ ਸੂਚੀਬੱਧ ਅੱਠ ਨਸ਼ਾ ਤਸਕਰਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ।

ਇਸ ਪਹਿਲਕਦਮੀ ਦਾ ਉਦੇਸ਼ ਪੁਲਿਸ ਕਾਰਵਾਈ, ਸਿਵਲ ਪ੍ਰਸ਼ਾਸਨ ਦੇ ਸਹਿਯੋਗ, ਲੋਕਾਂ ਦੀ ਭਾਗੀਦਾਰੀ, ਜਨਤਕ ਥਾਵਾਂ ਵਿੱਚ ਸੁਧਾਰ, ਨੌਜਵਾਨਾਂ ਵਿੱਚ ਜਾਗਰੂਕਤਾ ਅਤੇ ਨਸ਼ੇ ਦੀ ਲਤ ਤੋਂ ਪ੍ਰਭਾਵਿਤ ਵਿਅਕਤੀਆਂ ਦੇ ਮੁੜ ਵਸੇਬੇ ਰਾਹੀਂ ਜ਼ਿਲ੍ਹੇ ਦੇ ਚਿੰਨ੍ਹਿਤ ਹੌਟਸਪੌਟਾਂ ’ਤੇ ਨਸ਼ਿਆਂ ਦੀ ਸਮੱਸਿਆ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕਰਨਾ ਹੈ।

ਅੱਸੂ ਦੇ ਪਹਿਲੇ ਨਰਾਤੇ ਮੌਕੇ ਮਨੀਸ਼ ਸਿਸੋਦੀਆ ਨੇ ਸਿਹਤ ਮੰਤਰੀ, ਵਿਧਾਇਕ ਕੋਹਲੀ ਤੇ ਮੇਅਰ ਨਾਲ ਮਾਤਾ ਸ੍ਰੀ ਕਾਲੀ ਦੇਵੀ ਮੰਦਰ ਵਿਖੇ ਮੱਥਾ ਟੇਕਿਆ

ਪਟਿਆਲਾ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਅਤੇ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਸ੍ਰੀ ਮਨੀਸ਼ ਸਿਸੋਦੀਆ ਨੇ ਅੱਸੂ ਦੇ ਪਹਿਲੇ ਨਰਾਤੇ ਮੌਕੇ ਪਟਿਆਲਾ ਸਥਿਤ ਪ੍ਰਸਿੱਧ ਮਾਤਾ ਸ੍ਰੀ ਕਾਲੀ ਦੇਵੀ ਮੰਦਰ ਵਿਖੇ ਮੱਥਾ ਟੇਕ ਕੇ ਮਾਤਾ ਰਾਣੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਉਨ੍ਹਾਂ ਨਾਲ ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ, ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਮੇਅਰ ਕੁੰਦਨ ਗੋਗੀਆ ਅਤੇ ਮੰਦਰ ਦੀ ਸਲਾਹਕਾਰ ਕਮੇਟੀ ਦੇ ਮੈਂਬਰ ਵੀ ਮੌਜੂਦ ਸਨ।

ਇਸ ਮੌਕੇ ਸ੍ਰੀ ਮਨੀਸ਼ ਸਿਸੋਦੀਆ ਨੇ ਆਪ ਆਗੂਆਂ ਨਾਲ ਹਵਨ-ਪੂਜਾ ਕੀਤੀ ਅਤੇ ਮਾਤਾ ਰਾਣੀ ਅੱਗੇ ਅਰਦਾਸ ਕੀਤੀ। ਉਨ੍ਹਾਂ ਸਮੂਹ ਸ਼ਰਧਾਲੂਆਂ ਨੂੰ ਨਰਾਤਿਆਂ ਦੀਆਂ ਸ਼ੁਭਕਾਮਨਾਵਾਂ ਦਿੰਦਿਆਂ ਦੇਸ਼ ਵਾਸੀਆਂ ਦੀ ਸੁੱਖ-ਸਮ੍ਰਿੱਧੀ, ਸ਼ਾਂਤੀ ਅਤੇ ਤਰੱਕੀ ਦੀ ਕਾਮਨਾ ਕੀਤੀ। ਇਸ ਦੌਰਾਨ ਉਨ੍ਹਾਂ ਸਿਹਤ ਮੰਤਰੀ ਅਤੇ ਆਪ ਆਗੂਆਂ ਨਾਲ ਮੰਦਰ ਵਿੱਚ ਸਥਾਪਤ ਕੀਤੇ ਗਏ ਮਾਤਾ ਰਾਣੀ ਦੇ ਨਵੇਂ ਧਵੱਜ ਨੂੰ ਲਹਿਰਾਇਆ। ਇਸ ਉਪਰੰਤ ਨਵੇਂ ਬਣੇ ਲੰਗਰ ਹਾਲ ਵਿੱਚ ਕੰਨਿਆ ਪੂਜਨ ਕੀਤਾ ਅਤੇ ਲੰਗਰ ਵਰਤਾਉਣ ਦੀ ਸੇਵਾ ਨਿਭਾਈ।

ਸ੍ਰੀ ਮਨੀਸ਼ ਸਿਸੋਦੀਆ ਨੇ ਭਗਵੰਤ ਸਿੰਘ ਮਾਨ ਦੇ ਮੁੜ ਮੁੱਖ ਮੰਤਰੀ ਬਣਨ ਦੀ ਕਾਮਨਾ ਕਰਦਿਆਂ ਅਰਦਾਸ ਕੀਤੀ ਕਿ ਆਉਣ ਵਾਲੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਮੁੜ ਸੱਤਾ ਵਿੱਚ ਆਵੇ ਅਤੇ ਪਾਰਟੀ ਆਗੂਆਂ ਦੀ ਮਿਹਨਤ ਸਫਲ ਹੋਵੇ।ਮੰਦਰ ਵਿੱਚ ਚੱਲ ਰਹੇ ਉਸਾਰੀ ਅਤੇ ਨਵੀਨੀਕਰਨ ਦੇ ਕੰਮਾਂ ਬਾਰੇ ਗੱਲ ਕਰਦਿਆਂ ਸ੍ਰੀ ਮਨੀਸ਼ ਸਿਸੋਦੀਆ ਨੇ ਕਿਹਾ, ਇਹ ਆਮ ਆਦਮੀ ਪਾਰਟੀ ਲਈ ਖੁਸ਼ਕਿਸਮਤੀ ਦੀ ਗੱਲ ਹੈ ਕਿ ਮਾਂ ਕਾਲੀ ਨੇ ਸਾਡੀ ਸਰਕਾਰ ਨੂੰ ਇਸ ਪਵਿੱਤਰ ਮੰਦਰ ਦੇ ਨਵੀਨੀਕਰਨ ਦੀ ਸੇਵਾ ਕਰਨ ਦਾ ਮੌਕਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅਗਲੇ ਕੁਝ ਦਿਨਾਂ ਵਿੱਚ ਮੰਦਰ ਦਾ ਸਰੂਪ ਹੋਰ ਵੀ ਨਿਖਰ ਕੇ ਸਾਹਮਣੇ ਆਵੇਗਾ। ਮੰਦਰ ਨੂੰ ਇੱਕ ਸਿੱਧ ਪੀਠ ਦੱਸਦਿਆਂ ਉਨ੍ਹਾਂ ਕਿਹਾ ਕਿ ਇੱਥੇ ਦੇਸ਼ ਭਰ ਤੋਂ ਸ਼ਰਧਾਲੂ ਮੱਥਾ ਟੇਕਣ ਆਉਂਦੇ ਹਨ ਅਤੇ ਪੰਜਾਬ ਸਰਕਾਰ ਵੱਲੋਂ ਸ਼ਰਧਾਲੂਆਂ ਦੀ ਸਹੂਲਤ ਲਈ ਹਰ ਸੰਭਵ ਪ੍ਰਬੰਧ ਕੀਤੇ ਜਾਣਗੇ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਮਨੀਸ਼ ਸਿਸੋਦੀਆ ਨੇ ਕੇਂਦਰ ਦੀ ਮੋਦੀ ਸਰਕਾਰ ’ਤੇ ਨਿਸ਼ਾਨਾ ਸਾਧਿਆ। ਉਨ੍ਹਾਂ ਕਿਹਾ ਕਿ ਮਾਤਾ ਰਾਣੀ ਕੇਂਦਰ ਸਰਕਾਰ ਨੂੰ ਸਦਬੁੱਧੀ ਬਖ਼ਸ਼ਣ। ਉਨ੍ਹਾਂ ਗਿਆਨੇਸ਼ ਕੁਮਾਰ ਦੇ ਅਸਤੀਫ਼ੇ ਦੀ ਮੰਗ ਕਰਦਿਆਂ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੁਣ ਸਿਰਫ਼ ਸਰਕਾਰ ਵਿੱਚ ਹਨ, ਲੋਕਾਂ ਦੇ ਦਿਲਾਂ ਵਿੱਚ ਨਹੀਂ। ਸੀਬੀਆਈ, ਚੋਣ ਕਮਿਸ਼ਨ ਅਤੇ ਈਡੀ ਬਾਰੇ ਟਿੱਪਣੀ ਕਰਦਿਆਂ ਉਨ੍ਹਾਂ ਦੋਸ਼ ਲਾਇਆ ਕਿ ਇਨ੍ਹਾਂ ਸੰਸਥਾਵਾਂ ਨੂੰ ਚੋਣਾਂ ਜਿੱਤਣ ਦੇ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ ਅਤੇ ਇਨ੍ਹਾਂ ਦੀ ਵਰਤੋਂ ਸਿਆਸੀ ਲਾਹੇ ਲਈ ਕੀਤੀ ਜਾ ਰਹੀ ਹੈ।

ਇਸ ਮੌਕੇ ਮੰਦਰ ਕਮੇਟੀ ਦੇ ਮੈਂਬਰ ਸੀਏ ਅਜੈ ਅਲੀਪੁਰੀਆ ਨੇ ਦੱਸਿਆ ਕਿ ਭਾਰੀ ਮੀਂਹ ਦੇ ਬਾਵਜੂਦ ਸ਼ਰਧਾਲੂਆਂ ਨੇ ਮੰਦਰ ਦੇ ਸਰੋਵਰ ਦੇ ਆਲੇ-ਦੁਆਲੇ ਬਣੇ ਨਵੇਂ ਗਲਿਆਰੇ ਵਿੱਚ ਬੈਠ ਕੇ ਨਵ-ਨਿਰਮਿਤ ਇਮਾਰਤ ਦਾ ਆਨੰਦ ਮਾਣਿਆ।

ਬੰਦ ਦੇ ਸੱਦਿਆਂ ਵਿਚਕਾਰ ਪਿਸਦਾ ਆਮ ਦੁਕਾਨਦਾਰ: ਮੰਗਾਂ ਦੀ ਲੜਾਈ ਵਿੱਚ ਰੋਜ਼ੀ-ਰੋਟੀ ਦੀ ਕੁਰਬਾਨੀ ਕਿਉਂ ?

ਮੋਰਿੰਡਾ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿੱਚ ਸਮੇਂ ਸਮੇਂ ਸਿਰ ਕਿਸੇ ਨਾ ਕਿਸੇ ਮੁੱਦੇ ਨੂੰ ਲੈ ਕੇ ਬੰਦ ਦੇ ਸੱਦੇ ਦਿੱਤੇ ਜਾਂਦੇ ਰਹਿੰਦੇ ਹਨ। ਕਦੇ ਕਿਸੇ ਘਟਨਾ ਦੇ ਵਿਰੋਧ ਵਿੱਚ, ਕਦੇ ਇਨਸਾਫ਼ ਦੀ ਮੰਗ ਲਈ ਅਤੇ ਕਦੇ ਸਰਕਾਰ ਦਾ ਧਿਆਨ ਕਿਸੇ ਗੰਭੀਰ ਮਸਲੇ ਵੱਲ ਖਿੱਚਣ ਲਈ ਬਾਜ਼ਾਰ ਬੰਦ ਕਰਵਾਏ ਜਾਂਦੇ ਹਨ। ਇਨ੍ਹਾਂ ਸੱਦਿਆਂ ਪਿੱਛੇ ਕਈ ਵਾਰ ਲੋਕਾਂ ਦਾ ਰੋਸ, ਭਾਵਨਾਵਾਂ ਅਤੇ ਜਾਇਜ਼ ਮੰਗਾਂ ਹੁੰਦੀਆਂ ਹਨ, ਜਿਨ੍ਹਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਪਰ ਇਸ ਸਾਰੇ ਘਟਨਾਕ੍ਰਮ ਦੌਰਾਨ ਇੱਕ ਅਹਿਮ ਸਵਾਲ ਅਕਸਰ ਪਿੱਛੇ ਰਹਿ ਜਾਂਦਾ ਹੈ ਕਿ ਇਸ ਬੰਦ ਦੀ ਸਭ ਤੋਂ ਵੱਧ ਮਾਰ ਕਿਸ ਨੂੰ ਝੱਲਣੀ ਪੈਂਦੀ ਹੈ ? ਇਸ ਦਾ ਜਵਾਬ ਹੈ ਆਮ ਦੁਕਾਨਦਾਰ, ਆਮ ਲੋਕ, ਛੋਟੇ ਕਾਰੋਬਾਰੀ ਅਤੇ ਰੇਹੜੀ-ਫੜ੍ਹੀ ਲਗਾ ਕੇ ਆਪਣਾ ਗੁਜ਼ਾਰਾ ਕਰਨ ਵਾਲੇ ਲੋਕ।

ਕਿਸੇ ਵੀ ਮੁੱਦੇ ਨੂੰ ਲੈ ਕੇ ਰੋਸ ਪ੍ਰਗਟਾਉਣਾ ਅਤੇ ਇਨਸਾਫ਼ ਦੀ ਮੰਗ ਕਰਨਾ ਲੋਕਤੰਤਰੀ ਹੱਕ ਹੈ। ਜਦੋਂ ਕੋਈ ਮੰਦਭਾਗੀ ਘਟਨਾ ਵਾਪਰਦੀ ਹੈ, ਤਾਂ ਲੋਕਾਂ ਦੇ ਮਨਾਂ ਵਿੱਚ ਗੁੱਸਾ ਹੋਣਾ ਅਤੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਉੱਠਣੀ ਸੁਭਾਵਿਕ ਹੈ। ਪਿਛਲੇ ਦਿਨੀਂ ਮਾਨਸਾ ਵਿੱਚ ਵਾਪਰੀ ਝੋਟਾ ਹੱਤਿਆਕਾਂਡ ਦੀ ਘਟਨਾ ਬੜੀ ਹੀ ਮੰਦਭਾਗੀ ਹੈ। ਅਜਿਹੀਆਂ ਘਟਨਾਵਾਂ ਵਿੱਚ ਇਨਸਾਫ਼ ਦੀ ਮੰਗ ਉੱਠਣੀ ਅਤੇ ਪ੍ਰਸ਼ਾਸਨ ਤੋਂ ਜਵਾਬਦੇਹੀ ਦੀ ਉਮੀਦ ਕਰਨੀ ਬਿਲਕੁਲ ਵਾਜਬ ਹੈ।

ਪਰ ਸਵਾਲ ਇਹ ਹੈ ਕਿ ਇਨਸਾਫ਼ ਦੀ ਇਸ ਲੜਾਈ ਵਿੱਚ ਉਸ ਦੁਕਾਨਦਾਰ ਦਾ ਕੀ ਕਸੂਰ ਹੈ, ਜੋ ਸਵੇਰੇ ਦੁਕਾਨ ਖੋਲ੍ਹ ਕੇ ਸ਼ਾਮ ਤੱਕ ਆਪਣੇ ਪਰਿਵਾਰ ਦਾ ਗੁਜ਼ਾਰਾ ਚਲਾਉਣ ਲਈ ਮਿਹਨਤ ਕਰਦਾ ਹੈ ? ਇੱਕ ਆਮ ਦੁਕਾਨਦਾਰ ਲਈ ਦੁਕਾਨ ਖੋਲ੍ਹਣਾ ਸਿਰਫ਼ ਕਾਰੋਬਾਰ ਨਹੀਂ, ਸਗੋਂ ਉਸ ਦੇ ਪਰਿਵਾਰ ਦੀ ਰੋਜ਼ੀ-ਰੋਟੀ ਦਾ ਸਾਧਨ ਹੁੰਦਾ ਹੈ। ਦੁਕਾਨ ਦਾ ਕਿਰਾਇਆ, ਬਿਜਲੀ ਦਾ ਬਿੱਲ, ਮੁਲਾਜ਼ਮਾਂ ਦੀ ਤਨਖ਼ਾਹ, ਮਾਲ ਦੀ ਖ਼ਰੀਦ ਅਤੇ ਘਰ ਦੇ ਹੋਰ ਖ਼ਰਚੇ ਹਰ ਮਹੀਨੇ ਪੂਰੇ ਕਰਨੇ ਪੈਂਦੇ ਹਨ। ਅਜਿਹੇ ਵਿੱਚ ਜੇਕਰ ਬੰਦ ਦੇ ਸੱਦੇ ਕਾਰਨ ਦੁਕਾਨ ਖੋਲ੍ਹਣੀ ਸੰਭਵ ਨਾ ਹੋਵੇ ਜਾਂ ਦਬਾਅ ਹੇਠ ਦੁਕਾਨ ਬੰਦ ਕਰਨੀ ਪਵੇ, ਤਾਂ ਉਸ ਦਿਨ ਦੀ ਕਮਾਈ ਦਾ ਨੁਕਸਾਨ ਸਿੱਧਾ ਉਸ ਦੇ ਘਰ ਦੇ ਬਜਟ 'ਤੇ ਪੈਂਦਾ ਹੈ। ਸਰਕਾਰਾਂ ਨੂੰ ਕਮਰਸ਼ੀਅਲ ਬਿੱਲ, ਸੇਲ ਟੈਕਸ ਅਤੇ ਇਨਕਮ ਟੈਕਸ ਦੇਣ ਤੇ ਬਾਵਜੂਦ ਵੀ ਦੁਕਾਨਦਾਰਾਂ ਨੂੰ ਸਰਕਾਰਾਂ ਵੱਲੋਂ ਵੀ ਕੋਈ ਖਾਸ ਸਹੂਲਤ ਪ੍ਰਦਾਨ ਨਹੀਂ ਕੀਤੀ ਜਾਂਦੀ।

ਇਹ ਵੀ ਸਮਝਣ ਦੀ ਲੋੜ ਹੈ ਕਿ ਹਰ ਦੁਕਾਨਦਾਰ ਦੀ ਆਰਥਿਕ ਸਥਿਤੀ ਇੱਕੋ ਜਿਹੀ ਨਹੀਂ ਹੁੰਦੀ। ਵੱਡੇ ਕਾਰੋਬਾਰਾਂ ਕੋਲ ਨੁਕਸਾਨ ਸਹਿਣ ਦੀ ਕੁਝ ਸਮਰੱਥਾ ਹੋ ਸਕਦੀ ਹੈ, ਪਰ ਛੋਟੇ ਦੁਕਾਨਦਾਰਾਂ ਅਤੇ ਰੇਹੜੀ-ਫੜ੍ਹੀ ਵਾਲਿਆਂ ਲਈ ਇੱਕ ਦਿਨ ਦੀ ਕਮਾਈ ਵੀ ਬਹੁਤ ਮਾਇਨੇ ਰੱਖਦੀ ਹੈ। ਉਨ੍ਹਾਂ ਲਈ ਹਰ ਦਿਨ ਦੀ ਵਿਕਰੀ ਨਾਲ ਹੀ ਘਰ ਦਾ ਚੁੱਲ੍ਹਾ ਬਲਦਾ ਹੈ। ਇਸ ਮਾਮਲੇ ਦਾ ਇੱਕ ਹੋਰ ਪਹਿਲੂ ਵੀ ਹੈ। ਕਈ ਵਾਰ ਬੰਦ ਦੇ ਸੱਦੇ ਸਿਆਸੀ ਪਾਰਟੀਆਂ ਵੱਲੋਂ ਸਰਕਾਰ 'ਤੇ ਦਬਾਅ ਬਣਾਉਣ ਲਈ ਦਿੱਤੇ ਜਾਂਦੇ ਹਨ। ਵਿਰੋਧੀ ਧਿਰ ਦਾ ਕੰਮ ਸਰਕਾਰ ਦੀਆਂ ਨਾਕਾਮੀਆਂ ਵੱਲ ਧਿਆਨ ਦਿਵਾਉਣਾ ਅਤੇ ਲੋਕਾਂ ਦੇ ਮੁੱਦੇ ਉਠਾਉਣਾ ਹੈ। ਪਰ ਜੇਕਰ ਕਿਸੇ ਅੰਦੋਲਨ ਜਾਂ ਪ੍ਰਦਰਸ਼ਨ ਦੌਰਾਨ ਦੁਕਾਨਦਾਰਾਂ ਨੂੰ ਜਬਰੀ ਦੁਕਾਨਾਂ ਬੰਦ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ, ਤਾਂ ਇਹ ਤਰੀਕਾ ਕਈ ਸਵਾਲ ਖੜ੍ਹੇ ਕਰਦਾ ਹੈ।

ਪੰਜਾਬ ਬੰਦ ਨੂੰ ਭਰਵਾ ਹੁੰਗਾਰਾ, ਵੱਖ ਵੱਖ ਜਥੇਬੰਦੀਆਂ ਵੱਲੋਂ ਸੜਕਾਂ ਤੇ ਮੁਜ਼ਾਹਰੇ ਅਤੇ ਅਰਥੀ ਫੂਕ ਰੋਸ ਵਿਖਾਵਾ

'ਪੰਜਾਬ ਬੰਦ' ਦੌਰਾਨ ਬਾਜ਼ਾਰ ਅਤੇ ਸਕੂਲ ਬੰਦ; ਸੜਕਾਂ ਜਾਮ

ਚੰਡੀਗੜ੍ਹ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਬੰਦ ਦੇ ਸੱਦੇ 'ਤੇ ਵੱਖ-ਵੱਖ ਸ਼ਹਿਰਾਂ ਵਿੱਚ ਅਸਰ ਦੇਖਣ ਨੂੰ ਮਿਲਿਆ ਅਤੇ ਮੁੱਖ ਬਾਜ਼ਾਰਾਂ ਵਿੱਚ ਦੁਕਾਨਾਂ ਬੰਦ ਰਹੀਆਂ ਅਤੇ ਨਿੱਜੀ ਸਕੂਲਾਂ ਵਿੱਚ ਛੁੱਟੀ ਰਹੀ। ਸਵੇਰੇ ਸਕੂਲ ਵੈਨਾਂ ਵੀ ਨਹੀਂ ਚੱਲੀਆਂ। ਹਾਲਾਂਕਿ ਸਰਕਾਰੀ ਅਤੇ ਨਿੱਜੀ ਬੱਸਾਂ ਦੀ ਆਵਾਜਾਈ ਜਾਰੀ ਰਹੀ, ਪਰ ਬੰਦ ਦੇ ਸੱਦੇ ਦੇ ਮੱਦੇਨਜ਼ਰ ਲੋਕਾਂ ਨੇ ਘਰਾਂ ਤੋਂ ਬਾਹਰ ਨਿਕਲਣ ਤੋਂ ਗੁਰੇਜ਼ ਕੀਤਾ, ਜਿਸ ਕਾਰਨ ਸੜਕਾਂ 'ਤੇ ਆਮ ਦਿਨਾਂ ਦੇ ਮੁਕਾਬਲੇ ਸਵਾਰੀਆਂ ਦੀ ਗਿਣਤੀ ਘੱਟ ਰਹੀ। ਬੰਦ ਦੇ ਬਾਵਜੂਦ ਮਜ਼ਦੂਰ ਵਰਗ ਆਪਣੇ ਰੋਜ਼ਾਨਾ ਦੇ ਕੰਮਾਂ-ਕਾਰਾਂ ਲਈ ਘਰਾਂ ਤੋਂ ਬਾਹਰ ਨਿਕਲਿਆ। ਰੋਜ਼ੀ-ਰੋਟੀ ਲਈ ਕੰਮ 'ਤੇ ਜਾਣ ਵਾਲੇ ਮਜ਼ਦੂਰਾਂ ਦੀ ਆਵਾਜਾਈ ਜਾਰੀ ਰਹੀ, ਜਦਕਿ ਬਾਜ਼ਾਰਾਂ ਵਿੱਚ ਦੁਕਾਨਾਂ ਬੰਦ ਹੋਣ ਕਾਰਨ ਕਾਰੋਬਾਰੀ ਸਰਗਰਮੀਆਂ ਪ੍ਰਭਾਵਿਤ ਹੋਈਆਂ । ਮੈਡੀਕਲ ਦੀਆਂ ਦੁਕਾਨਾ ਖੁੱਲੀਆਂ ਦੇਖੀਆਂ ਗਈਆਂ। ਬਠਿੰਡਾ ਬਸ ਅੱਡੇ ਨੇੜੇ ਤਰਨਾ ਦਲ ਦੇ ਨਿਹਗਾਂ ਵਲੋਂ ਧਰਨਾ ਦੇਣ ਦੀ ਕੋਸ਼ਿਸ਼ ਕੀਤੀ ਪਰ ਪੁਲੀਸ ਨੇ ਉਨ੍ਹਾਂ ਨੂੰ ਰਾਊਂਡ ਅੱਪ ਕਰ ਲਿਆ ਨਿੱਜੀ ਸਕੂਲ ਬੰਦ ਰਹਿਣ ਕਾਰਨ ਵਿਦਿਅਕ ਸਰਗਰਮੀਆਂ ਠੱਪ ਰਹੀਆਂ ਅਤੇ ਸਵੇਰੇ ਸਕੂਲ ਵੈਨਾਂ ਨਾ ਚੱਲਣ ਕਾਰਨ ਵਿਦਿਆਰਥੀਆਂ ਦੀ ਆਵਾਜਾਈ ਵੀ ਪ੍ਰਭਾਵਿਤ ਹੋਈ। ਦੂਜੇ ਪਾਸੇ ਸਰਕਾਰੀ ਅਤੇ ਨਿੱਜੀ ਬੱਸਾਂ ਚੱਲਣ ਦੇ ਬਾਵਜੂਦ ਸਵਾਰੀਆਂ ਦੀ ਗਿਣਤੀ ਘੱਟ ਰਹੀ। ਬੰਦ ਦੇ ਸੱਦੇ ਕਾਰਨ ਲੋਕਾਂ ਨੇ ਗੈਰ-ਜ਼ਰੂਰੀ ਕੰਮਾਂ ਲਈ ਘਰਾਂ ਤੋਂ ਬਾਹਰ ਜਾਣ ਤੋਂ ਕੰਨੀ ਕਤਰਾਈ। ਇਸ ਤਰ੍ਹਾਂ ਬਠਿੰਡਾ ਵਿੱਚ ਬੰਦ ਦਾ ਅਸਰ ਮੁੱਖ ਤੌਰ 'ਤੇ ਬਾਜ਼ਾਰਾਂ, ਵਿਦਿਅਕ ਅਦਾਰਿਆਂ ਅਤੇ ਆਮ ਜਨਜੀਵਨ 'ਤੇ ਦੇਖਣ ਨੂੰ ਮਿਲਿਆ।ਪਰ ਬਾਅਦ ਵਿਚ ਦੁਕਾਨਾ ਖੁੱਲੀਆਂ ਵੀ ਦੇਖੀਆਂ ਗਈਆਂ।

ਝੋਟੇ ਦੇ ਕਤਲ ਵਿਰੁੱਧ ਪੰਜਾਬ ਬੰਦ ਦੇ ਸੱਦੇ ਨੂੰ ਪੇਂਡੂ ਇਲਾਕਿਆਂ ਵਿੱਚ ਹੁੰਗਾਰਾ

ਨਸ਼ਿਆਂ ਵਿਰੁੱਧ ਮੁਹਿੰਮ ਚਲਾਉਣ ਵਾਲੇ ਕਾਰਕੁੰਨ ਪਰਵਿੰਦਰ ਸਿੰਘ ਝੋਟਾ ਦਾ ਕਤਲ ਕੀਤੇ ਜਾਣ ਦੇ ਵਿਰੁੱਧ ਵੱਖ ਵੱਖ ਜਥੇਬੰਦੀਆਂ ਵੱਲੋਂ ਦਿੱਤੇ ਪੰਜਾਬ ਬੰਦ ਦੇ ਸੱਦੇ ਤਹਿਤ ਜਲੰਧਰ ਜ਼ਿਲ੍ਹੇ ਦੇ ਕਈ ਕਸਬਿਆਂ ਵਿੱਚ ਦੁਕਾਨਦਾਰਾਂ ਤੇ ਹੋਰ ਕਾਰੋਬਾਰ ਬੰਦ ਕੀਤੇ ਜਾ ਰਹੇ ਹਨ। ਜਲੰਧਰ ਸ਼ਹਿਰ ਸਮੇਤ ਨਾਲ ਲੱਗਦੇ ਇਲਾਕਿਆਂ ਵਿੱਚ ਬੰਦ ਦਾ ਅਸਰ ਦੇਖਣ ਨੂੰ ਮਿਲ ਰਿਹਾ ਹੈ। ਕਿਸਾਨ ਅਤੇ ਮਜ਼ਦੂਰ ਜਥੇਬੰਦੀਆਂ ਬੰਦ ਦੇ ਸਮਰਥਨ ਵਿੱਚ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ।-ਪਾਲ ਸਿੰਘ ਨੌਲੀ

ਮਾਨਸਾ ਸ਼ਹਿਰ ਲਗਾਤਾਰ ਤਿੰਨ ਦਿਨਾਂ ਤੋਂ ਬੰਦ

ਐਂਟੀ ਡਰੱਗ ਟਾਸਕ ਫੋਰਸ ਦੇ ਪ੍ਰਮੁੱਖ ਆਗੂ ਪਰਵਿੰਦਰ ਸਿੰਘ ਝੋਟੇ ਦੇ ਕਤਲ ਤੋਂ ਬਾਅਦ ਲਗਾਤਾਰ ਤੀਸਰੇ ਦਿਨ ਅੱਜ ? ਮਾਨਸਾ ਸ਼ਹਿਰ ਪੂਰੀ ਤਰ੍ਹਾਂ ਬੰਦ ਹੈ। ਇਸ ਦੇ ਨਾਲ ਹੀ ਮਾਨਸਾ ਇਲਾਕੇ ਦੇ ਸਾਰੇ ਸ਼ਹਿਰਾਂ ਅਤੇ ਕਸਬਿਆਂ ਵਿੱਚ ਵੀ ਅੱਜ ਬੰਦ ਦੇ ਦਿੱਤੇ ਸੱਦੇ ਤਹਿਤ ਪੂਰਨ ਹੁੰਗਾਰਾ ਮਿਲਿਆ ਹੈ। ਪੂਰੇ ਪੰਜਾਬ ਬੰਦ ਦਾ ਇਹ ਸੱਦਾ ਮਾਨਸਾ ਵਿਖੇ ਬਣੀ ਪਰਵਿੰਦਰ ਸਿੰਘ ਝੋਟਾ ਨਮਿੱਤ ਬਣੀ 31 ?ਮੈਂਬਰੀ ਕਮੇਟੀ ਵਲੋਂ ਦਿੱਤਾ ਗਿਆ ਹੈ, ਜਿਸ ਵਿਚ ਪਰਵਿੰਦਰ ਸਿੰਘ ਝੋਟੇ ਦੇ ਪਿਤਾ ਭੀਮ ਸਿੰਘ ਫੌਜੀ ਵੀ ਸ਼ਾਮਲ ਹਨ। ਵੇਰਵਿਆਂ ਅਨੁਸਾਰ ਮਾਨਸਾ ਨੇੜੇ ਭੀਖੀ, ਬੁਢਲਾਡਾ,ਬਰੇਟਾ,ਬੋਹਾ, ਸਰਦੂਲਗੜ੍ਹ, ਝੁਨੀਰ ਪੂਰੀ ਤਰ੍ਹਾਂ ਬੰਦ ਵਿਖਾਈ ਦਿੱਤੇ ਹਨ। ਇਨ੍ਹਾਂ ਸ਼ਹਿਰਾਂ ਦੇ ਲੋਕਾਂ ਅਤੇ ਦੁਕਾਨਦਾਰਾਂ ਨੇ ਆਪਣੇ ਆਪ ਹੀ ਸਵੇਰੇ ਦੁਕਾਨਾਂ ਨਹੀਂ ਖੋਲੀਆਂ। ਇਨ੍ਹਾਂ ਸ਼ਹਿਰਾਂ ਵਿਚੋਂ ਲੰਘਣ ਵਾਲੀਆਂ ਸਾਰੀਆਂ ਪ੍ਰਾਈਵੇਟ ਅਤੇ ਬਹੁਤੀਆਂ ਸਰਕਾਰੀ ਬੱਸਾਂ ਵੀ ਬੰਦ ਹਨ। ਜ਼ਿਲ੍ਹੇ ਵਿਚਲੇ ਸਾਰੇ ਪ੍ਰਾਈਵੇਟ ਸਕੂਲਾਂ ਸਮੇਤ ਸਰਕਾਰੀ ਸਕੂਲਾਂ ਵਿਚ ਵੀ ਛੁੱਟੀ ਵਰਗੀ ਸਥਿਤੀ ਹੈ। ਮਾਨਸਾ ਵਿਖੇ ਪਰਵਿੰਦਰ ਸਿੰਘ ਝੋਟੇ ਦੇ ਕਤਲ ਤੋਂ ਬਾਅਦ ਲਗਾਤਾਰ ਤਿੰਨ ਦਿਨਾਂ ਤੋਂ ਚੱਲ ਰਹੇ ਧਰਨੇ ਅੱਜ ਮੀਂਹ ਦੇ ਬਾਵਜੂਦ ਲੋਕਾਂ ਦਾ ਵੱਡੀ ਪੱਧਰ ਇੱਕਠ ਧਰਨੇ ਦੌਰਾਨ ਜੁੜਿਆ ਹੋਇਆ ਹੈ, ਹਾਲਾਂਕਿ ਭਾਰੀ ਮੀਂਹ ਨੇ ਇੱਕ ਵਾਰ ਧਰਨੇ ਵਾਲੀ ਥਾਂ ਨੂੰ ਜਲ ਥਲ ਕਰ ਦਿੱਤਾ ਸੀ। ਬਾਅਦ ਵਿਚ ਪ੍ਰਸ਼ਾਸਨ ਵੱਲੋਂ ਟਿਊਬਵੈਲਾਂ ਰਾਹੀਂ ਪਾਣੀ ਕਢਵਾਇਆ ਗਿਆ ਹੈ। ਮਾਨਸਾ ਦੇ ਐਸ ਐਸ ਪੀ ਵੈਭਵ ਚੌਧਰੀ ਨੇ ਦੱਸਿਆ ਕਿ ਪੁਲੀਸ ਪ੍ਰਸ਼ਾਸਨ ਨੇ ਅਮਨ ਸ਼ਾਂਤੀ ਲਈ ਹਰ ਤਰ੍ਹਾਂ ਦੇ ਪ੍ਰਬੰਧ ਕੀਤੇ ਹੋਏ ਹਨ। ਵੈਸੇ ਸ਼ਹਿਰ ਵਿਚ ਵੱਡੀ ਗਿਣਤੀ ਵਿਚ ਪੁਲੀਸ ਫੋਰਸ ਤਾਇਨਾਤ ਕੀਤੀ ਗਈ ਹੈ।-ਜੋਗਿੰਦਰ ਸਿੰਘ ਮਾਨ

ਸਰਹੱਦੀ ਖੇਤਰ ਮੁਕੰਮਲ ਬੰਦ

ਮਰਹੂਮ ਪਰਵਿੰਦਰ ਸਿੰਘ ਝੋਟੇ ਦੇ ਕਤਲ ਦੇ ਵਿਰੋਧ ਵਿੱਚ ਅੱਜ ਪੰਜਾਬ ਬੰਦ ਦੇ ਦਿੱਤੇ ਗਏ ਸੱਦੇ ਨੂੰ ਸਰਹੱਦੀ ਖੇਤਰ ਵਿੱਚ ਭਰਵਾਂ ਹੁੰਗਾਰਾ ਮਿਲਿਆ। ਇਸ ਦੌਰਾਨ ਭਿੱਖੀਵਿੰਡ, ਅਮਰਕੋਟ, ਵਲਟੋਹਾ ਅਤੇ ਅਲਗੋ ਕੋਠੀ ਸਮੇਤ ਇਲਾਕੇ ਦੇ ਵੱਖ-ਵੱਖ ਕਸਬਿਆਂ ਵਿੱਚ ਦੁਕਾਨਾਂ ਬੰਦ ਕਰਵਾਈਆਂ ਗਈਆਂ। ਸਵੇਰੇ ਕੁਝ ਦੁਕਾਨਦਾਰਾਂ ਵੱਲੋਂ ਆਪਣੀਆਂ ਦੁਕਾਨਾਂ ਖੋਲ੍ਹੀਆਂ ਗਈਆਂ ਸਨ, ਪਰ ਕਿਸਾਨ ਜਥੇਬੰਦੀ ਉਗਰਾਹਾਂ, ਅਕਾਲੀ ਦਲ ਵਾਰਿਸ ਪੰਜਾਬ ਅਤੇ ਹੋਰ ਜਥੇਬੰਦੀਆਂ ਦੇ ਕਾਰਕੁਨਾਂ ਨੇ ਬਾਜ਼ਾਰਾਂ ਵਿੱਚ ਪਹੁੰਚ ਕੇ ਦੁਕਾਨਾਂ ਬੰਦ ਕਰਵਾ ਦਿੱਤੀਆਂ। ਇਸ ਤੋਂ ਬਾਅਦ ਸਰਹੱਦੀ ਖੇਤਰ ਦੇ ਬਾਜ਼ਾਰਾਂ ਵਿੱਚ ਕਾਰੋਬਾਰੀ ਸਰਗਰਮੀਆਂ ਠੱਪ ਹੋ ਗਈਆਂ। ਇਸ ਮੌਕੇ ਐਂਟੀ ਡਰੱਗ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਅਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਆਗੂ ਸਤਨਾਮ ਸਿੰਘ ਮਨਾਵਾਂ ਅਤੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਪਰਵਿੰਦਰ ਸਿੰਘ ਝੋਟੇ ਦੇ ਕਤਲ ਦੀ ਘਟਨਾ ਬੇਹੱਦ ਦੁਖਦਾਈ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਨਾਲ ਲੋਕਾਂ ਵਿੱਚ ਰੋਸ ਪੈਦਾ ਹੁੰਦਾ ਹੈ ਅਤੇ ਸਰਕਾਰ ਨੂੰ ਅਮਨ-ਕਾਨੂੰਨ ਦੀ ਸਥਿਤੀ ਨੂੰ ਮਜ਼ਬੂਤ ਬਣਾਉਣ ਲਈ ਠੋਸ ਕਦਮ ਚੁੱਕਣੇ ਚਾਹੀਦੇ ਹਨ। ਆਗੂਆਂ ਨੇ ਕਿਹਾ ਕਿ ਪੰਜਾਬ ਵਿੱਚ ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਯਕੀਨੀ ਬਣਾਉਣਾ ਸਰਕਾਰ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਮੰਗ ਕੀਤੀ ਕਿ ਕਤਲ ਦੀ ਘਟਨਾ ਸਬੰਧੀ ਨਿਰਪੱਖ ਜਾਂਚ ਕਰਕੇ ਦੋਸ਼ੀਆਂ ਵਿਰੁੱਧ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਪੀੜਤ ਪਰਿਵਾਰ ਨੂੰ ਇਨਸਾਫ਼ ਦਿਵਾਇਆ ਜਾਵੇ। ਬੰਦ ਦੇ ਸੱਦੇ ਕਾਰਨ ਭਿੱਖੀਵਿੰਡ, ਅਮਰਕੋਟ ਅਤੇ ਅਲਗੋ ਕੋਠੀ ਦੇ ਬਾਜ਼ਾਰਾਂ ਵਿੱਚ ਸੁੰਨ ਪਸਰੀ ਰਹੀ। ਜਥੇਬੰਦੀਆਂ ਦੇ ਕਾਰਕੁਨ ਵੱਖ-ਵੱਖ ਥਾਵਾਂ 'ਤੇ ਸਰਗਰਮ ਰਹੇ ਅਤੇ ਦੁਕਾਨਦਾਰਾਂ ਨੂੰ ਬੰਦ ਵਿੱਚ ਸਹਿਯੋਗ ਦੇਣ ਦੀ ਅਪੀਲ ਕੀਤੀ। -ਰਣਬੀਰ ਸਿੰਘ

ਬਰਨਾਲਾ ਦੇ ਦੁਕਾਨਦਾਰਾਂ ਵੱਲੋਂ ਪੰਜਾਬ ਬੰਦ ਦਾ ਸਮਰਥਨ, ਬਾਜ਼ਾਰ ਮੁਕੰਮਲ ਬੰਦ

ਮਾਨਸਾ ਵਿਖੇ ਪਰਵਿੰਦਰ ਸਿੰਘ ਝੋਟਾ ਦੇ ਕਤਲ ਦੀ ਘਟਨਾ ਦੇ ਵਿਰੋਧ ਵਿੱਚ ਦਿੱਤੇ ਪੰਜਾਬ ਬੰਦ ਦੇ ਸੱਦੇ ਨੂੰ ਬਰਨਾਲਾ ਵਿੱਚ ਭਰਵਾਂ ਸਮਰਥਨ ਮਿਲਿਆ। ਇਸ ਦੌਰਾਨ ਸ਼ਹਿਰ ਦੇ ਸਦਰ ਬਾਜ਼ਾਰ, ਫਰਵਾਹੀ ਬਾਜ਼ਾਰ, ਹੰਡਿਆਇਆ, ਐਸਡੀ ਕਾਲਜ ਇਲਾਕੇ ਅਤੇ ਬੱਸ ਸਟੈਂਡ ਸਮੇਤ ਵੱਖ-ਵੱਖ ਥਾਵਾਂ 'ਤੇ ਦੁਕਾਨਦਾਰਾਂ ਨੇ ਆਪਣੀਆਂ ਦੁਕਾਨਾਂ ਬੰਦ ਰੱਖ ਕੇ ਰੋਸ ਪ੍ਰਗਟਾਇਆ। ਇਸ ਮੌਕੇ ਵੱਖ-ਵੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਵੱਲੋਂ ਸ਼ਹਿਰ ਅੰਦਰ ਰੋਸ ਮਾਰਚ ਵੀ ਕੱਢਿਆ ਗਿਆ। ਪ੍ਰਦਰਸ਼ਨਕਾਰੀਆਂ ਨੇ ਪਰਵਿੰਦਰ ਸਿੰਘ ਝੋਟਾ ਦੇ ਕਤਲ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਵਾਉਣ ਅਤੇ ਇਸ ਵਾਰਦਾਤ ਵਿੱਚ ਸ਼ਾਮਲ ਮੁਲਜ਼ਮਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿਵਾਉਣ ਦੀ ਮੰਗ ਕੀਤੀ। ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਨਸ਼ਾ ਤਸਕਰੀ ਦੇ ਮਾਮਲਿਆਂ ਵਿੱਚ ਸ਼ਾਮਲ ਵਿਅਕਤੀਆਂ ਨੂੰ ਵੀ ਕਾਬੂ ਕਰਕੇ ਉਨ੍ਹਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਉਠਾਈ। ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਨਸ਼ਿਆਂ ਦੇ ਕਾਰੋਬਾਰ 'ਤੇ ਨਕੇਲ ਕੱਸਣ ਅਤੇ ਦੋਸ਼ੀਆਂ ਵਿਰੁੱਧ ਸਖ਼ਤ ਕਦਮ ਚੁੱਕਣ ਦੀ ਲੋੜ ਹੈ। ਬਰਨਾਲਾ ਵਿੱਚ ਬੰਦ ਦੇ ਸੱਦੇ ਨੂੰ ਮਿਲੇ ਸਮਰਥਨ ਅਤੇ ਰੋਸ ਮਾਰਚ ਰਾਹੀਂ ਲੋਕਾਂ ਨੇ ਪਰਵਿੰਦਰ ਸਿੰਘ ਝੋਟਾ ਦੇ ਕਤਲ ਮਾਮਲੇ ਵਿੱਚ ਇਨਸਾਫ਼ ਦੀ ਮੰਗ ਉਠਾਈ।

ਪਾਕਿਸਤਾਨ: ਸਕੂਲ ਦੀ ਡਿੱਗੀ ਛੱਤ, 29 ਦੀ ਮੌਤ

ਇਸਲਾਮਾਬਾਦ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਅੱਜ ਪਾਕਿਸਤਾਨ ਦੇ ਪਿਸ਼ਾਵਰ ਵਿਚ ਇਕ ਨਿੱਜੀ ਸਕੂਲ ਦੀ ਛੱਤ ਡਿੱਗਣ ਨਾਲ ਇਕ ਵੱਡਾ ਹਾਦਸਾ ਵਾਪਰਿਆ। ਇਸ ਦੁਖਦਾਈ ਘਟਨਾ ਵਿਚ 28 ਬੱਚਿਆਂ ਅਤੇ ਇਕ ਮਹਿਲਾ ਅਧਿਆਪਕਾ ਦੀ ਮੌਤ ਹੋ ਗਈ, ਜਦੋਂ ਕਿ 40 ਤੋਂ ਵੱਧ ਹੋਰ ਜ਼ਖਮੀ ਹੋ ਗਏ। ਇਹ ਘਟਨਾ ਖੈਬਰ ਪਖਤੂਨਖਵਾ ਸੂਬੇ ਦੀ ਰਾਜਧਾਨੀ ਪਿਸ਼ਾਵਰ ਦੇ ਦੀਰ ਕਲੋਨੀ ਖੇਤਰ ਵਿਚ ਵਾਪਰੀ। ਇਸ ਘਟਨਾ ਨਾਲ ਇਲਾਕੇ ਵਿਚ ਦਹਿਸ਼ਤ ਫੈਲ ਗਈ। ਬਚਾਅ ਟੀਮਾਂ ਮਲਬਾ ਹਟਾਉਣ ਅਤੇ ਮਲਬੇ ਹੇਠਾਂ ਦੱਬੇ ਬੱਚਿਆਂ ਅਤੇ ਸਕੂਲ ਸਟਾਫ਼ ਦੀ ਭਾਲ ਲਈ ਕੰਮ ਕਰ ਰਹੀਆਂ ਸਨ। ਪੁਲਿਸ ਨੇ ਸਕੂਲ ਮਾਲਕ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜਾਣਕਾਰੀ ਅਨੁਸਾਰ ਹਾਦਸੇ ਵਿਚ ਮਰਨ ਵਾਲੇ 28 ਵਿਦਿਆਰਥੀਆਂ ਵਿਚੋਂ ਛੇ ਕੁੜੀਆਂ ਸ਼ਾਮਿਲ ਸਨ। ਇਕ ਮਹਿਲਾ ਅਧਿਆਪਕਾ ਦੀ ਵੀ ਮੌਤ ਹੋ ਗਈ। ਸਾਰੇ ਬੱਚੇ 13 ਸਾਲ ਜਾਂ ਇਸ ਤੋਂ ਘੱਟ ਉਮਰ ਦੇ ਸਨ। ਜ਼ਖਮੀਆਂ ਨੂੰ ਇਲਾਜ ਲਈ ਹਸਪਤਾਲ ਪਹੁੰਚਾਇਆ ਗਿਆ, ਜਿਥੇ ਐਮਰਜੈਂਸੀ ਘੋਸ਼ਿਤ ਕਰ ਦਿੱਤੀ ਗਈ ਹੈ। ਹਸਪਤਾਲ ਪ੍ਰਸ਼ਾਸਨ ਜ਼ਖਮੀਆਂ ਨੂੰ ਜਲਦੀ ਤੋਂ ਜਲਦੀ ਸਭ ਤੋਂ ਵਧੀਆ ਇਲਾਜ ਪ੍ਰਦਾਨ ਕਰਨ ਲਈ ਕੰਮ ਕਰ ਰਿਹਾ ਹੈ। ਹਾਦਸੇ ਵਿਚ ਜ਼ਖਮੀਆਂ ਦੀ ਹਾਲਤ ਨੂੰ ਦੇਖਦੇ ਹੋਏ ਡਾਕਟਰੀ ਸੇਵਾਵਾਂ ਨੂੰ ਅਲਰਟ 'ਤੇ ਰੱਖਿਆ ਗਿਆ ਹੈ। ਛੱਤ ਡਿੱਗਣ ਤੋਂ ਬਾਅਦ ਬਚਾਅ ਟੀਮਾਂ ਮੌਕੇ 'ਤੇ ਪਹੁੰਚੀਆਂ ਅਤੇ ਮਲਬਾ ਸਾਫ਼ ਕਰਨਾ ਸ਼ੁਰੂ ਕਰ ਦਿੱਤਾ। ਟੀਮਾਂ ਇਹ ਯਕੀਨੀ ਬਣਾਉਣ ਲਈ ਕੰਮ ਕਰ ਰਹੀਆਂ ਹਨ ਕਿ ਕੋਈ ਵੀ ਬੱਚਾ ਜਾਂ ਸਕੂਲ ਸਟਾਫ ਮਲਬੇ ਹੇਠ ਨਾ ਫਸੇ। ਹਾਦਸੇ ਤੋਂ ਬਾਅਦ, ਮਲਬੇ ਹੇਠ ਫਸੇ ਲੋਕਾਂ ਨੂੰ ਜਲਦੀ ਤੋਂ ਜਲਦੀ ਬਚਾਉਣ ਲਈ ਰਾਹਤ ਅਤੇ ਬਚਾਅ ਕਾਰਜ ਤੇਜ਼ ਕਰ ਦਿੱਤੇ ਗਏ ਹਨ।

ਸੀ ਬੀ ਆਈ ਵੱਲੋਂ ਪੰਜਾਬ ਦੇ ਵਿਭਾਗਾਂ ਦੀਆਂ ਅਹਿਮ ਫਾਈਲਾਂ ਦੀ ਛਾਣਬੀਣ ਸ਼ੁਰੂ

ਚੰਡੀਗੜ੍ਹ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਸੀ ਬੀ ਆਈ ਨੇ ਪੰਜਾਬ ਵਿੱਚ ਬਦਲੀਆਂ ਅਤੇ ਤਾਇਨਾਤੀਆਂ, ਪੱਖਪਾਤੀ ਨੀਤੀਆਂ ਅਤੇ ਟੈਂਡਰ ਅਲਾਟਮੈਂਟ ਨਾਲ ਜੁੜੀਆਂ ਕਥਿਤ ਬੇਨਿਯਮੀਆਂ ਨਾਲ ਸਬੰਧਿਤ 15 ਮਾਮਲਿਆਂ ਦੀਆਂ ਸਰਕਾਰੀ ਫਾਈਲਾਂ ਦੀ ਪੜਤਾਲ ਵਿੱਢ ਦਿੱਤੀ ਹੈ। ਸੀ ਬੀ ਆਈ ਦੀ 29 ਮੈਂਬਰੀ ਟੀਮ ਵੱਲੋਂ ਸਮੁੱਚੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਪੰਜਾਬ ਸਰਕਾਰ ਦੇ ਵਿਭਾਗਾਂ ਨੇ ਕੇਂਦਰੀ ਏਜੰਸੀ ਨੂੰ ਲੋੜੀਦਾ ਰਿਕਾਰਡ ਮੁਹੱਈਆ ਕਰਾ ਦਿੱਤਾ ਹੈ। ਸੀ ਬੀ ਆਈ ਟੀਮ ਵੱਲੋਂ ਪ੍ਰਾਈਵੇਟ ਵਿਅਕਤੀ ਜਿਨ੍ਹਾਂ ਨੇ ਕਿਸੇ ਨਾ ਕਿਸੇ ਘੁਟਾਲੇ ਨੂੰ ਬੇਪਰਦ ਕੀਤਾ ਸੀ, ਨੂੰ ਵੀ ਜਾਂਚ 'ਚ ਸ਼ਾਮਲ ਕੀਤਾ ਹੈ।

ਚੇਤੇ ਰਹੇ ਕਿ ਸੀ ਬੀ ਆਈ ਨੇ ਮੁੱਖ ਮੰਤਰੀ ਦੇ ਓ ਐੱਸ ਡੀ ਰਾਜਬੀਰ ਸਿੰਘ ਘੁੰਮਣ ਅਤੇ ਪੰਜ ਹੋਰ ਕਰੀਬੀਆਂ ਨਿਤਿਨ ਗੋਹਲ, ਜਿਤਿਨ ਗੋਹਲ, ਰੋਮੀ ਮਹਾਜਨ, ਬੀਰ ਦਵਿੰਦਰ ਅਤੇ ਆਰ.ਐੱਸ. ਨਾਗਰਾ ਖ਼ਿਲਾਫ਼ 5 ਅਕਤੂਬਰ ਨੂੰ ਕੇਸ ਦਰਜ ਕੀਤਾ ਸੀ।

ਸੀ.ਬੀ.ਆਈ. ਨੇ ਮੁੱਖ ਮੰਤਰੀ ਦਫ਼ਤਰ ਵਿੱਚ ਰਾਜਬੀਰ ਘੁੰਮਣ ਅਤੇ ਜਿਤਿਨ ਗੋਹਲ ਦੀ ਨਿਯੁਕਤੀ ਨਾਲ ਸਬੰਧਿਤ ਫਾਈਲਾਂ ਵੀ ਮੰਗੀਆਂ ਹਨ।

ਹਥਿਆਰਾਂ ਦੀ ਤਸਕਰੀ ਕਰਨ ਵਾਲੇ ਗਿਰੋਹ ਦੇ ਤਿੰਨ ਮੈਂਬਰ 10 ਪਿਸਤਲਾਂ ਸਮੇਤ ਕਾਬੂ

ਮੁਹਾਲੀ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁਹਾਲੀ ਪੁਲਿਸ ਨੇ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਗਰੋਹ ਦੇ ਤਿੰਨ ਮੈਂਬਰਾਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਕੋਲੋਂ 10 ਨਾਜਾਇਜ਼ ਪਿਸਤਲ ਅਤੇ 20 ਜ਼ਿੰਦਾ ਰੌਂਦ ਬਰਾਮਦ ਕੀਤੇ ਹਨ। ਬਰਾਮਦ ਹਥਿਆਰਾਂ ਵਿਚ ਇਕ ਗਲੌਕ 9 ਐੱਮ.ਐੱਮ. ਪਿਸਟਲ, .30 ਬੋਰ ਦੇ ਚਾਰ ਅਤੇ .32 ਬੋਰ ਦੇ ਪੰਜ ਪਿਸਤੌਲ ਸ਼ਾਮਿਲ ਹਨ। ਐੱਸ.ਐੱਸ.ਪੀ. ਵਰੁਣ ਸ਼ਰਮਾ ਨੇ ਦੱਸਿਆ ਕਿ ਸੀ.ਆਈ.ਏ. ਸਟਾਫ਼ ਖਰੜ ਦੀ ਟੀਮ ਨੇ ਇੰਚਾਰਜ ਇੰਸਪੈਕਟਰ ਪਰਦੀਪ ਸਿੰਘ ਬਾਜਵਾ ਦੀ ਅਗਵਾਈ ਹੇਠ ਇਹ ਕਾਰਵਾਈ ਕੀਤੀ। ਪੁਲਿਸ ਅਨੁਸਾਰ ਮੁਲਜ਼ਮ ਸਸਤੇ ਭਾਅ 'ਤੇ ਮੱਧ ਪ੍ਰਦੇਸ਼ ਦੇ ਇੰਦੌਰ ਅਤੇ ਉੱਤਰ ਪ੍ਰਦੇਸ਼ ਦੇ ਇਲਾਕਿਆਂ ਤੋਂ ਨਾਜਾਇਜ਼ ਹਥਿਆਰ ਲਿਆ ਕੇ ਮੁਹਾਲੀ, ਖਰੜ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਮਹਿੰਗੇ ਭਾਅ 'ਤੇ ਸਪਲਾਈ ਕਰਦੇ ਸਨ। ਪੁਲਿਸ ਨੇ 13 ਅਕਤੂਬਰ ਨੂੰ ਸਚਿਨ ਉਰਫ਼ ਬੱਚੀ (23) ਵਾਸੀ ਹਿਸਾਰ, ਹਰਿਆਣਾ, ਹਾਲ ਵਾਸੀ ਕਾਸਾ ਹੋਮਜ਼, ਸੰਤੇ ਮਾਜਰਾ, ਖਰੜ ਨੂੰ ਗ੍ਰਿਫ਼ਤਾਰ ਕਰ ਕੇ ਉਸ ਕੋਲੋਂ ਦੋ ਪਿਸਤਲ ਅਤੇ ਦੋ ਜ਼ਿੰਦਾ ਰੌਂਦ ਬਰਾਮਦ ਕੀਤੇ ਸਨ।

ਪੁੱਛਗਿੱਛ ਦੌਰਾਨ ਸਾਹਮਣੇ ਆਏ ਉਸ ਦੇ ਸਾਥੀਆਂ ਮਹਿਕਦੀਪ ਸਿੰਘ ਉਰਫ਼ ਮਹਿਕ (21) ਵਾਸੀ ਫਤਿਹਗੜ੍ਹ ਸਾਹਿਬ ਅਤੇ ਹਰਮਨਪ੍ਰੀਤ ਸਿੰਘ ਉਰਫ਼ ਹਨੀ (29) ਵਾਸੀ ਮੋਗਾ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ। ਪੁਲਿਸ ਅਨੁਸਾਰ ਮੁਲਜ਼ਮਾਂ ਵਲੋਂ ਵਰਤੀ ਜਾਂਦੀ ਸਕਾਰਪੀਓ ਗੱਡੀ ਵਿਚੋਂ ਵੀ ਦੋ ਨਾਜਾਇਜ਼ ਪਿਸਤੌਲ ਬਰਾਮਦ ਹੋਏ। ਪੁਲਿਸ ਅਨੁਸਾਰ ਮਹਿਕਦੀਪ ਸਿੰਘ ਫਤਿਹਗੜ੍ਹ ਸਾਹਿਬ ਥਾਣੇ ਵਿਚ ਦਰਜ ਇਰਾਦਾ ਕਤਲ ਦੇ ਇਕ ਮਾਮਲੇ ਵਿਚ ਭਗੌੜਾ ਸੀ। ਸਚਿਨ ਉਰਫ਼ ਬੱਚੀ ਖ਼ਿਲਾਫ਼ ਵੀ ਪਹਿਲਾਂ ਹਥਿਆਰਾਂ ਅਤੇ ਹੋਰ ਅਪਰਾਧਾਂ ਸੰਬੰਧੀ ਮਾਮਲੇ ਦਰਜ ਹਨ। ਪੁਲਿਸ ਨੇ ਦੱਸਿਆ ਕਿ ਸਚਿਨ ਦੇ ਸੰਬੰਧ ਕੀਰਤੀ ਮਾਨ ਨਾਲ ਵੀ ਸਨ, ਜਿਸ ਦਾ ਅਗਸਤ 2026 ਵਿਚ ਹਰਿਆਣਾ ਦੇ ਚਰਖੀ ਦਾਦਰੀ ਦੀ ਅਦਾਲਤ ਵਿਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ।

ਬਿਨਾਂ ਸੀਐੱਮ ਚਿਹਰੇ ਦੇ ਲੜੇਗੀ ਕਾਂਗਰਸ; ਪੰਜਾਬ ਵਿੱਚ 100 ਫੀਸਦੀ ਸਰਕਾਰ ਬਣਾਵਾਂਗੇ: ਪਾਇਲਟ

ਨਵੀਂ ਦਿੱਲੀ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਕਾਂਗਰਸ ਦੇ ਪੰਜਾਬ ਇੰਚਾਰਜ ਸਚਿਨ ਪਾਇਲਟ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੀ ਪਾਰਟੀ ਪੰਜਾਬ ਵਿੱਚ 100 ਫੀਸਦੀ ਸਰਕਾਰ ਬਣਾਏਗੀ। ਉਨ੍ਹਾਂ ਕਿਹਾ ਕਿ ਲੋਕ ਬਦਲਾਅ ਚਾਹੁੰਦੇ ਹਨ ਅਤੇ ਸਭ ਨੂੰ ਨਾਲ ਲੈ ਕੇ ਚੱਲਣ ਵਾਲੇ ਕਪਤਾਨ ਪਰਗਟ ਸਿੰਘ ਦੀ ਅਗਵਾਈ ਵਿੱਚ ਕਾਂਗਰਸ ਕੋਲ ਇੱਕ ਮਜ਼ਬੂਤ ਟੀਮ ਹੈ। ਪਿਛਲੇ ਮਹੀਨੇ ਪੰਜਾਬ ਦੇ ਏ ਆਈ ਸੀ ਸੀ ਜਨਰਲ ਸਕੱਤਰ ਇੰਚਾਰਜ ਵਜੋਂ ਅਹੁਦਾ ਸੰਭਾਲਣ ਵਾਲੇ ਪਾਇਲਟ ਨੇ ਸਪਸ਼ਟ ਕੀਤਾ ਕਿ ਸੂਬੇ ਵਿੱਚ ਪਾਰਟੀ ਦਾ ਕੋਈ ਮੁੱਖ ਮੰਤਰੀ ਚਿਹਰਾ ਨਹੀਂ ਹੋਵੇਗਾ ਅਤੇ ਸਾਰੇ ਆਗੂ ਇੱਕ ਟੀਮ ਵਜੋਂ ਇਕੱਠੇ ਮਿਲ ਕੇ ਲੜ ਰਹੇ ਹਨ। ਉਨ੍ਹਾਂ ਕਿਹਾ ਕਿ ਚੋਣਾਂ ਜਿੱਤਣ ਤੋਂ ਬਾਅਦ ਪਾਰਟੀ ਵਰਕਰਾਂ, ਆਗੂਆਂ ਅਤੇ ਵਿਧਾਇਕਾਂ ਦੀ ਸਲਾਹ ਨਾਲ ਮੁੱਖ ਮੰਤਰੀ ਬਾਰੇ ਅੰਤਿਮ ਫੈਸਲਾ ਲਿਆ ਜਾਵੇਗਾ।

ਪਾਇਲਟ ਨੇ ਕਿਹਾ, ਪੰਜਾਬ ਨੇ ਅਕਾਲੀ ਦਲ-ਭਾਜਪਾ ਅਤੇ 'ਆਪ' ਦੀਆਂ ਸਰਕਾਰਾਂ ਦੇਖੀਆਂ ਹਨ, ਪਰ ਕਾਂਗਰਸ ਨੇ ਹੀ ਅਤਿਵਾਦ ਦਾ ਖਾਤਮਾ ਕੀਤਾ, ਵਿਕਾਸ ਕਰਵਾਇਆ ਅਤੇ ਨਿਵੇਸ਼ ਲਿਆਂਦਾ। ਉਨ੍ਹਾਂ ਪੰਜਾਬ ਕਾਂਗਰਸ ਦੇ ਨਵੇਂ ਪ੍ਰਧਾਨ ਪਰਗਟ ਸਿੰਘ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਸਾਰੇ ਆਗੂਆਂ ਨੂੰ ਨਾਲ ਜੋੜਿਆ ਹੈ ਅਤੇ ਟੀਮ ਦੇ 11 ਖਿਡਾਰੀ ਬਹੁਤ ਮਜ਼ਬੂਤ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਕੋਲ ਪ੍ਰਤਾਪ ਸਿੰਘ ਬਾਜਵਾ, ਸੁਖਜਿੰਦਰ ਸਿੰਘ ਰੰਧਾਵਾ, ਚਰਨਜੀਤ ਸਿੰਘ ਚੰਨੀ ਅਤੇ ਅਮਰਿੰਦਰ ਸਿੰਘ ਰਾਜਾ ਵੜਿੰਗ ਵਰਗੇ ਤਜ਼ਰਬੇਕਾਰ ਅਤੇ ਜ਼ਮੀਨੀ ਪੱਧਰ ਨਾਲ ਜੁੜੇ ਹੋਏ ਆਗੂ ਹਨ, ਜਿਸ ਨਾਲ ਉਨ੍ਹਾਂ ਦੀ ਟੀਮ ਕਾਫ਼ੀ ਮਜ਼ਬੂਤ ਹੈ।

ਆਮ ਆਦਮੀ ਪਾਰਟੀ 'ਤੇ ਨਿਸ਼ਾਨਾ ਸੇਧਦਿਆਂ ਉਨ੍ਹਾਂ ਕਿਹਾ ਕਿ 'ਆਪ' ਸਿਰਫ਼ ਮੁੱਖ ਮੰਤਰੀ ਭਗਵੰਤ ਮਾਨ 'ਤੇ ਨਿਰਭਰ ਹੈ। ਉਨ੍ਹਾਂ ਦਾਅਵਾ ਕੀਤਾ ਕਿ 'ਆਪ' ਤੋਂ ਲੋਕਾਂ ਦਾ ਵਿਸ਼ਵਾਸ ਉੱਠ ਚੁੱਕਾ ਹੈ। ਭਾਜਪਾ ਬਾਰੇ ਗੱਲ ਕਰਦਿਆਂ ਪਾਇਲਟ ਨੇ ਕਿਹਾ ਕਿ ਉਨ੍ਹਾਂ ਕੋਲ ਸਾਧਨ ਬਹੁਤ ਹਨ ਪਰ ਉਹ ਵੱਡੀ ਤਾਕਤ ਨਹੀਂ ਬਣ ਸਕਣਗੇ ਕਿਉਂਕਿ ਉਨ੍ਹਾਂ ਨੇ ਹਮੇਸ਼ਾ ਅਕਾਲੀ ਦਲ ਦਾ ਸਹਾਰਾ ਲਿਆ ਹੈ। ਸ਼੍ਰੋਮਣੀ ਅਕਾਲੀ ਦਲ ਬਾਰੇ ਉਨ੍ਹਾਂ ਕਿਹਾ ਕਿ ਪਾਰਟੀ ਧੜਿਆਂ ਵਿੱਚ ਵੰਡੀ ਜਾ ਚੁੱਕੀ ਹੈ ਅਤੇ ਹੁਣ ਪਹਿਲਾਂ ਵਰਗੀ ਮਜ਼ਬੂਤ ਨਹੀਂ ਰਹੀ।

ਪਾਇਲਟ ਨੇ ਜ਼ੋਰ ਦੇ ਕੇ ਕਿਹਾ ਕਿ ਮੁੱਖ ਮੁਕਾਬਲਾ ਕਾਂਗਰਸ ਅਤੇ 'ਆਪ' ਵਿਚਾਲੇ ਹੀ ਹੋਵੇਗਾ ਅਤੇ ਕਾਂਗਰਸ ਇਹ ਚੋਣਾਂ ਜਿੱਤਣ ਲਈ ਪੂਰੀ ਤਰ੍ਹਾਂ ਤਿਆਰ ਹੈ।

ਪੰਜ ਕੇਸਾਂ ਵਾਲੇ ਅਸ਼ਵਨੀ ਨੂੰ ਹੱਥੋਂ ਹੱਥ ਅਸਲਾ ਲਾਇਸੈਂਸ, ਮੁਲਜ਼ਮ ਕੋਲ ਇੱਕ ਪਿਸਟਲ ਤੇ ਇੱਕ ਗੰਨ

ਚੰਡੀਗੜ੍ਹ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਪ੍ਰਸ਼ਾਸਨ ਮਾਨਸਾ ਨੇ ਮੁਲਜ਼ਮ ਅਸ਼ਵਨੀ ਕੁਮਾਰ ਨੂੰ ਹੱਥੋਂ ਹੱਥ ਅਸਲਾ ਲਾਇਸੈਂਸ ਜਾਰੀ ਕੀਤਾ ਸੀ ਤੇ ਮੁਲਜ਼ਮ 'ਤੇ ਦਰਜ ਪੰਜ ਪੁਲੀਸ ਕੇਸਾਂ ਦੀ ਵੀ ਅਣਦੇਖੀ ਕਰ ਦਿੱਤੀ ਗਈ। ਇਨ੍ਹਾਂ ਪੁਲੀਸ ਕੇਸਾਂ 'ਚ ਤਿੰਨ ਕੇਸ ਤਾਂ ਇਕੱਲੇ ਜ਼ਿਲ੍ਹਾ ਮੈਜਿਸਟਰੇਟ ਦੇ ਹੁਕਮਾਂ ਦੀ ਉਲੰਘਣਾ ਕਰਨ ਦੇ ਦਰਜ ਸਨ ਪ੍ਰੰਤੂ ਇਸ ਦੇ ਬਾਵਜੂਦ ਮਾਨਸਾ ਪ੍ਰਸ਼ਾਸਨ ਨੇ ਅਸਲਾ ਲਾਇਸੈਂਸ ਜਾਰੀ ਕਰ ਦਿੱਤਾ। ਕੀ ਕਿਸੇ ਸਿਆਸੀ ਹਸਤੀ ਦੇ ਦਬਾਓ ਹੇਠ ਅਸਲਾ ਲਾਇਸੈਂਸ ਜਾਰੀ ਹੋਇਆ ਹੈ, ਇਹ ਤਾਂ ਜਾਂਚ ਦਾ ਵਿਸ਼ਾ ਹੈ ਪ੍ਰੰਤੂ ਵਧੀਕ ਡਿਪਟੀ ਕਮਿਸ਼ਨਰ ਮਾਨਸਾ ਨੇ 21 ਅਗਸਤ 2024 ਨੂੰ ਅਸ਼ਵਨੀ ਕੁਮਾਰ ਨੂੰ ਅਸਲਾ ਲਾਇਸੈਂਸ ਜਾਰੀ ਕੀਤਾ ਸੀ।

ਇਸੇ ਅਸਲਾ ਲਾਇਸੈਂਸ ਦੇ ਅਧਾਰ 'ਤੇ ਨਸ਼ਾ ਵਿਰੋਧੀ ਕਾਰਕੁਨ ਪਰਵਿੰਦਰ ਸਿੰਘ ਝੋਟਾ ਦੀ ਹੱਤਿਆ ਕਰਨ ਵਾਲੇ ਅਸ਼ਵਨੀ ਕੁਮਾਰ ਨੇ ਦੋ ਲਾਇਸੈਂਸੀ ਹਥਿਆਰ ਰੱਖੇ ਹੋਏ ਹਨ। ਜ਼ਿਲ੍ਹਾ ਮੈਜਿਸਟਰੇਟ ਮਾਨਸਾ ਨੇ ਮੁਲਜ਼ਮ ਅਸ਼ਵਨੀ ਕੁਮਾਰ ਨੂੰ ਜ਼ਿਲ੍ਹਾ ਪੁਲੀਸ ਦੀ ਸਿਫ਼ਾਰਸ਼ 'ਤੇ ਅਸਲਾ ਲਾਇਸੈਂਸ ਜਾਰੀ ਕੀਤਾ। ਵੇਰਵਿਆਂ ਅਨੁਸਾਰ ਅਸ਼ਵਨੀ ਕੁਮਾਰ ਕੋਲ ਇੱਕ ਪਿਸਟਲ (7.62 ਐੱਮ ਐੱਮ) ਅਤੇ ਇੱਕ ਬਾਰਾਂ ਬੋਰ ਦੀ ਗੰਨ ਸੀ। ਮੁਲਜ਼ਮ ਅਸ਼ਵਨੀ ਕੁਮਾਰ ਦੇ ਲਾਇਸੈਂਸ ਦੀ ਵੈਧਤਾ 21 ਅਗਸਤ 2024 ਤੋਂ 20 ਅਗਸਤ 2029 ਤੱਕ ਦੀ ਸੀ।

ਮਾਨਸਾ 'ਚ ਆਪਣੀ ਦਵਾਈਆਂ ਦੀ ਦੁਕਾਨ 'ਚ ਪਰਵਿੰਦਰ ਸਿੰਘ ਝੋਟਾ ਦੀ ਹੱਤਿਆ ਕਰਨ ਲਈ ਅਸ਼ਵਨੀ ਕੁਮਾਰ ਨੇ ਇਹੋ ਲਾਇਸੈਂਸੀ ਹਥਿਆਰ ਦੀ ਵਰਤੋਂ ਕੀਤੀ। ਜ਼ਿਲ੍ਹਾ ਮੈਜਿਸਟਰੇਟ ਵੱਲੋਂ ਅਸ਼ਵਨੀ ਕੁਮਾਰ ਨੂੰ ਇੱਕੋ ਸਮੇਂ 50 ਕਾਰਤੂਸ ਖ਼ਰੀਦਣ ਅਤੇ ਇੱਕ ਸਾਲ 'ਚ 100 ਕਾਰਤੂਸ ਖ਼ਰੀਦਣ ਦਾ ਅਧਿਕਾਰ ਵੀ ਦਿੱਤਾ ਹੋਇਆ ਸੀ। ਮਾਨਸਾ ਦੇ ਐੱਸ ਐੱਸ ਪੀ ਵੱਲੋਂ ਇਸ ਅਸਲਾ ਲਾਇਸੈਂਸ ਲਈ ਕੀਤੀ ਸਿਫ਼ਾਰਸ਼ 'ਚ ਅਸ਼ਵਨੀ ਕੁਮਾਰ 'ਤੇ ਦਰਜ ਪੰਜ ਪੁਲੀਸ ਕੇਸਾਂ ਦਾ ਜ਼ਿਕਰ ਵੀ ਕੀਤਾ ਹੈ ਅਤੇ ਇਸ ਤੋਂ ਇਲਾਵਾ ਅਸ਼ਵਨੀ ਕੁਮਾਰ ਲਈ ਖ਼ਤਰੇ ਦਾ ਅਧਾਰ ਮਾਨਸਾ ਦੇ ਸਿਟੀ-2 'ਚ ਦਰਜ ਐੱਫ਼ ਆਈ ਆਰ 66 (ਮਿਤੀ 4 ਅਪਰੈਲ 2024) ਨੂੰ ਬਣਾਇਆ ਗਿਆ।

ਐੱਸ ਐੱਸ ਪੀ ਨੇ ਅਸ਼ਵਨੀ ਕੁਮਾਰ ਨੂੰ ਅਸਲਾ ਲਾਇਸੈਂਸ ਜਾਰੀ ਕਰਨ ਦੀ ਸਿਫ਼ਾਰਸ਼ 9 ਅਗਸਤ 2024 ਨੂੰ ਨੰਬਰ 91/ਐੱਨ ਏ ਐੱਲ ਤਹਿਤ ਕੀਤੀ ਅਤੇ ਵਧੀਕ ਡਿਪਟੀ ਕਮਿਸ਼ਨਰ ਨੇ 21 ਅਗਸਤ 2024 ਨੂੰ ਅਸਲਾ ਲਾਇਸੈਂਸ ਜਾਰੀ ਕਰ ਦਿੱਤਾ। ਪ੍ਰਾਪਤ ਵੇਰਵਿਆਂ ਅਨੁਸਾਰ ਆਮ ਤੌਰ 'ਤੇ ਜ਼ਿਲ੍ਹਾ ਮੈਜਿਸਟਰੇਟ ਉਸ ਕਿਸੇ ਵਿਅਕਤੀ ਨੂੰ ਵੀ ਅਸਲਾ ਲਾਇਸੈਂਸ ਜਾਰੀ ਨਹੀਂ ਕਰਦੇ ਜਿਸ 'ਤੇ ਕੋਈ ਪੁਲੀਸ ਕੇਸ ਦਰਜ ਹੁੰਦਾ ਹੈ। ਇੱਥੋਂ ਤੱਕ ਕਿ ਜ਼ਿਲ੍ਹਾ ਮੈਜਿਸਟਰੇਟ ਪੁਲੀਸ ਕੇਸ ਦਰਜ ਹੋਣ ਕਰਕੇ ਲਾਇਸੈਂਸੀ ਦਾ ਕਈ ਵਾਰ ਅਸਲਾ ਲਾਇਸੈਂਸ ਰੀਨਿਊ ਵੀ ਨਹੀਂ ਕਰਦੇ ਪ੍ਰੰਤੂ ਅਸ਼ਵਨੀ ਕੁਮਾਰ ਨੂੰ ਲਾਇਸੈਂਸ ਜਾਰੀ ਕਰਨ ਸਮੇਂ ਪੰਜ ਪੁਲੀਸ ਕੇਸਾਂ ਨੂੰ ਨਜ਼ਰਅੰਦਾਜ਼ ਹੀ ਕਰ ਦਿੱਤਾ ਗਿਆ।

ਪਰਵਿੰਦਰ 'ਤੇ ਗੋਲੀ ਚਲਾਉਣ ਵਾਲੇ ਅਸ਼ਵਨੀ ਦੀ ਪਤਨੀ ਸਮੇਤ ਤਿੰਨ ਨਾਮਜ਼ਦ

ਮਾਨਸਾ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪਰਵਿੰਦਰ ਸਿੰਘ ਝੋਟਾ ਕਤਲ ਮਾਮਲੇ 'ਚ ਮਾਨਸਾ ਪੁਲੀਸ ਨੇ ਮੁੱਖ ਮੁਲਜ਼ਮ ਮੈਡੀਕਲ ਦੁਕਾਨਦਾਰ ਅਸ਼ਵਨੀ ਕੁਮਾਰ ਸਮੇਤ ਉਸਦੀ ਪਤਨੀ ਨੀਲਮ ਰਾਣੀ ਨੂੰ ਵੀ ਨਾਮਜ਼ਦ ਕੀਤਾ ਹੈ। ਇਸ ਤੋਂ ਇਲਾਵਾ ਲਾਡੀ ਬਰਨਾਲਾ ਅਤੇ ਵਿਪਨ ਗਰਗ 'ਤੇ ਵੀ ਮਾਮਲਾ ਦਰਜ ਕੀਤਾ ਗਿਆ ਹੈ।

ਦੱਸਿਆ ਜਾ ਰਿਹਾ ਹੈ ਕਿ ਮੁਲਜ਼ਮ ਅਸ਼ਵਨੀ ਕੁਮਾਰ ਨੇ ਜਦੋਂ ਦੁਕਾਨ 'ਤੇ ਪਰਵਿੰਦਰ ਸਿੰਘ ਝੋਟਾ ਤੇ ਗੋਲੀ ਚਲਾਈ, ਉਸ ਤੋਂ ਪਹਿਲਾਂ ਉਸ ਨੇ ਮੋਬਾਈਲ ਫੋਨ ਤੇ ਆਪਣੇ ਕਿਸੇ ਪਰਿਵਾਰਕ ਮੈਂਬਰ ਨਾਲ ਗੱਲਬਾਤ ਕੀਤੀ ਤੇ ਨਾਲ ਹੀ ਪਰਵਿੰਦਰ ਝੋਟਾ 'ਤੇ ਗੋਲੀਆਂ ਵਰਾ ਦਿੱਤੀਆਂ। ਬਾਅਦ ਵਿੱਚ ਉਸ ਨੇ ਬਾਜ਼ਾਰ ਵਿਚ ਵੀ ਭੱਜੇ ਜਾਂਦੇ ਪਰਵਿੰਦਰ ਝੋਟਾ ਤੇ ਉਸਦੇ ਸਾਥੀਆਂ ਤੇ ਗੋਲੀਆਂ ਚਲਾਈਆਂ। ਜਾਣਕਾਰੀ ਅਨੁਸਾਰ ਕਈ ਵਿਅਕਤੀਆਂ ਨੇ ਦੁਕਾਨਦਾਰ ਨੂੰ ਉਸ ਦਾ ਨਾਂ ਲੈ ਕੇ ਰੋਕਿਆ ਵੀ, ਪਰ ਉਹ ਨਹੀਂ ਰੁਕਿਆ। ਡੀ ਆਈ ਜੀ ਹਰਜੀਤ ਸਿੰਘ ਨੇ ਜਾਣਕਾਰੀ ਦਿੰਦਿਆ ਦੱਸਿਆ ਸੀ ਕਿ ਪੁਲੀਸ ਦੀ ਮੁਢਲੀ ਜਾਂਚ ਚ ਸਾਹਮਣੇ ਆਇਆ ਹੈ ਕਿ ਮੁਲਜ਼ਮ ਨੇ ਵਾਰਦਾਤ ਸਮੇਂ ਮੋਬਾਈਲ ਫੋਨ ਤੇ ਆਪਣੇ ਪਰਿਵਾਰਿਕ ਮੈਂਬਰ ਨਾਲ ਗੱਲਬਾਤ ਕੀਤੀ ਸੀ।

ਨਵਰਾਤਰੀ ਪਰ ਆਈਸੀਸੀਆਈ ਲਾਈਫ ਇੰਸ਼ਯੋਰੇਂਸ ਕਾ ਵੱਡਾ ਐਲਾਨ: ਵਿੱਤੀ ਸਾਲ 2027 ਤੱਕ 20,000 ਮਹਿਲਾ ਐਡਵਾਇਜਰ ਜੁੜਗੀ ਕੰਪਨੀ

ਲੁਧਿਆਣਾ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਨਵਰਾਤਰੀ ਦੇ ਮੌਕੇ 'ਤੇ ਆਈਸੀਆਈਸੀਆਈ ਲਾਈਫ ਇੰਸ਼ਯੋਰੇਂਸ ਨੇ ਆਪਣੀ 'ਨਾਰੀਸ਼ਕਤੀ' ਪਹਿਲ ਦੇ ਅਧੀਨ ਵਿੱਤੀ ਸਾਲ 2027 ਦੇ ਅੰਤ ਤੱਕ ਅੰਤ ਤੱਕ 20,000 ਮਹਿਲਾ ਐਡਵਾਇਜਰ ਜੋੜਨ ਦੀ ਯੋਜਨਾ ਦੀ ਘੋਸ਼ਣਾ ਕੀਤੀ ਗਈ ਹੈ। 30 ਸਤੰਬਰ, 2026 ਤੱਕ ਕੰਪਨੀ ਤੋਂ 78,000 ਤੋਂ ਵੱਧ ਔਰਤ ਐਡਵਾਇਰ ਕੰਪਨੀ ਸਪਸ਼ਟੀਕਰਨ ਥੀਂ, ਜਿਨਕਾ ਦੀ ਕੰਪਨੀ ਨੇ 45 ਪ੍ਰਤੀਸ਼ਤ ਯੋਗਦਾਨ ਦਿੱਤਾ ਹੈ। ਇਹ ਐਲਾਨ ਕਰਨ ਵਾਲੀ ਕੰਪਨੀ 'ਨਾਰੀਸ਼ਕਤੀ' ਪਹਿਲ ਦੇ ਦੋ ਸਾਲ ਪੂਰੇ ਹੋਣ ਦੇ ਮੌਕੇ 'ਤੇ ਹੈ। ਕੰਪਨੀ ਦੇ ਉਦਯੋਗ ਵਿੱਚ ਮਹਿਲਾ ਐਡਵਾਇਜਰ ਦੀ ਫੋਟਦਾਰੀ 45 ਪ੍ਰਤੀਸ਼ਤ, 30 ਸਤੰਬਰ, 2026 ਤੱਕ ਕੰਪਨੀ ਨੇ 78,000 ਤੋਂ ਵੱਧ ਮਹਿਲਾ ਐਡਵਾਈਜ਼ਰ, 30 ਸਤੰਬਰ, 2026 ਤੱਕ 500 ਤੋਂ ਵੱਧ ਮਹਿਲਾ ਐਡਵਾਇਜਰ ਨੇ ਐਮਡੀਆਰਟੀ ਲਈ ਕੁਆਲੀਫਾਈ ਕੀਤਾ। ਆਈਸੀਆਈਸੀਆਈ ਲਾਈਫ ਇੰਸ਼ੋਰੈਂਸ ਲਿਮਟਿਡ ਦੇ ਮੁੱਖ ਵੰਡ ਅਧਿਕਾਰੀ, ਅਮਿਸ਼ ਬੈਂਕਰ ਨੇ ਕਿਹਾ, ਆਈਸੀਆਈਸੀਆਈ ਲਾਈਫ ਇੰਸ਼ੋਰੈਂਸ ਵਿਖੇ, ਅਸੀਂ ਦ੍ਰਿੜਤਾ ਨਾਲ ਵਿਸ਼ਵਾਸ ਕਰਦੇ ਹਾਂ ਕਿ ਪ੍ਰਤਿਭਾ ਦਾ ਕੋਈ ਲਿੰਗ ਨਹੀਂ ਹੁੰਦਾ। ਦੇਖ ਰਹੇ ਹਨ, ਉਹ ਸਾਡੀਆਂ ਮਹਿਲਾ ਐਡਵਾਈਜ਼ਰ ਵੀ ਗਾਹਕਾਂ ਦੀ ਜ਼ਰੂਰਤ ਨੂੰ ਸਮਝਦੀ ਹੈ ਅਤੇ ਉਨ੍ਹਾਂ ਦੀਆਂ ਉਮੀਦਾਂ 'ਤੇ ਖਰਾ ਉਤਰਨ ਲਈ ਪੂਰੀ ਮਿਹਨਤ ਕਰ ਰਹੀ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਕੰਪਨੀ ਦੇ ਕੁਲ ਐਡਵਾਈਜ਼ਰ ਵਿੱਚ ਔਰਤਾਂ ਦੀ ਸ਼ੇਅਦਾਰੀ ਨੇੜੇ 32 ਪ੍ਰਤੀਸ਼ਤ ਹੈ, ਪਰ 30 ਸਤੰਬਰ, 2026 ਤੱਕ ਉਹ ਕੰਪਨੀ ਦੇ ਵਪਾਰ ਵਿੱਚ ਲਗਭਗ 45 ਪ੍ਰਤੀਸ਼ਤ ਯੋਗਦਾਨ ਦਿੰਦੀ ਹੈ। ਬੈਂਗਲੁਰੂ, ਕੇਰਲ ਅਤੇ ਮੁੰਬਈ ਵਰਗੀਆਂ ਔਰਤਾਂ ਵਿੱਚ ਐਡਵਾਈਜ਼ਰ ਦੀ ਮਹੱਤਤਾ ਵਾਲੀ ਕੰਪਨੀ 50 ਪ੍ਰਤੀਸ਼ਤ ਤੋਂ ਵੀ ਵੱਧ ਰਹੀ ਹੈ। ਸਾਡੀ ਮਹਿਲਾ ਐਡਵਾਇਜਰ ਵੱਖ-ਵੱਖ ਪਾਸਿਓਂ ਆਉਂਦੀ ਹੈ। ਇਨਾਂ ਘਰੇਲੂ ਔਰਤਾਂ, ਨੌਕਰੀਪੇਸ਼ਾ ਵੂਮੈਨ ਅਤੇ ਵਿਵਤੀ ਔਰਤਾਂ ਸ਼ਾਮਲ ਹਨ। ਸਿਰਫ਼ ਇੱਕ ਮੇਰੇ ਵਰਗੇ ਕਈ ਕੰਮ ਕਰਨ ਵਾਲੇ ਨੇ, ਸਲਾਹਕਾਰ ਦੀ ਇੱਕ ਤਰ੍ਹਾਂ ਨਾਲ ਸਮੱਸਿਆਵਾਂ ਦਾ ਹੱਲ ਕੱਢਿਆ ਅਤੇ ਬੈਂਕਰ ਦੀ ਤਰ੍ਹਾਂ ਪੈਸੇ ਦਾ ਪ੍ਰਬੰਧਨ ਕਰਨ ਦੀ ਸਮਰੱਥਾ ਸੀ।

ਭਾਰਤੀ ਔਰਤਾਂ ਵਿੱਚ ਹੋਰਾਂ ਦੀਆਂ ਭਾਵਨਾਵਾਂ ਨੂੰ ਇਸ ਨਾਲ ਸਮੱਸਿਆਵਾਂ ਦਾ ਸਾਰਥਿਕ ਹੱਲ ਨਿਕਲਦਾ ਹੈ। ਉਨ੍ਹਾਂ ਦੇ ਗਾਹਕਾਂ ਦੀ ਜ਼ਰੂਰਤਾਂ ਨੂੰ ਬਿਹਤਰ ਤਰੀਕੇ ਨਾਲ ਸਮਝੋ, ਉਨ੍ਹਾਂ ਲਈ ਸਹੀ ਹੱਲ ਚੁਣੋ ਅਤੇ ਪਾਲਿਸੀ ਵੇਚਣ ਵਾਲੇ ਵੀ ਉਨ੍ਹਾਂ ਦੇ ਨਾਲ ਭਰੋਸੇਮੰਦ ਰਿਸ਼ਤਾ ਬਣਾਈ ਰੱਖਦੇ ਹਨ। ਉਨ੍ਹਾਂ ਦੀ ਭਾਵਨਾਤਮਕ ਸਮਝ, ਸਮਾਜਿਕ ਸਰਗਰਮਤਾ, ਵਿਕਾਸਤਾ, ਵਫਾਦਾਰੀ ਅਤੇ ਪਰਿਵਾਰਾਂ ਨੂੰ ਸੁਰੱਖਿਅਤ ਰੱਖਣ ਦੀ ਬੀਮਾ ਸੁਰੱਖਿਆ ਵਿੱਚ ਸੁਰੱਖਿਅਤ ਅਹਿਮੀਅਤ ਹੈ। ਇਹ ਸੋਚ ਕੇ ਅਸੀਂ ਦੋ ਸਾਲ ਪਹਿਲਾਂ 'ਨਾਰੀਸ਼ਕਤੀ' ਪਹਿਲ ਸ਼ੁਰੂ ਕਰਦੇ ਹਾਂ।

ਉਦੇਸ਼ ਜ਼ਰੂਰੀ ਸਿਖਲਾਈ ਅਤੇ ਸਹਾਇਤਾ ਪ੍ਰਦਾਨ ਕਰਨ ਵਾਲੇ ਦੀ ਮਹਿਲਾ ਐਡਵਾਇਜਰ ਨੂੰ ਸਸ਼ਕਤ ਬਣਾਉਣਾ ਅਤੇ ਉਨ੍ਹਾਂ ਦੀ ਸਮਰੱਥਾਵਾਂ ਨੂੰ ਅੱਗੇ ਲਾਣਾ ਹੈ। ਨਵਰਾਤਰੀ ਹੋਰ ਔਰਤਾਂ ਨੂੰ ਸਾਡੀ ਨਾਰੀਸ਼ਕਤੀ ਟੀਮ ਨਾਲ ਜੋੜਨ ਦਾ ਲਾਭਦਾਇਕ ਮੌਕਾ ਹੈ। ਅਸੀਂ ਉਨ੍ਹਾਂ ਨੂੰ ਜ਼ਰੂਰੀ ਹੁਨਰ ਪ੍ਰਦਾਨ ਕਰਨਾ ਚਾਹੁੰਦੇ ਹਾਂ, ਤਾਂ ਕਿ ਸਾਲ 2047 ਤੱਕ ਸਾਰਿਆਂ ਲਈ ਬੀਮਾ ਸਰਕਾਰ ਦੇ ਟੀਚੇ ਨੂੰ ਪੂਰਾ ਕਰਨ ਲਈ ਸਰਗਰਮ ਭੂਮਿਕਾ ਨਿਭਾ ਸਕਦੇ ਹਨ। 30 ਸਤੰਬਰ, 2026 ਤੱਕ ਕੰਪਨੀ ਦੀ 47 ਪ੍ਰਤੀਸ਼ਤ ਮਹਿਲਾ ਐਡਵਾਇਜਰ 10 ਸਾਲ ਤੋਂ ਵੱਧ ਸਮੇਂ ਤੋਂ ਆਈਸੀਆਈਸੀਆਈ ਲਾਈਫ ਇੰਸ਼ਿਓਰੇਂਸ ਤੋਂ ਸਮਝੀ ਗਈ ਸੀ। ਇਸ ਤੋਂ ਇਲਾਵਾ, ਕੰਪਨੀ ਦੀ 500 ਤੋਂ ਵੱਧ ਮਹਿਲਾ ਐਡਵਾਇਜਰ ਨੇ ਮੇਨਲਡ ਰਾਊਂਡ ਟੇਬਲ (ਐਮਡੀਆਰਟੀ) ਲਈ ਕੁਆਲੀਫਾਈ ਕੀਤੀ ਹੈ। ਐਮਡੀਆਰਟੀ ਜੀਵਨ ਬੀਮਾ ਏਜੰਟਾਂ ਅਤੇ ਵਿੱਤੀ ਸੇਵਾ ਖੇਤਰ ਦਾ ਸਰਵੋਤਮ ਪ੍ਰਦਰਸ਼ਨ ਕਰਨ ਵਾਲੇ ਪੇਸ਼ੇਵਰਾਂ ਦਾ ਇੱਕ ਸੁਤੰਤਰ ਸੰਸਾਰਕ ਸੰਗਠਨ ਹੈ।

2024 ਵਿੱਚ ਸ਼ੁਰੂ ਕੀਤੀ ਆਈਸੀਆਈਸੀਆਈ ਲਾਈਫ ਇੰਸ਼ਯੋਰੇਂਸ ਦੀ 'ਨਾਰੀਸ਼ਕਤੀ' ਪਹਿਲ ਔਰਤਾਂ ਦੇ ਬਿਨਾਂ ਕਿਸੇ ਸ਼ੁਰੂਆਤੀ ਨਿਵੇਸ਼ ਦੀ ਇੱਕ ਸਨਮਾਨਜਨਕ ਵਿੱਤੀ ਸਲਾਹਕਾਰ ਦੇ ਰੂਪ ਵਿੱਚ ਆਪਣਾ ਕਰੀਅਰ ਬਣਾਉਣ ਦਾ ਮੌਕਾ ਮਿਲਦਾ ਹੈ। ਇਸ ਪਹਿਲ ਦੇ ਅਧੀਨ ਤੁਹਾਡੀਆਂ ਔਰਤਾਂ ਤੁਹਾਡੀਆਂ ਸੁਵਿਧਾਵਾਂ ਅਨੁਸਾਰ ਕੰਮ ਕਰ ਸਕਦੀਆਂ ਹਨ ਅਤੇ ਪਰਿਵਾਰ ਨੂੰ ਸਮੇਂ ਸਿਰ ਦੇਣ ਦੇ ਨਾਲ ਅੱਗੇ ਵਧਣ ਦੀ ਸੰਭਾਵਨਾ ਹੈ। ਇਸ ਦੇ ਨਾਲ ਹੀ ਉਨ੍ਹਾਂ ਦੀ ਪਛਾਣ ਪ੍ਰਾਪਤ ਕਰਨਾ, ਆਰਥਿਕ ਤੌਰ 'ਤੇ ਆਤਮ-ਸਮਰੱਥਾ ਬਣਨਾ ਅਤੇ ਪਰਿਵਾਰ ਦੇ ਪਰਿਵਾਰਾਂ ਨੂੰ ਬੀਮਾ ਸੁਰੱਖਿਆ ਪ੍ਰਦਾਨ ਕਰਨ ਦਾ ਮੌਕਾ ਮਿਲਦਾ ਹੈ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸਵੀਡਨ ਸਰਕਾਰ ਦੇ ਅੰਤਰਰਾਸ਼ਟਰੀ ਵਿਕਾਸ ਸਹਿਯੋਗ ਅਤੇ ਵਿਦੇਸ਼ ਵਪਾਰ ਮੰਤਰੀ ਬੈਂਜਾਮਿਨ ਦੌਸਾ ਨਾਲ ਕੀਤੀ ਅਹਿਮ ਮੁਲਾਕਾਤ

ਚੰਡੀਗੜ੍ਹ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਸਵੀਡਨ ਸਰਕਾਰ ਦੇ ਅੰਤਰਰਾਸ਼ਟਰੀ ਵਿਕਾਸ ਸਹਿਯੋਗ ਅਤੇ ਵਿਦੇਸ਼ ਵਪਾਰ ਮੰਤਰੀ ਸ੍ਰੀ ਬੈਂਜਾਮਿਨ ਦੌਸਾ ਨਾਲ ਅਹਿਮ ਮੁਲਾਕਾਤ ਕੀਤੀ। ਇਸ ਮੀਟਿੰਗ ਦੌਰਾਨ ਦੋਵਾਂ ਧਿਰਾਂ ਨੇ ਭਾਰਤ-ਸਵੀਡਨ ਦੁਪੱਖੀ ਸਬੰਧਾਂ ਨੂੰ ਹੋਰ ਮਜ਼ਬੂਤ ਬਣਾਉਣ ਅਤੇ ਹਰਿਆਣਾ ਵਿੱਚ ਸਹਿਯੋਗ ਦੇ ਨਵੇਂ ਆਯਾਮ ਤਲਾਸ਼ਣ 'ਤੇ ਚਰਚਾ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰੀ ਮੰਤਰੀ ਸ੍ਰੀ ਪੀਯੂਸ਼ ਗੋਇਲ ਵੱਲੋਂ ਸਵੀਡਨ ਨਾਲ ਕੀਤੀਆਂ ਗਈਆਂ ਮੁਲਾਕਾਤਾਂ ਨੂੰ ਅੱਗੇ ਵਧਾਉਣਾ ਸਾਡਾ ਮੁੱਖ ਟੀਚਾ ਹੈ। ਉਨ੍ਹਾਂ ਜ਼ਿਕਰ ਕੀਤਾ ਕਿ ਮਈ 2025 ਵਿੱਚ ਭਾਰਤ ਅਤੇ ਸਵੀਡਨ ਨੇ ਆਪਣੇ ਸਬੰਧਾਂ ਨੂੰ ਰਣਨੀਤਕ ਭਾਈਵਾਲੀ ਦਾ ਦਰਜਾ ਦਿੱਤਾ ਸੀ। ਆਉਣ ਵਾਲੇ ਪੰਜ ਸਾਲਾਂ ਵਿੱਚ ਦੋਵਾਂ ਦੇਸ਼ਾਂ ਨੇ ਆਪਸੀ ਵਪਾਰ ਅਤੇ ਨਿਵੇਸ਼ ਨੂੰ ਦੁੱਗਣਾ ਕਰਨ ਦਾ ਟੀਚਾ ਰੱਖਿਆ ਹੈ।

ਸ੍ਰੀ ਸੈਣੀ ਨੇ ਦੱਸਿਆ ਕਿ ਮੌਜੂਦਾ ਸਮੇਂ ਵਿੱਚ ਭਾਰਤ ਵਿੱਚ ਬਹੁਤ ਸਾਰੀਆਂ ਸਵੀਡਿਸ਼ ਕੰਪਨੀਆਂ ਕੰਮ ਕਰ ਰਹੀਆਂ ਹਨ। ਉਨ੍ਹਾਂ ਸਿੱਖਿਆ, ਸਕਿੱਲ ਡਿਵੈਲਪਮੈਂਟ ਅਤੇ ਊਰਜਾ ਖੇਤਰ ਵਿੱਚ ਦੋਵਾਂ ਧਿਰਾਂ ਵਿਚਕਾਰ ਮਿਲ ਕੇ ਅੱਗੇ ਵਧਣ ਦੀ ਲੋੜ 'ਤੇ ਜ਼ੋਰ ਦਿੱਤਾ। ਮੁੱਖ ਮੰਤਰੀ ਨੇ ਖਾਸ ਤੌਰ 'ਤੇ ਹਰਿਆਣਾ ਵਿੱਚ ਉਪਲਬਧ 18 ਡ੍ਰਾਈ ਪੋਰਟਸ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਨ੍ਹਾਂ 'ਤੇ ਸਵੀਡਨ ਨਾਲ ਮਿਲ ਕੇ ਕੰਮ ਕਰਨ ਦੀਆਂ ਸੰਭਾਵਨਾਵਾਂ ਤਲਾਸ਼ੀਆਂ ਜਾਣਗੀਆਂ।

ਸਵੀਡਿਸ਼ ਮੰਤਰੀ ਸ੍ਰੀ ਬੈਂਜਾਮਿਨ ਦੌਸਾ ਨੇ ਮੁੱਖ ਮੰਤਰੀ ਦਾ ਨਿੱਘਾ ਸਵਾਗਤ ਕੀਤਾ ਅਤੇ ਹਰਿਆਣਾ ਨਾਲ ਮਿਲ ਕੇ ਭਵਿੱਖ ਦੀਆਂ ਯੋਜਨਾਵਾਂ 'ਤੇ ਸਹਿਮਤੀ ਜਤਾਈ। ਮੁੱਖ ਮੰਤਰੀ ਨੇ ਸ੍ਰੀ ਦੌਸਾ ਨੂੰ 'ਹੈਪਨਿੰਗ ਹਰਿਆਣਾ' ਸਮਾਗਮ ਲਈ ਵੀ ਸੱਦਾ ਦਿੱਤਾ। ਇਸ ਮੌਕੇ ਸ਼ਹਿਰੀ ਸਥਾਨਕ ਸਰਕਾਰਾਂ ਮੰਤਰੀ ਵਿਪੁਲ ਗੋਇਲ ਵੀ ਨਾਲ ਮੌਜੂਦ ਰਹੇ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਹਿਲਾਂ ਦਾ ਅਚਨਚੇਤ ਨਿਰੀਖਣ; ਤਸੱਲੀ ਦਾ ਪ੍ਰਗਟਾਵਾ

ਦਿੜ੍ਹਬਾ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਸਵੇਰੇ ਸਕੂਲ ਲੱਗਣ ਸਮੇਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਹਿਲਾਂ ਵਿਖੇ ਅਚਨਚੇਤ ਪਹੁੰਚ ਕੇ ਸਕੂਲ ਦਾ ਨਿਰੀਖਣ ਕੀਤਾ। ਉਨ੍ਹਾਂ ਵੱਖ-ਵੱਖ ਜਮਾਤਾਂ ਵਿੱਚ ਜਾ ਕੇ ਵਿਦਿਆਰਥੀਆਂ ਨਾਲ ਖੁੱਲ੍ਹ ਕੇ ਗੱਲਬਾਤ ਕੀਤੀ ਅਤੇ ਪੜ੍ਹਾਈ, ਸਕੂਲ ਵਿੱਚ ਉਪਲਬਧ ਸਹੂਲਤਾਂ ਅਤੇ ਉਨ੍ਹਾਂ ਦੀਆਂ ਲੋੜਾਂ ਬਾਰੇ ਜਾਣਕਾਰੀ ਹਾਸਲ ਕੀਤੀ। ਇਸ ਮੌਕੇ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਰਕਾਰੀ ਸਕੂਲਾਂ ਵਿੱਚ ਮਿਆਰੀ ਸਿੱਖਿਆ ਅਤੇ ਬਿਹਤਰ ਸਹੂਲਤਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਕੀਤੇ ਜਾ ਰਹੇ ਕੰਮਾਂ ਦੇ ਨਤੀਜੇ ਹੁਣ ਸਕੂਲਾਂ ਵਿੱਚ ਸਪੱਸ਼ਟ ਤੌਰ ’ਤੇ ਨਜ਼ਰ ਆਉਣ ਲੱਗੇ ਹਨ ਅਤੇ ਸਕੂਲਾਂ ਦਾ ਸੁਧਰ ਰਿਹਾ ਵਾਤਾਵਰਨ ਸਿੱਖਿਆ ਕ੍ਰਾਂਤੀ ਦੇ ਸੁਪਨੇ ਨੂੰ ਸਾਕਾਰ ਕਰਨ ਵੱਲ ਅਹਿਮ ਕਦਮ ਹੈ।

ਵਿੱਤ ਮੰਤਰੀ ਨੇ ਸਕੂਲ ਵਿੱਚ ਬਣ ਰਹੀਆਂ ਤਿੰਨ ਵਿਗਿਆਨ ਲੈਬੋਰਟਰੀਆਂ ਦੇ ਨਿਰਮਾਣ ਕਾਰਜਾਂ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਇਹ ਲੈਬੋਰਟਰੀਆਂ ਜਲਦੀ ਤਿਆਰ ਕਰਕੇ ਸਕੂਲ ਦੇ ਹਵਾਲੇ ਕੀਤੀਆਂ ਜਾਣਗੀਆਂ ਅਤੇ ਇਨ੍ਹਾਂ ਦਾ ਉਦਘਾਟਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਵਿਗਿਆਨ ਦੀ ਸਿੱਖਿਆ ਵਿੱਚ ਪ੍ਰਯੋਗਾਤਮਕ ਗਿਆਨ ਦੀ ਵਿਸ਼ੇਸ਼ ਮਹੱਤਤਾ ਹੈ ਅਤੇ ਇਨ੍ਹਾਂ ਲੈਬੋਰਟਰੀਆਂ ਨਾਲ ਵਿਦਿਆਰਥੀਆਂ ਨੂੰ ਵਿਗਿਆਨਕ ਧਾਰਨਾਵਾਂ ਸਮਝਣ ਅਤੇ ਆਪਣੇ ਗਿਆਨ ਨੂੰ ਅਮਲੀ ਰੂਪ ਦੇਣ ਲਈ ਬਿਹਤਰ ਸਹੂਲਤ ਮਿਲੇਗੀ।

ਸਕੂਲ ਦੇ ਸਟਾਫ ਨਾਲ ਗੱਲਬਾਤ ਦੌਰਾਨ ਹਰਪਾਲ ਸਿੰਘ ਚੀਮਾ ਨੇ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੀਆਂ ਗਰਾਂਟਾਂ ਅਤੇ ਉਨ੍ਹਾਂ ਦੀ ਵਰਤੋਂ ਬਾਰੇ ਵਿਚਾਰ-ਚਰਚਾ ਕੀਤੀ।

ਉਨ੍ਹਾਂ ਸਕੂਲ ਦੀਆਂ ਹੋਰ ਲੋੜਾਂ ਬਾਰੇ ਵੀ ਜਾਣਕਾਰੀ ਲਈ ਅਤੇ ਭਰੋਸਾ ਦਿੱਤਾ ਕਿ ਸਕੂਲ ਨੂੰ ਹੋਰ ਬਿਹਤਰ ਬਣਾਉਣ ਲਈ ਲੋੜ ਅਨੁਸਾਰ ਵਾਧੂ ਗਰਾਂਟਾਂ ਮੁਹੱਈਆ ਕਰਵਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਬੁਨਿਆਦੀ ਢਾਂਚੇ ਦੀ ਘਾਟ ਨਹੀਂ ਆਉਣ ਦਿੱਤੀ ਜਾਵੇਗੀ।

ਸਕੂਲ ਦੇ ਵਿਦਿਅਕ ਵਾਤਾਵਰਨ ਦੀ ਸ਼ਲਾਘਾ ਕਰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਸਕੂਲ ਵਿੱਚ ਪੰਜਾਬੀ ਭਾਸ਼ਾ, ਵਿਗਿਆਨ ਅਤੇ ਗਣਿਤ ਨਾਲ ਸਬੰਧਤ ਲਗਾਏ ਗਏ ਸਿੱਖਣ ਸਮੱਗਰੀ ਦੇ ਮਾਡਲ ਵਿਦਿਆਰਥੀਆਂ ਦੀ ਰੁਚੀ ਵਧਾਉਣ ਦਾ ਵਧੀਆ ਉਪਰਾਲਾ ਹਨ। ਉਨ੍ਹਾਂ ਕਿਹਾ ਕਿ ਸਕੂਲ ਵਿੱਚ ਦਾਖਲ ਹੁੰਦਿਆਂ ਹੀ ਨਜ਼ਰ ਆਉਂਦੀ ਸਿੱਖਿਆ ਨਾਲ ਜੁੜੀ ਸਮੱਗਰੀ ਅਤੇ ਸੁਚੱਜਾ ਵਾਤਾਵਰਨ ਮਨ ਨੂੰ ਖੁਸ਼ੀ ਦਿੰਦਾ ਹੈ। ਉਨ੍ਹਾਂ ਕਿਹਾ ਕਿ ਸਹੂਲਤਾਂ ਅਤੇ ਸਿੱਖਣ ਦੇ ਮਾਹੌਲ ਪੱਖੋਂ ਸਾਡੇ ਸਰਕਾਰੀ ਸਕੂਲ ਕਿਸੇ ਵੀ ਨਿੱਜੀ ਸਕੂਲ ਤੋਂ ਘੱਟ ਨਹੀਂ ਹਨ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਅੱਜ ਦੇ ਅਚਨਚੇਤ ਨਿਰੀਖਣ ਦੌਰਾਨ ਸਕੂਲ ਵਿੱਚ ਹੋਏ ਸੁਧਾਰ ਦੇਖ ਕੇ ਉਨ੍ਹਾਂ ਨੂੰ ਤਸੱਲੀ ਹੋਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਉਦੇਸ਼ ਹਰ ਬੱਚੇ ਨੂੰ ਅਜਿਹੀ ਸਿੱਖਿਆ ਪ੍ਰਦਾਨ ਕਰਨਾ ਹੈ, ਜਿਸ ਨਾਲ ਉਹ ਆਪਣੀ ਸਮਰੱਥਾ ਨੂੰ ਪਛਾਣ ਕੇ ਭਵਿੱਖ ਵਿੱਚ ਅੱਗੇ ਵਧ ਸਕੇ।

ਵਿੱਤ ਮੰਤਰੀ ਨੇ ਸਕੂਲ ਦੇ ਸਟਾਫ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਪਾਠਕ੍ਰਮ ਦੀ ਪੜ੍ਹਾਈ ਦੇ ਨਾਲ-ਨਾਲ ਆਮ ਗਿਆਨ ਅਤੇ ਵੱਖ-ਵੱਖ ਖੇਤਰਾਂ ਵਿੱਚ ਹੋਣ ਵਾਲੇ ਮੁਕਾਬਲਿਆਂ ਲਈ ਵੀ ਤਿਆਰ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਬੱਚਿਆਂ ਵਿੱਚ ਆਤਮਵਿਸ਼ਵਾਸ, ਤਰਕਸ਼ੀਲ ਸੋਚ ਅਤੇ ਸਿੱਖਣ ਦੀ ਰੁਚੀ ਪੈਦਾ ਕਰਨ ਵਿੱਚ ਅਧਿਆਪਕਾਂ ਦੀ ਅਹਿਮ ਭੂਮਿਕਾ ਹੈ।

ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਇੰਚਾਰਜ ਪਰਮਿੰਦਰ ਕੁਮਾਰ ਲੌਂਗੋਵਾਲ, ਮੈਡਮ ਨਵਰਾਜ ਕੌਰ ਅਤੇ ਸਮੂਹ ਸਟਾਫ ਨੇ ਵਿੱਤ ਮੰਤਰੀ ਦਾ ਸਵਾਗਤ ਕੀਤਾ ਅਤੇ ਸਕੂਲ ਦੇ ਵਿਕਾਸ ਲਈ ਪਹਿਲਾਂ ਦਿੱਤੀਆਂ ਗਰਾਂਟਾਂ ਲਈ ਧੰਨਵਾਦ ਕੀਤਾ। ਇਸ ਮੌਕੇ ਵਿੱਤ ਮੰਤਰੀ ਦੇ ਓ.ਐਸ.ਡੀ. ਤਪਿੰਦਰ ਸਿੰਘ ਸੋਹੀ ਅਤੇ ਪਿੰਡ ਦੇ ਸਰਪੰਚ ਰਵਿੰਦਰ ਸਿੰਘ ਮਾਨ ਵੀ ਹਾਜ਼ਰ ਸਨ।

ਸ਼ਹੀਦ ਊਧਮ ਸਿੰਘ ਸਪੋਰਟਸ ਕਲੱਬ ਜਸੋਵਾਲ ਵੱਲੋਂ ਕਰਵਾਇਆ ਕ੍ਰਿਕਟ ਤੇ ਵਾਲੀਬਾਲ ਟੂਰਨਾਮੈਂਟ ਸ਼ਲਾਘਾਯੋਗ ਉਪਰਾਲਾ: ਮੋਹਿਤ ਮੋਹਿੰਦਰਾ

ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਖੇਡਾਂ ਸਭ ਤੋਂ ਕਾਰਗਰ ਹਥਿਆਰ; ਸਹਿਜ ਢਿੱਲੋਂ ਨੂੰ ਬੁਲੇਟ ਮੋਟਰਸਾਈਕਲ ਦੇ ਕੇ ਕੀਤਾ ਵਿਸ਼ੇਸ਼ ਸਨਮਾਨ

ਪਟਿਆਲਾ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਯੂਥ ਕਾਂਗਰਸ ਦੇ ਸਾਬਕਾ ਪ੍ਰਧਾਨ ਅਤੇ ਹਲਕਾ ਪਟਿਆਲਾ ਦਿਹਾਤੀ ਦੇ ਇੰਚਾਰਜ ਸ਼੍ਰੀ ਮੋਹਿਤ ਮੋਹਿੰਦਰਾ ਨੇ ਸ਼ਹੀਦ ਊਧਮ ਸਿੰਘ ਸਪੋਰਟਸ ਕਲੱਬ, ਪਿੰਡ ਜਸੋਵਾਲ ਵੱਲੋਂ ਆਯੋਜਿਤ ਸ਼ਾਨਦਾਰ ਕ੍ਰਿਕਟ ਅਤੇ ਵਾਲੀਬਾਲ ਟੂਰਨਾਮੈਂਟ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਕਲੱਬ ਵੱਲੋਂ ਕੀਤੇ ਗਏ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਅਜੋਕੇ ਦੌਰ ਵਿੱਚ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਲਾਹਨਤ ਤੋਂ ਦੂਰ ਰੱਖ ਕੇ ਖੇਡ ਮੈਦਾਨਾਂ ਨਾਲ ਜੋੜਨਾ ਸਮੇਂ ਦੀ ਮੁੱਖ ਲੋੜ ਹੈ।

ਮੋਹਿਤ ਮੋਹਿੰਦਰਾ ਨੇ ਕਿਹਾ ਕਿ ਖੇਡਾਂ ਨੌਜਵਾਨਾਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਲਈ ਬੇਹੱਦ ਜ਼ਰੂਰੀ ਹਨ। ਖੇਡਾਂ ਨਾਲ ਨੌਜਵਾਨਾਂ ਵਿੱਚ ਅਨੁਸ਼ਾਸਨ, ਮਿਹਨਤ, ਆਪਸੀ ਸਹਿਯੋਗ ਅਤੇ ਟੀਮ ਭਾਵਨਾ ਵਰਗੇ ਉੱਤਮ ਗੁਣ ਪੈਦਾ ਹੁੰਦੇ ਹਨ। ਉਨ੍ਹਾਂ ਕਿਹਾ ਕਿ ਪਿੰਡ ਪੱਧਰ ’ਤੇ ਅਜਿਹੇ ਖੇਡ ਮੇਲੇ ਕਰਵਾਉਣਾ ਸ਼ਲਾਘਾਯੋਗ ਕਦਮ ਹੈ, ਜਿਸ ਨਾਲ ਪੇਂਡੂ ਖੇਤਰ ਦੇ ਉੱਭਰਦੇ ਖਿਡਾਰੀਆਂ ਨੂੰ ਆਪਣੀ ਪ੍ਰਤਿਭਾ ਨਿਖਾਰਨ ਅਤੇ ਸਕਾਰਾਤਮਕ ਦਿਸ਼ਾ ਵਿੱਚ ਅੱਗੇ ਵਧਣ ਦਾ ਮੌਕਾ ਮਿਲਦਾ ਹੈ। ਉਨ੍ਹਾਂ ਕਿਹਾ ਕਿ ਖੇਡ ਮੈਦਾਨ ਆਪਸੀ ਭਾਈਚਾਰਕ ਸਾਂਝ, ਏਕਤਾ ਅਤੇ ਜਿੱਤ-ਹਾਰ ਨੂੰ ਖਿੜੇ ਮੱਥੇ ਸਵੀਕਾਰ ਕਰਨ ਦਾ ਜਜ਼ਬਾ ਸਿਖਾਉਂਦੇ ਹਨ।

ਇਸ ਟੂਰਨਾਮੈਂਟ ਦੌਰਾਨ ਹੋਏ ਕ੍ਰਿਕਟ ਅਤੇ ਵਾਲੀਬਾਲ ਦੇ ਦਿਲਚਸਪ ਮੁਕਾਬਲਿਆਂ ਵਿੱਚ ਵੱਖ-ਵੱਖ ਟੀਮਾਂ ਨੇ ਪੂਰੇ ਉਤਸ਼ਾਹ ਨਾਲ ਹਿੱਸਾ ਲਿਆ। ਸਮਾਗਮ ਦਾ ਮੁੱਖ ਆਕਰਸ਼ਣ ਖਿਡਾਰੀ ਸਹਿਜ ਢਿੱਲੋਂ ਦਾ ਵਿਸ਼ੇਸ਼ ਸਨਮਾਨ ਰਿਹਾ, ਜਿਨ੍ਹਾਂ ਨੂੰ ਕਲੱਬ ਵੱਲੋਂ ਬੁਲੇਟ ਮੋਟਰਸਾਈਕਲ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਮੋਹਿਤ ਮੋਹਿੰਦਰਾ ਨੇ ਕਿਹਾ ਕਿ ਖਿਡਾਰੀਆਂ ਦੀ ਅਜਿਹੀ ਹੌਸਲਾ ਅਫ਼ਜ਼ਾਈ ਨਾਲ ਦੂਜੇ ਨੌਜਵਾਨਾਂ ਨੂੰ ਵੀ ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰਨ ਦੀ ਪ੍ਰੇਰਨਾ ਮਿਲਦੀ ਹੈ।

ਇਸ ਮੌਕੇ ਕਲੱਬ ਦੇ ਮੈਂਬਰ ਪਰਮਵੀਰ ਸਿੰਘ, ਹੇਮੰਤ ਸਿੰਘ, ਅਮਰਿੰਦਰ ਸਿੰਘ, ਗੁਰਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਬਹਾਦਰ ਸਿੰਘ, ਨਰਿੰਦਰ ਸਿੰਘ, ਜਤਿੰਦਰ ਸਿੰਘ, ਕਰਵਿੰਦਰ ਸਿੰਘ, ਕਰਨ ਖਰੋੜ, ਸਾਹਿਲ ਖਰੋੜ, ਗੁਰਿੰਦਰ ਸਿੰਘ, ਹਰਸ਼ਦੀਪ ਸਿੰਘ, ਸੇਵਕ ਸਿੰਘ, ਅਮਨਦੀਪ ਸਿੰਘ, ਮਨਿੰਦਰ ਸਿੰਘ, ਲਖਵਿੰਦਰ ਸਿੰਘ, ਜਗਵਿੰਦਰ ਸਿੰਘ ਅਤੇ ਰਾਜਵਿੰਦਰ ਸਿੰਘ ਹਾਜ਼ਰ ਸਨ।

ਇਸ ਤੋਂ ਇਲਾਵਾ ਸੁਖਪਾਲ ਸਿੰਘ ਚੇਅਰਮੈਨ, ਹਰਵੀਰ ਸਿੰਘ ਢੀਂਡਸਾ, ਮਲਕੀਤ ਸਿੰਘ ਭਾਈਆ, ਕੇਵਲ ਸਿੰਘ, ਗੁਰਜੀਤ ਸਿੰਘ, ਗੁਰਤੇਜ ਸਿੰਘ, ਰਮਨਦੀਪ ਸਿੰਘ, ਭੁਪਿੰਦਰ ਪਾਲ ਸਿੰਘ, ਇੰਦਰਜੀਤ ਸਿੰਘ, ਚੰਨਪ੍ਰੀਤ ਸਿੰਘ ਟਿਵਾਣਾ, ਗੁਰਦੀਪ ਸਿਉਣਾ, ਭਗਵੰਤ ਸਿੰਘ, ਬਲਕਾਰ ਸਿੰਘ (ਫੌਜੀ), ਪ੍ਰਿੰਸ, ਬਹਾਦਰੀ, ਲਾਲੀ ਖਰੋੜ, ਮਨਿੰਦਰ (ਸੋਨੀ), ਸ਼ਮਸ਼ਾਦ ਅਲੀ, ਗੁਰਮੀਤ ਸਿੰਘ, ਪ੍ਰੇਮ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਅਤੇ ਖੇਡ ਪ੍ਰੇਮੀ ਮੌਜੂਦ ਰਹੇ।

ਇਆਲੀ ਦਿੱਲੀ ਪੁਲਿਸ ਵਲੋ ਕੀਤੀ ਮਰਿਯਾਦਾ ਦੀ ਉਲੰਘਣਾ ਦਾ ਸਖ਼ਤ ਸ਼ਬਦਾਂ ਵਿੱਚ ਨਿੰਦਾ

ਮੁੱਲਾਂਪੁਰ ਦਾਖਾ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਅਕਾਲੀ ਦਲ ਵਾਰਿਸ ਪੰਜਾਬ ਦੇ ਸੀਨੀਅਰ ਆਗੂ ਅਤੇ ਹਲਕਾ ਦਾਖਾ ਤੋਂ ਵਿਧਾਇਕ ਸਰਦਾਰ ਮਨਪ੍ਰੀਤ ਸਿੰਘ ਇਯਾਲੀ ਵੱਲੋਂ ਗੁਰਦੁਆਰਾ ਬੰਗਲਾ ਸਾਹਿਬ ਦੀ ਹਦੂਦ ਅੰਦਰ ਦਿੱਲੀ ਪੁਲਿਸ ਕੀਤੀ ਗਈ ਮਰਿਯਾਦਾ ਦੀ ਉਲੰਘਣਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਸਰਦਾਰ ਇਯਾਲੀ ਨੇ ਕਿਹਾ ਕਿ, ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਅਸਤੀਫ਼ੇ ਨੂੰ ਲੈਕੇ ਦੇਸ਼ ਦੇ ਨੌਜਵਾਨਾਂ ਵਲੋਂ ਜੰਤਰ ਮੰਤਰ ਉਪਰ ਕੀਤੇ ਪ੍ਰਦਰਸ਼ਨ ਨੂੰ ਰੋਕਣ ਲਈ ਅਤੇ ਨੌਜਵਾਨਾਂ ਗ੍ਰਿਫਤਾਰ ਕਰਨ ਲਈ ਦਿੱਲੀ ਪੁਲਿਸ ਦੇ ਜਵਾਨਾਂ ਦਾ ਨੰਗੇ ਸਿਰ ਅਤੇ ਜੋੜਿਆਂ ਸਮੇਤ ਗੁਰਦੁਆਰਾ ਬੰਗਲਾ ਸਾਹਿਬ ਵਿੱਚ ਜਾਣਾ ਸਿੱਖ ਮਰਿਯਾਦਾ ਦੀ ਵੱਡੀ ਉਲੰਘਣਾ ਹੈ, ਦੇਸ਼ ਵਿਦੇਸ਼ ਵਿੱਚ ਵਸਦਾ ਅੱਜ ਹਰ ਸਿੱਖ ਦਿੱਲੀ ਪੁਲਿਸ ਦੀ ਇਸ ਗੈਰ ਜ਼ਿਮੇਵਾਰਨਾ ਕਰਵਾਈ ਤੋ ਪੂਰੀ ਤਰਾਂ ਹਤਾਸ਼ ਹੈ।

ਸਰਦਾਰ ਇਯਾਲੀ ਨੇ ਕਿਹਾ ਕਿ, ਪਿਛਲੇ ਦੋ ਦਿਨ ਤੋਂ ਸੋਸ਼ਲ ਮੀਡੀਆ ਦੇ ਵੱਖ ਵੱਖ ਪਲੇਟਫਾਰਮ ਉਪਰ ਦਿੱਲੀ ਪੁਲਿਸ ਦੇ ਜਵਾਨਾਂ ਦੀਆਂ ਗੁਰੂ ਘਰ ਵੜਨ ਦੀਆਂ ਜਿਸ ਤਰਾਂ ਦੀਆਂ ਤਸਵੀਰਾਂ ਸਾਹਮਣੇ ਆਈਆਂ ਹਨ, ਉਸ ਦੇ ਲਈ ਕੇਂਦਰੀ ਗ੍ਰਹਿ ਮੰਤਰਾਲੇ ਦੀ ਚੁੱਪੀ ਬੜਾ ਕੁਝ ਬਿਆਨ ਕਰਦੀ ਹੈ।

ਅੱਜ ਸਮੁੱਚੀ ਸਿੱਖ ਕੌਮ ਦਿੱਲੀ ਪੁਲਿਸ ਦੀ ਇਸ ਕਾਰਵਾਈ ਦੀ ਸਖ਼ਤ ਨਿੰਦਾ ਕਰ ਰਹੀ ਹੈ ਜਦੋਂ ਕਿ ਕੇਂਦਰੀ ਗ੍ਰਹਿ ਮੰਤਰਾਲਾ, ਜਿਸ ਦੇ ਅਧੀਨ ਦਿੱਲੀ ਪੁਲਿਸ ਹੈ, ਉਸ ਦਾ ਬਿਆਨ ਤੱਕ ਨਾ ਆਉਣਾ, ਸਮਝ ਆਉਂਦੀ ਹੈ ਕਿ, ਮਰਿਯਾਦਾ ਦੇ ਘਾਣ ਤੇ ਵੀ ਕੇਂਦਰ ਸਰਕਾਰ ਜਾਣਬੁੱਝ ਕੇ ਅਜਿਹੇ ਹਾਲਾਤ ਪੈਦਾ ਕਰ ਰਹੀ ਹੈ

ਇਸ ਦੇ ਨਾਲ ਹੀ ਸਰਦਾਰ ਇਯਾਲੀ ਨੇ ਬੜੀ ਸਪੱਸ਼ਟਤਾ ਨਾਲ ਕਿਹਾ ਕਿ,ਸਾਡੇ ਗੁਰੂ ਘਰ ਮਜ਼ਲੂਮਾਂ ਦੀ ਹਮੇਸ਼ਾ ਰੱਖਿਆ ਕਰਦੇ ਆਏ ਹਨ, ਹਮੇਸ਼ਾ ਹੀ ਮਜ਼ਲੂਮ ਗੁਰੂ ਘਰ ਦੀ ਸ਼ਰਨ ਵਿੱਚ ਆਉਂਦੇ ਰਹੇ ਹਨ। ਗੁਰੂ ਘਰਾਂ ਦੀ ਆਪਣੀ ਮਰਿਯਾਦਾ ਹੈ। ਕੋਈ ਵੀ ਮਜ਼ਲੂਮ ਲੋੜਵੰਦ ਜੇਕਰ ਗੁਰੂ ਘਰਾਂ ਦੀ ਮਰਿਯਾਦਾ ਵਿੱਚ ਰਹਿ ਕੇ ਸ਼ਰਨ ਵਿੱਚ ਆਉਂਦਾ ਹੈ ਤਾਂ ਸਿੱਖ ਕੌਮ ਦਾ ਫਰਜ਼ ਬਣਦਾ ਹੈ ਕਿ ਉਸ ਦੇ ਜਾਨ ਮਾਲ ਦੀ ਪੂਰੀ ਤਰਾਂ ਹਿਫ਼ਾਜ਼ਤ ਕੀਤੀ ਜਾਵੇ। ਜ਼ਰੂਰਤਮੰਦ ਅਤੇ ਮਜ਼ਲੂਮ ਦੀ ਦੇ ਰਹਿਣ ਤੋਂ ਲੈਕੇ ਲੰਗਰ ਪ੍ਰਸ਼ਾਦੇ ਦਾ ਪ੍ਰਬੰਧ ਕਰਨਾ ਸਿੱਖੀ ਰਿਵਾਇਤਾਂ ਅਨੁਸਾਰ ਫਰਜ਼ ਅਤੇ ਜ਼ਿੰਮੇਵਾਰੀ ਹੈ।

ਸਰਦਾਰ ਇਯਾਲੀ ਨੇ ਕਿਹਾ ਕਿ, ਗੁਰੂ ਘਰ ਦੀ ਹਦੂਦ ਅੰਦਰ ਕਿਸੇ ਵੀ ਤਰਾਂ ਦੀ ਨਾਅਰੇਬਾਜ਼ੀ ਕਰਨਾ ਵੀ ਸਿੱਖ ਪਰੰਪਰਾ ਅਤੇ ਮਰਿਯਾਦਾ ਦੀ ਉਲੰਘਣਾ ਹੈ। ਸਰਦਾਰ ਇਯਾਲੀ ਨੇ ਪ੍ਰਦਰਸ਼ਨਕਾਰੀ ਨੌਜਵਾਨਾਂ ਨੂੰ ਅਪੀਲ ਕੀਤੀ ਕਿ, ਓਹ ਜਜ਼ਬਾਤ ਵਿੱਚ ਆ ਕੇ ਕਿਸੇ ਤਰਾਂ ਗੁਰੂ ਘਰਾਂ ਦੀ ਮਰਿਯਾਦਾ ਦੀ ਉਲੰਘਣਾ ਵਿੱਚ ਨਾ ਪੈਣ, ਅੱਜ ਪੂਰਾ ਪੰਜਾਬ ਅਤੇ ਸਿੱਖ ਕੌਮ ਆਪਣੇ ਹੱਕਾਂ ਅਤੇ ਅਧਿਕਾਰਾਂ ਦੀ ਰਾਖੀ ਕਰਨ ਲਈ ਲੜਨ ਵਾਲੇ ਨੌਜਵਾਨਾਂ ਦੇ ਨਾਲ ਖੜੀ ਹੈ।

ਆਪਣੀ ਆਮਦਨ ਵਧਾਉਣ ਲਈ ਕਿਸਾਨ ਖੇਤੀ ਮਾਹਿਰਾਂ ਦੀ ਰਾਏ ਅਨੁਸਾਰ ਫਸਲੀ ਵਿਭਿੰਨਤਾ ਤੇ ਸਹਾਇਕ ਧੰਦੇ ਅਪਣਾਉਣ : ਚੇਤਨ ਸਿੰਘ ਜੌੜਾਮਾਜਰਾ

ਪੱਧਰੀ ਕਿਸਾਨ ਸਿਖਲਾਈ ਕੈਂਪ ਅਤੇ ਪ੍ਰਦਰਸ਼ਨੀ

ਡਕਾਲਾ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪਟਿਆਲਾ ਨੇ ਕੇ.ਐਸ. ਫਾਰਮ ਹਾਊਸ, ਡਕਾਲਾ ਵਿਖੇ ਹਾੜੀ ਦੀਆਂ ਫਸਲਾਂ ਸਬੰਧੀ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਲਗਾਇਆ। ਇਸ ਦੌਰਾਨ ਪਰਾਲੀ ਨੂੰ ਅੱਗ ਨਾ ਲਗਾਉਣ ਵਾਲੇ 30 ਕਿਸਾਨਾਂ ਨੂੰ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਮੁੱਖ ਮਹਿਮਾਨ ਵਜੋਂ ਪਹੁੰਚੇ ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਕੈਂਪ ਦਾ ਉਦਘਾਟਨ ਕਰਦੇ ਹੋਏ ਕਿਸਾਨਾਂ ਨੂੰ ਆਪਣੀ ਖੇਤੀ ਆਮਦਨ ਵਧਾਉਣ ਲਈ ਸਲਾਹ ਦਿੱਤੀ ਕਿ ਉਹ ਖੇਤੀਬਾੜੀ ਮਾਹਿਰਾਂ ਦੀ ਰਾਏ ਅਨੁਸਾਰ ਫ਼ਸਲਾਂ ਦੀ ਦੇਖ-ਰੇਖ ਕਰਨ, ਸਹਾਇਕ ਧੰਦੇ ਅਪਣਾਉਣ ਅਤੇ ਫਸਲੀ ਵਿਭਿੰਨਤਾ ਹੇਠ ਰਕਬਾ ਵਧਾਉਣ। ਵਿਧਾਇਕ ਨੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਵੀ ਪ੍ਰੇਰਿਤ ਕੀਤਾ।

ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਡਾ. ਗੁਰਜੀਤ ਸਿੰਘ ਬਰਾੜ ਦੀ ਪ੍ਰਧਾਨਗੀ ਹੇਠ ਪਟਿਆਲਾ ਦੇ ਮੁੱਖ ਖੇਤੀਬਾੜੀ ਅਫ਼ਸਰ ਡਾ. ਦਾਰਾ ਸਿੰਘ ਦੀ ਅਗਵਾਈ ਹੇਠ ਲੱਗੇ ਇਸ ਕਿਸਾਨ ਮੇਲੇ ਵਿੱਚ ਕਿਸਾਨਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ।

ਇਸ ਕੈਂਪ ਦੇ ਤਕਨੀਕੀ ਸੈਸ਼ਨ ਦੀ ਅਗਵਾਈ ਕਰਦੇ ਹੋਏ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਦਮਨਜੀਤ ਸਿੰਘ ਮਾਨ ਨੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਆਉਣ ਵਾਲੇ ਸਾਲਾਂ ਵਿਚ ਵੀ ਜ਼ਿਲ੍ਹਾ ਪ੍ਰਸ਼ਾਸ਼ਨ ਨੂੰ ਸਹਿਯੋਗ ਦੇਣ ਲਈ ਅਪੀਲ ਕੀਤੀ। ਏਡੀਸੀ ਮਾਨ ਨੇ ਦੱਸਿਆ ਕਿ ਪਿਛਲੇ ਸਾਲਾਂ ਦੇ ਮੁਕਾਬਲੇ ਜ਼ਿਲ੍ਹੇ ਵਿਚ ਅੱਗ ਲੱਗਣ ਦੀਆਂ ਘਟਨਾਵਾਂ ਲਗਾਤਾਰ ਘਟ ਰਹੀਆਂ ਹਨ ਅਤੇ ਆਉਣ ਵਾਲੇ ਸਾਲਾਂ ਵਿਚ ਵੱਧ ਤੋਂ ਵੱਧ ਪਰਾਲੀ ਪ੍ਰਬੰਧਨ ਸਬੰਧੀ ਖੇਤੀ ਮਸ਼ੀਨਰੀ ਕੋਆਪ੍ਰੇਟਿਵ ਸੋਸਾਇਟੀਆਂ, ਗਰੁੱਪਾਂ, ਐਫ.ਪੀ.ਓ. ਅਤੇ ਵਿਅਕਤੀਗਤ ਕਿਸਾਨਾਂ ਰਾਹੀਂ ਉਪਲੱਬਧ ਕਰਵਾਉਣ ਲਈ ਹੋਰ ਵਧੀਆ ਉਪਰਾਲੇ ਖੇਤੀਬਾੜੀ ਵਿਭਾਗ ਵੱਲੋਂ ਕੀਤੇ ਜਾਣਗੇ।

ਮੁੱਖ ਖੇਤੀਬਾੜੀ ਅਫ਼ਸਰ ਡਾ. ਦਾਰਾ ਸਿੰਘ ਨੇ ਸਮੂਹ ਕਿਸਾਨਾਂ ਨੂੰ ਫਾਰਮਰ ਆਈ.ਡੀ. ਬਣਾਉਣ, ਖੇਤੀਬਾੜੀ ਇਨਪੁਟਸ ਦੇ ਡੀਲਰਾਂ ਤੋਂ ਬਿੱਲ ਲੈਣ ਅਤੇ ਪਾਣੀ ਦੀ ਬੱਚਤ ਸਬੰਧੀ ਕਦਮ ਚੁੱਕਣ ਲਈ ਪ੍ਰੇਰਿਤ ਕੀਤਾ। ਇਸ ਕੈਂਪ ਦੇ ਵਿਸ਼ੇਸ਼ ਮਹਿਮਾਨ ਸੰਯੁਕਤ ਡਾਇਰੈਕਟਰ ਖੇਤੀਬਾੜੀ (ਘਣੀ ਖੇਤੀ) ਡਾ. ਜੰਗੀਰ ਸਿੰਘ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਵਿਭਾਗ ਵੱਲੋਂ ਪਿੰਡ ਪੱਧਰੀ, ਬਲਾਕ ਪੱਧਰੀ ਅਤੇ ਜਿਲ੍ਹਾ ਪੱਧਰੀ ਕੈਂਪਾਂ ਵਿਚ ਭਾਗ ਲੈ ਕੇ ਨਵੀਨਤਮ ਖੇਤੀ ਸਬੰਧੀ ਜਾਣਕਾਰੀ ਪ੍ਰਾਪਤ ਕਰਨ ਅਤੇ ਉਹਨਾਂ ਨੇ ਖੇਤੀਬਾੜੀ ਵਿਭਾਗ ਦੀਆਂ ਵੱਖ-ਵੱਖ ਸਕੀਮਾਂ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਹਾਜਰ ਕਿਸਾਨਾਂ ਨਾਲ ਸਾਂਝੀ ਕੀਤੀ।

ਇਸ ਕੈਂਪ ਵਿੱਚ ਖੇਤੀਬਾੜੀ, ਪਸ਼ੂ ਪਾਲਣ, ਡੇਅਰੀ, ਮੱਛੀ ਪਾਲਣ, ਬਾਗਬਾਨੀ ਅਤੇ ਭੂਮੀ ਅਤੇ ਜਲ ਸੰਭਾਲ ਵਿਭਾਗ ਸਮੇਤ ਪ੍ਰਾਈਵੇਟ ਕੰਪਨੀਆਂ ਅਤੇ ਅਗਾਂਹਵਧੂ ਕਿਸਾਨਾਂ ਨੇ ਆਪਣੇ ਕੰਮ ਨਾਲ ਸਬੰਧਿਤ ਪ੍ਰਦਰਸ਼ਨੀ ਲਗਾਈ ਜਿਸ ਦਾ ਹਾਜਰ ਕਿਸਾਨਾਂ ਨੇ ਲਾਹਾ ਲਿਆ। ਕੈਂਪ ਦੌਰਾਨ ਕਿਸਾਨਾਂ ਨੂੰ ਹਾੜੀ ਦੀਆਂ ਫਸਲਾਂ, ਫਸਲੀ ਵਿਭਿੰਨਤਾ, ਫ਼ਸਲਾਂ ਦੀ ਰਹਿੰਦ ਖੂੰਹਦ ਦੀ ਸੁੱਚਜੀ ਵਰਤੋ ਕਰਨ ਸਬੰਧੀ ਕੇਵੀਕੇ ਰੌਣੀ ਅਤੇ ਫਾਰਮਰ ਸਲਾਹਕਾਰ ਕੇਂਦਰ ਦੇ ਸਾਇੰਸਦਾਨ ਡਿਪਟੀ ਡਾਇਰੈਕਟਰ ਡਾ. ਹਰਦੀਪ ਸਿੰਘ ਸਭੀਖੀ, ਡਾ. ਰਜਨੀ ਗੋਇਲ, ਡਾ. ਗੁਰਪ੍ਰੀਤ ਸਿੰਘ ਅਤੇ ਡਾ. ਗੁਰਪ੍ਰੀਤ ਕੌਰ ਨੇ ਤਕਨੀਕੀ ਜਾਣਕਾਰੀ ਦਿੱਤੀ। ਇਸ ਕੈਂਪ ਵਿਚ ਲਗਭਗ 1000 ਕਿਸਾਨਾਂ ਵੱਲੋਂ ਭਾਗ ਲਿਆ ਤੇ ਬਲਾਕ ਖੇਤੀਬਾੜੀ ਅਫ਼ਸਰ ਭੁਨਰਹੇੜੀ ਡਾ. ਮਨਦੀਪ ਸਿੰਘ ਅਤੇ ਸਮੂਹ ਸਟਾਫ ਨੇ ਹਾਜਰ ਕਿਸਾਨਾਂ, ਖੇਤੀਬਾੜੀ ਅਤੇ ਹੋਰ ਵਿਭਾਗਾਂ ਦੇ ਅਧਿਕਾਰੀਆਂ-ਕਰਮਚਾਰੀਆਂ ਦਾ ਧੰਨਵਾਦ ਕੀਤਾ।

ਐਲੂਮਨੀ ਐਸੋਸੀਏਸ਼ਨ ਕਾਲਜ ਆਫ਼ ਐਗਰੀਕਲਚਰ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਪੀਏਯੂ ਲੁਧਿਆਣਾ, ਵੱਲੋਂ ਚੰਡੀਗੜ੍ਹ ਵਿੱਚ ਪਰਿਵਾਰਕ ਇਕੱਠ ਦਾ ਆਯੋਜਨ

ਚੰਡੀਗੜ੍ਹ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਚੈਪਟਰ ਨੇ ਇੰਸਟੀਚਿਊਸ਼ਨ ਆਫ਼ ਇੰਜੀਨੀਅਰਜ਼ ਸੈਕਟਰ 19 ਏ, ਚੰਡੀਗੜ੍ਹ ਵਿਖੇ ਪਰਿਵਾਰਕ ਇਕੱਠ ਦਾ ਆਯੋਜਨ ਕੀਤਾ।

ਇਸ ਮੀਟਿੰਗ ਵਿੱਚ ਵੱਖ-ਵੱਖ ਖੇਤਰਾਂ ਦੇ 36 ਖੇਤੀਬਾੜੀ ਇੰਜੀਨੀਅਰਾਂ ਸਮੇਤ 50 ਤੋਂ ਵੱਧ ਵਿਅਕਤੀਆਂ ਨੇ ਸ਼ਿਰਕਤ ਕੀਤੀ। ਇੰਜੀਨੀਅਰ ਸੁਰਿੰਦਰ ਮੋਹਨ ਸ਼ਰਮਾ ਆਈ ਪੀ ਐਸ, ਡੀਜੀਪੀ (ਸੇਵਾਮੁਕਤ) ਇਸ ਮੀਟਿੰਗ ਦੇ ਮੁੱਖ ਮਹਿਮਾਨ ਦੇ ਤੌਰ ਤੇ ਹਾਜਰ ਰਹੇ। ਪਰਿਵਾਰ ‘ਗੇਟ ਟੁਗੇਦਰ’ ਦਾ ਥੀਮ ਝੋਨੇ ਅਤੇ ਕਣਕ ਦੀ ਪਰਾਲੀ ਨੂੰ ਨਾ ਸਾੜ ਕੇ ਪੰਜਾਬ ਵਿੱਚ ਪ੍ਰਦੂਸ਼ਣ ਮੁਕਤ ਵਾਤਾਵਰਣ ਨੂੰ ਉਤਸ਼ਾਹਿਤ ਕਰਨਾ ਸੀ, ਕਿਉਂਕਿ ਕਾਲਜ ਨੇ ਪੀਏਯੂ ਸਟਰਾਅ ਮੈਨੇਜਮੈਂਟ ਸਿਸਟਮ, ਹੈਪੀ ਸੀਡਰ ਅਤੇ ਜ਼ੀਰੋ ਡਰਿੱਲ ਮਸ਼ੀਨਾਂ ਆਦਿ ਵਰਗੀਆਂ ਪਰਾਲੀ ਪ੍ਰਬੰਧਨ ਮਸ਼ੀਨਾਂ ਨੂੰ ਵਿਕਸਤ ਕਰਨ ਵਿੱਚ ਮੋਹਰੀ ਭੂਮਿਕਾ ਨਿਭਾਈ ਹੈ।

ਹੋਰ ਪਤਵੰਤੇ ਸੱਜਣ ਇੰਜੀਨੀਅਰ ਰਤਨ ਸਿੰਘ ਪ੍ਰਧਾਨ ਐਸੋਸੀਏਸ਼ਨ ,ਇੰਜੀਨੀਅਰ ਹਰਿੰਦਰ ਪਾਲ ਸਿੰਘ ਚੀਫ ਪੈਟਰਨ, ਇੰਜੀਨੀਅਰ ਐਮ ਐਸ ਛਿੱਬਰ ਆਈ ਐਫ ਐਸ ਸੇਵਾਮੁਕਤ , ਇੰਜੀਨੀਅਰ ਮਹਿੰਦਰ ਕੰਵਲ ਕੰਜ਼ਰਵੇਟਰ ਆਫ ਸੋਇਲਜ਼ ਪੰਜਾਬ, ਰਿਟਾ, ਇੰਜੀਨੀਅਰ ਐਚ ਐਸ ਲੋਹਾਨ, ਕੇ.ਕੇ. ਸੇਠ, ਇੰਜੀਨੀਅਰ ਐਸ.ਸੀ. ਗਾਂਧੀ, ਇੰਜੀਨੀਅਰ ਮਨਮੋਹਨ ਕਾਲੀਆ ਸੰਯੁਕਤ ਨਿਰਦੇਸ਼ਕ ਖੇਤੀਬਾੜੀ ਸੇਵਾ ਮੁਕਤ , ਇੰਜੀਨੀਅਰ ਰਮੇਸ਼ ਸਾਤੀਜਾ ਡੀ.ਜੀ.ਐਮ. ਐਸ.ਬੀ.ਆਈ ਸੇਵਾ ਮੁਕਤ ,ਇੰਜੀਨੀਅਰ ਉਮਾ ਕਾਂਤ ਸ਼ਰਮਾ, ਅਤੇ ਇੰਜੀਨੀਅਰ ਕੇਸ਼ਵ ਕੁਮਾਰ ਡਿਵੀਜ਼ਨ ਸੋਇਲ ਕੰਜ਼ਰਵੇਟਰ ਵੀ ਪਰਿਵਾਰ ਸਮੇਤ ਹਾਜ਼ਰ ਸਨ।

ਚੰਡੀਗੜ੍ਹ ਦੇ ਪੀਐੱਮ ਸ਼੍ਰੀ ਗਵਰਨਮੈਂਟ ਗਰਲਜ਼ ਮਾਡਲ ਸੀਨੀਅਰ ਸੈਕੰਡਰੀ ਸਕੂਲ, ਸੈਕਟਰ 18 ਵਿੱਚ ਨੈਸ਼ਨਲ ਇਨਕਲੂਸਿਵ ਥੀਏਟਰ ਫੈਸਟੀਵਲ(ਐੱਨਆਈਟੀਐੱਫ) ਦੀ ਸ਼ੁਰੂਆਤ

ਚੰਡੀਗੜ੍ਹ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਸਟੇਟ ਲੈਵਲ ਨੈਸ਼ਨਲ ਇਨਕਲੂਸਿਵ ਥੀਏਟਰ ਫੈਸਟੀਵਲ (ਐੱਨਆਈਟੀਐੱਫ) 2026 ਦੀ ਅੱਜ ਪੀਐੱਮ ਸ਼੍ਰੀ ਗਵਰਨਮੈਂਟ ਗਰਲਸ ਮਾਡਲ ਸੀਨੀਅਰ ਸੈਕੰਡਰੀ ਸਕੂਲ, ਸੈਕਟਰ 18, ਚੰਡੀਗੜ੍ਹ ਵਿੱਚ ਉਤਸ਼ਾਹ ਅਤੇ ਸਮਾਵੇਸ਼ਤਾ ਦੀ ਭਾਵਨਾ ਨਾਲ ਸ਼ੁਰੂਆਤ ਹੋਈ। ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਦੇ ਸਕੂਲ ਸਿੱਖਿਆ ਅਤੇ ਸਾਖਰਤਾ ਵਿਭਾਗ ਦੀ ਸਰਪ੍ਰਸਤੀ ਵਿੱਚ ਆਯੋਜਿਤ ਇਹ ਫੈਸਟੀਵਲ ਦਿੱਵਯਾਂਗ ਅਤੇ ਹੋਰ ਬੱਚਿਆਂ ਨੂੰ ਥੀਏਟਰ ਦੇ ਜ਼ਰੀਏ ਆਪਣੀਆਂ ਭਾਵਨਾਵਾਂ ਵਿਅਕਤ ਕਰਨ, ਵਿਵਿਧਤਾ ਦਾ ਉਤਸਵ ਮਨਾਉਣ ਅਤੇ ਸਮਾਨ ਭਾਗੀਦਾਰੀ ਨੂੰ ਹੁਲਾਰਾ ਦੇਣ ਲਈ ਵਿਸ਼ੇਸ਼ ਮੰਚ ਪ੍ਰਦਾਨ ਕਰਦਾ ਹੈ। ਉਦਘਾਟਨੀ ਸਮਾਰੋਹ ਵਿੱਚ ਚੰਡੀਗੜ੍ਹ ਪ੍ਰਸ਼ਾਸਨ ਦੇ ਸਕੂਲ ਸਿੱਖਿਆ ਡਾਇਰੈਕਟਰ, ਸ਼੍ਰੀ ਨਿਤੀਸ਼ ਸਿੰਗਲਾ ਮੁੱਖ ਮਹਿਮਾਨ ਦੇ ਰੂਪ ਵਿੱਚ ਉਪਸਥਿਤ ਰਹੇ। ਇਸ ਅਵਸਰ ’ਤੇ ਡਿਪਟੀ ਡਾਇਰੈਕਟਰ ਸਕੂਲ ਐਜੂਕੇਸ਼ਨ ਸੁਸ਼੍ਰੀ ਬਿੰਦੂ ਅਰੋੜਾ; ਡਿਪਟੀ ਡਾਇਰੈਕਟਰ ਸਕੂਲ ਐਜੂਕੇਸ਼ਨ-IV ਸੁਸ਼੍ਰੀ ਨਿਰਮਲ ਸ਼ਰਮਾ; ਅਤੇ ਜ਼ਿਲ੍ਹਾ ਸਿੱਖਿਆ ਅਧਿਕਾਰੀ ਸ਼੍ਰੀ ਸੰਜੀਵ ਸਿੰਗਲਾ ਵੀ ਉਪਸਥਿਤ ਰਹੇ। ਆਯੋਜਿਤ ਇਸ ਚਾਰ ਦਿਨਾਂ ਦੇ ਸਟੇਟ ਲੈਵਲ ਫੈਸਟੀਵਲ ਵਿੱਚ ਵਿਸ਼ੇਸ਼ ਜ਼ਰੂਰਤ ਵਾਲੇ ਬੱਚਿਆਂ (ਸੀਡਬਲਿਊਐੱਸਐੱਨ) ਸਹਿਤ ਲਗਭਗ 400 ਵਿਦਿਆਰਥੀ ਹਿੱਸਾ ਲੈ ਰਹੇ ਹਨ। ਹਰ ਰੋਜ਼ ਪੰਜ ਟੀਮਾਂ ਆਪਣੀਆਂ ਪ੍ਰਸਤੁਤੀਆਂ ਦੇ ਜ਼ਰੀਏ ਰਚਨਾਤਮਕਤਾ, ਪ੍ਰਤਿਭਾ, ਆਤਮਵਿਸ਼ਵਾਸ ਅਤੇ ਮਿਲ ਕੇ ਕਾਰਜ ਕਰਨ ਦੀ ਭਾਵਨਾ ਦਾ ਪ੍ਰਦਰਸ਼ਨ ਕਰਨਗੀਆਂ। ਇਸ ਫੈਸਟੀਵਲ ਦੀ ਵਿਸ਼ੇਸ਼ਤਾ ਇਹ ਹੈ ਕਿ ਹਰੇਕ ਟੀਮ ਵਿੱਚ ਵਿਸ਼ੇਸ਼ ਜ਼ਰੂਰਤ ਵਾਲੇ ਅਤੇ ਹੋਰ ਬੱਚੇ ਮਿਲ ਕੇ ਹਿੱਸਾ ਲੈ ਰਹੇ ਹਨ। ਇਸ ਨਾਲ ਬੱਚਿਆਂ ਦੇ ਦਰਮਿਆਨ ਸਾਰਥਕ ਸੰਵਾਦ, ਆਪਸੀ ਸਮਝ ਅਤੇ ਅਪਣੱਤ ਦੀ ਭਾਵਨਾ ਨੂੰ ਹੁਲਾਰਾ ਮਿਲਦਾ ਹੈ। ਪ੍ਰਤੀਭਾਗੀਆਂ ਨੂੰ ਸੰਬੋਧਨ ਕਰਦੇ ਹੋਏ ਸਕੂਲ ਸਿੱਖਿਆ ਡਾਇਰੈਕਟਰ ਸ਼੍ਰੀ ਨਿਤੀਸ਼ ਸਿੰਗਲਾ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਆਤਮਵਿਸ਼ਵਾਸ ਅਤੇ ਉਤਸ਼ਾਹ ਨਾਲ ਪ੍ਰਸਤੁਤੀ ਦੇਣ ਲਈ ਪ੍ਰੋਤਸਾਹਿਤ ਕੀਤਾ। ਮੁਕਾਬਲੇ ਨਾਲੋਂ ਭਾਗੀਦਾਰੀ ਦੇ ਮਹੱਤਵ ’ਤੇ ਜ਼ੋਰ ਦਿੰਦੇ ਹੋਏ ਉਨ੍ਹਾਂ ਨੇ ਕਿਹਾ ਕਿ ਹਿੱਸਾ ਲੈਣਾ ਹੀ ਆਪਣੇ ਆਪ ਵਿੱਚ ਜਿੱਤ ਹੈ। ਉਨ੍ਹਾਂ ਨੇ ਸਾਰੇ ਸਕੂਲਾਂ ਨੂੰ ਅਜਿਹੇ ਪ੍ਰੋਗਰਾਮਾਂ ਵਿੱਚ ਅਧਿਕ ਤੋਂ ਅਧਿਕ ਵਿਦਿਆਰਥੀਆਂ ਦੀ ਭਾਗੀਦਾਰੀ ਨੂੰ ਸੁਨਿਸ਼ਚਿਤ ਕਰਨ ਦੀ ਤਾਕੀਦ ਕੀਤੀ। ਉਨ੍ਹਾਂ ਨੇ ਕਿਹਾ ਕਿ ਅਜਿਹੀਆਂ ਪਹਿਲਾਂ ਬੱਚਿਆਂ ਨੂੰ ਆਪਣੀਆਂ ਸਮਰੱਥਾਵਾਂ ਨੂੰ ਪਹਿਚਾਣਨ ਅਤੇ ਜ਼ਰੂਰੀ ਜੀਵਨ ਕੌਸ਼ਲ ਵਿਕਸਿਤ ਕਰਨ ਦੇ ਮਹੱਤਵਪੂਰਨ ਅਵਸਰ ਪ੍ਰਦਾਨ ਕਰਦੀਆਂ ਹਨ। ਡਾਇਰੈਕਟਰ ਨੇ ਕਿਹਾ ਕਿ ਐੱਨਆਈਟੀਐੱਫ ਜਿਹੇ ਸਮਾਵੇਸ਼ੀ ਪ੍ਰੋਗਰਾਮ ਕਲਾਤਮਕ ਅਭਿਵਿਅਕਤੀ ਦੇ ਨਾਲ-ਨਾਲ ਵਿਦਿਆਰਥੀਆਂ ਵਿੱਚ ਸਹਿਯੋਗ, ਮਿਲ ਕੇ ਕਾਰਜ ਕਰਨ ਦੀ ਸਮਰੱਥਾ, ਸੰਵੇਦਨਸ਼ੀਲਤਾ, ਲੀਡਰਸ਼ਿਪ ਅਤੇ ਸਮਾਜਿਕ ਜ਼ਿੰਮੇਦਾਰੀ ਦੀ ਭਾਵਨਾ ਵਿਕਸਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਨੇ ਅਜਿਹੇ ਅਕਾਦਮਿਕ ਵਾਤਾਵਰਣ ਦੇ ਨਿਰਮਾਣ ’ਤੇ ਜ਼ੋਰ ਦਿੱਤਾ, ਜਿੱਥੇ ਹਰੇਕ ਬੱਚਾ ਖ਼ੁਦ ਨੂੰ ਮਹੱਤਵਪੂਰਨ ਅਤੇ ਸਨਮਾਨਿਤ ਮਹਿਸੂਸ ਕਰੇ ਅਤੇ ਯੋਗਦਾਨ ਦੇਣ ਲਈ ਸਸ਼ਕਤ ਬਣੇ। ਇਸ ਫੈਸਟੀਵਲ ਦਾ ਪ੍ਰੇਰਣਾਦਾਇਕ ਥੀਮ, ਮੰਚ ’ਤੇ ਇਕੱਠੇ, ਸਮਾਨਤਾ ਦੀ ਭਾਵਨਾ ਦੇ ਨਾਲ ਹੈ। ਇਹ ਇਸ ਵਿਸ਼ਵਾਸ ਨੂੰ ਦਰਸਾਉਂਦਾ ਹੈ ਕਿ ਸਮਰੱਥਾਵਾਂ ਵਿੱਚ ਅੰਤਰ ਸਾਂਝੇ ਸੁਪਨਿਆਂ ਅਤੇ ਉਪਲਬਧੀਆਂ ਦੇ ਰਸਤੇ ਵਿੱਚ ਕਦੇ ਰੁਕਾਵਟ ਨਹੀਂ ਬਣਨਾ ਚਾਹੀਦਾ। ਥੀਏਟਰ ਅਤੇ ਪ੍ਰਦਰਸ਼ਨ ਕਲਾਵਾਂ ਦੇ ਜ਼ਰੀਏ ਵਿਦਿਆਰਥੀਆਂ ਨੂੰ ਮਿੱਤਰਤਾ ਵਧਾਉਣ, ਰੂੜ੍ਹੀਵਾਦੀ ਧਾਰਨਾਵਾਂ ਨੂੰ ਚੁਣੌਤੀ ਦੇਣ ਅਤੇ ਵਿਵਿਧਤਾ ਦਾ ਸਨਮਾਨ ਕਰਨ ਲਈ ਪ੍ਰੋਤਸਾਹਿਤ ਕੀਤਾ ਜਾ ਰਿਹਾ ਹੈ। ਇਸ ਫੈਸਟੀਵਲ ਦਾ ਸਮਾਪਨ 16 ਅਕਤੂਬਰ 2026 ਨੂੰ ਹੋਵੇਗਾ। ਇਸ ਅਵਸਰ ’ਤੇ ਬਿਹਤਰੀਨ ਪ੍ਰਦਰਸ਼ਨ ਕਰਨ ਵਾਲੀ ਟੀਮ ਦੀ ਸਿਲੈਕਸ਼ਨ ਕੀਤੀ ਜਾਵੇਗੀ, ਜਿਸ ਨੂੰ ਚੰਡੀਗੜ੍ਹ ਵਿੱਚ ਆਯੋਜਿਤ ਹੋਣ ਵਾਲੀ ਰਾਸ਼ਟਰੀ ਪੱਧਰ ਦੀ ਥੀਏਟਰ ਵਰਕਸ਼ਾਪ ਵਿੱਚ ਚੰਡੀਗੜ੍ਹ ਦੀ ਪ੍ਰਤੀਨਿਧਤਾ ਕਰਨ ਦੇ ਅਵਸਰ ਮਿਲੇਗਾ। ਇਸ ਨਾਲ ਚੁਣੇ ਗਏ ਵਿਦਿਆਰਥੀਆਂ ਨੂੰ ਆਪਣੀ ਪ੍ਰਤਿਭਾ ਪ੍ਰਦਰਸ਼ਿਤ ਕਰਨ ਅਤੇ ਰਾਸ਼ਟਰੀ ਪੱਧਰ ’ਤੇ ਸਮਾਵੇਸ਼ੀ ਥੀਏਟਰ ਨਾਲ ਜੁੜਨ ਦਾ ਮਹੱਤਵਪੂਰਨ ਮੰਚ ਪ੍ਰਾਪਤ ਹੋਵੇਗਾ। ਨੈਸ਼ਨਲ ਇਨਕਲੂਸਿਵ ਥੀਏਟਰ ਫੈਸਟੀਵਲ 2026 ਸਮਾਵੇਸ਼ੀ ਸਿੱਖਿਆ ਨੂੰ ਮਜ਼ਬੂਤ ??ਕਰਨ ਅਤੇ ਹਰੇਕ ਬੱਚੇ ਨੂੰ ਹਿੱਸਾ ਲੈਣ, ਪ੍ਰਸਤੁਤੀ ਦੇਣ ਅਤੇ ਆਪਣੀ ਪ੍ਰਤਿਭਾ ਨਿਖਾਰਨ ਦਾ ਅਵਸਰ ਸੁਨਿਸ਼ਚਿਤ ਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਇਹ ਪਹਿਲ ਸੰਦੇਸ਼ ਦਿੰਦੀ ਹੈ ਕਿ ਜਦੋਂ ਬੱਚੇ ਇਕੱਠੇ ਸਿੱਖਦੇ ਅਤੇ ਪ੍ਰਸਤੁਤੀ ਦਿੰਦੇ ਹਨ, ਤਾਂ ਉਹ ਕਲਾਤਮਕ ਕੌਸ਼ਲ ਦੇ ਨਾਲ-ਨਾਲ ਇੱਕ ਸੰਵੇਦਨਸ਼ੀਲ, ਨਿਆਂਸੰਗਤ ਅਤੇ ਸਮਾਵੇਸ਼ੀ ਸਮਾਜ ਲਈ ਜ਼ਰੂਰੀ ਕਦਰਾਂ-ਕੀਮਤਾਂ ਨੂੰ ਵੀ ਵਿਕਸਿਤ ਕਰਦੇ ਹਨ।

ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾ ਦਾ ਆਯੋਜਨ ਕਰਨਾ ਸ਼ਲਾਘਾਯੋਗ ਉਪਰਾਲਾ : ਐਸ.ਐਸ.ਪੀ ਵੈਭਵ ਚੌਧਰੀ

ਪਟਿਆਲਾ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਅਤੇ ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ ਅਤੇ ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੀ ਟੀਮ ਦੇ ਸਰਪ੍ਰਸਤ ਸਟੇਟ ਐਵਾਰਡੀ ਪਰਮਿੰਦਰ ਭਲਵਾਨ (ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ, ਮੈਂਬਰ ਯੁਵਾ ਸਾਂਝ ਕਮੇਟੀ ਪਟਿਆਲਾ ਪੁਲਿਸ, ਮੈਂਬਰ ਵੂਮੈਨ ਕੌਂਸਲਿੰਗ ਸੈੱਲ ਪਟਿਆਲਾ ਪੁਲਿਸ) ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ (ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ) ਅਤੇ ਸਤਨਾਮ ਸਿੰਘ ਸਰਪੰਚ ਮੈਦੇਵਾਸ ਨੇ ਐਸ.ਐਸ.ਪੀ ਮਾਨਸਾ ਵੈਭਵ ਚੌਧਰੀ ਜੀ ਨਾਲ ਮੁਲਾਕਾਤ ਕੀਤੀ।

ਇਸ ਮੌਕੇ ਟੀਮ ਵੱਲੋਂ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਜਾਗਰੂਕਤਾ ਪ੍ਰੋਗਰਾਮਾਂ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।

ਇਸ ਮੌਕੇ ਐਸ.ਐਸ.ਪੀ ਮਾਨਸਾ ਵੈਭਵ ਚੌਧਰੀ ਨੇ ਕਿਹਾ ਕਿ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਅਤੇ ਉਹਨਾਂ ਦੀਆਂ ਸਮਾਜ ਸੇਵੀ ਸੰਸਥਾਵਾਂ ਪੰਜਾਬ ਪੁਲਿਸ ਵੱਲੋਂ ਨਸ਼ਿਆਂ ਵਿਰੁੱਧ ਸ਼ੁਰੂ ਕੀਤੀ ਲੜਾਈ ਵਿੱਚ ਵੱਧ-ਚੜ੍ਹ ਕੇ ਵਲੰਟੀਅਰ ਵਜੋਂ ਸਹਿਯੋਗ ਦੇ ਰਹੀਆਂ ਹਨ, ਜੋ ਕਿ ਬਹੁਤ ਹੀ ਪ੍ਰਸੰਸਾਯੋਗ ਕਦਮ ਹੈ।

ਉਹਨਾਂ ਦੱਸਿਆ ਕਿ ਇਸ ਟੀਮ ਵੱਲੋਂ ’ਯੁੱਧ ਨਸ਼ਿਆਂ ਵਿਰੁੱਧ ਮੁਹਿੰਮ’ ਅਤੇ ’ਨਸ਼ਾ ਮੁਕਤ ਭਾਰਤ ਅਭਿਆਨ’ ਤਹਿਤ ਪਿਛਲੇ ਦੋ ਸਾਲਾਂ ਵਿੱਚ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਪੁਲਿਸ ਪ੍ਰਸ਼ਾਸਨ ਦੇ ਸਹਿਯੋਗ ਨਾਲ ਤਕਰੀਬਨ 525 ਤੋਂ ਵੱਧ ਸੈਮੀਨਾਰ, ਰੈਲੀਆਂ ਅਤੇ ਨੁੱਕੜ ਨਾਟਕਾਂ ਦਾ ਆਯੋਜਨ ਕੀਤਾ ਗਿਆ ਹੈ। ਇਸ ਟੀਮ ਨੇ ਪਿਛਲੇ 15 ਸਾਲਾਂ ਤੋਂ ਨਸ਼ਿਆਂ ਵਿਰੁੱਧ ਤਕਰੀਬਨ 4500 ਤੋਂ ਵੱਧ ਜਾਗਰੂਕਤਾ ਪ੍ਰੋਗਰਾਮ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਬਾਹਰ ਕੱਢਣ ਲਈ ਸ਼ਲਾਘਾਯੋਗ ਉਪਰਾਲੇ ਕੀਤੇ ਹਨ।

ਉਹਨਾਂ ਕਿਹਾ ਕਿ ਡਾਇਰੈਕਟਰ ਜਨਰਲ ਆਫ ਪੁਲਿਸ ਗੌਰਵ ਯਾਦਵ ਜੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਪੁਲਿਸ ਨਸ਼ਿਆਂ ਦੇ ਵੱਡੇ ਮਗਰਮੱਛਾਂ ਨੂੰ ਨਕੇਲ ਪਾ ਰਹੀ ਹੈ। ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ ’ਤੇ ਬਖਸ਼ਿਆ ਨਹੀਂ ਜਾਵੇਗਾ, ਉਹਨਾਂ ਦੀਆਂ ਜਾਇਦਾਦਾਂ ਕੁਰਕ ਕੀਤੀਆਂ ਜਾ ਰਹੀਆਂ ਹਨ ਅਤੇ ਉਹਨਾਂ ਦੀਆਂ ਜਾਇਦਾਦਾਂ ’ਤੇ ਬੁਲਡੋਜ਼ਰ ਚਲਾਏ ਜਾ ਰਹੇ ਹਨ। ਅੱਗੇ ਤੋਂ ਵੀ ਇਹ ਕਾਰਵਾਈ ਜਾਰੀ ਰਹੇਗੀ।

ਉਹਨਾਂ ਕਿਹਾ ਕਿ ਪੰਜਾਬ ਪੁਲਿਸ ਨਸ਼ਿਆਂ ਦੇ ਖਾਤਮੇ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਨਸ਼ਾ ਤਸਕਰਾਂ ਦੀ ਸੂਚਨਾ ਦੇਣ ਵਾਲੇ ਵਿਅਕਤੀ ਦਾ ਨਾਮ ਪੁਲਿਸ ਵੱਲੋਂ ਗੁਪਤ ਰੱਖਿਆ ਜਾਂਦਾ ਹੈ, ਇਸ ਲਈ ਪਬਲਿਕ ਨੂੰ ਬਿਨਾਂ ਕਿਸੇ ਡਰ-ਭੈਅ ਤੋਂ ਅੱਗੇ ਆ ਕੇ ਸੂਚਨਾ ਦੇਣੀ ਚਾਹੀਦੀ ਹੈ।

ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਐਸ.ਐਸ.ਪੀ ਵੈਭਵ ਚੌਧਰੀ ਨੂੰ ਭਰੋਸਾ ਦਿਵਾਇਆ ਕਿ ਉਹਨਾਂ ਦੀ ਟੀਮ ਹਮੇਸ਼ਾ ਪੰਜਾਬ ਪੁਲਿਸ ਨਾਲ ਮਿਲ ਕੇ ’ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਤਹਿਤ ਜਾਗਰੂਕਤਾ ਪ੍ਰੋਗਰਾਮਾਂ ਦਾ ਆਯੋਜਨ ਕਰਦੀ ਰਹੇਗੀ ਅਤੇ ਅੱਗੇ ਤੋਂ ਵੀ ਇਹ ਪ੍ਰੋਗਰਾਮ ਲਗਾਤਾਰ ਜਾਰੀ ਰਹਿਣਗੇ।

ਇਤਿਹਾਸਕ ਪ੍ਰਾਪਤੀ: ਮਾਈ ਭਾਗੋ ਏ.ਐਫ.ਪੀ.ਆਈ. ਦੀਆਂ 17 ਮਹਿਲਾ ਕੈਡਿਟਾਂ ਵੱਲੋਂ ਐਨ.ਡੀ.ਏ. ਪ੍ਰੀਖਿਆ ਪਾਸ; ਭਾਰਤ ਦੇ ਕਿਸੇ ਵੀ ਸਰਕਾਰੀ ਅਦਾਰੇ ’ਚੋਂ ਪਾਸ ਹੋਣ ਵਾਲੀਆਂ ਮਹਿਲਾਂ ਕੈਡਿਟਾਂ ਦੀ ਸਭ ਤੋਂ ਵੱਡੀ ਗਿਣਤੀ

ਚੰਡੀਗੜ੍ਹ, 16 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ’ (ਏਐਫਪੀਆਈ) ਮੋਹਾਲੀ ਦੀਆਂ 17 ਮਹਿਲਾ ਕੈਡਿਟਾਂ ਨੇ ਐਨਡੀਏ ਦੀ ਲਿਖਤੀ ਪ੍ਰੀਖਿਆ ਪਾਸ ਕਰਕੇ ਰਾਸ਼ਟਰੀ ਪੱਧਰ ’ਤੇ ਇਤਿਹਾਸ ਰਚ ਦਿੱਤਾ ਹੈ। ਇਹ ਦੇਸ਼ ਦੀ ਕਿਸੇ ਵੀ ਸਰਕਾਰੀ ਸੰਸਥਾ, ਜਿਸ ਵਿੱਚ ਸੈਨਿਕ ਸਕੂਲ ਅਤੇ ਰਾਸ਼ਟਰੀ ਮਿਲਟਰੀ ਸਕੂਲ ਵੀ ਸ਼ਾਮਲ ਹੈ, ਵੱਲੋਂ ਐਨਡੀਏ ਪ੍ਰੀਖਿਆ ਪਾਸ ਕਰਨ ਵਾਲੀਆਂ ਮਹਿਲਾ ਕੈਡਿਟਾਂ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਗਿਣਤੀ ਹੈ।

ਵੱਡੀਆਂ ਚੁਣੌਤੀਆਂ ਦੇ ਬਾਵਜੂਦ ਇਹ ਸਫਲਤਾ ਹਾਸਲ ਕਰਨ ਵਾਲੀਆਂ 17 ਮਹਿਲਾ ਕੈਡਿਟਾਂ ਵਿੱਚ ਤਨਵੀ, ਉਰਵੀ, ਸਿਮਰਨਪ੍ਰੀਤ ਕੌਰ, ਕੋਮਲਪ੍ਰੀਤ ਕੌਰ, ਪਹੁਲਜੀਤ ਕੌਰ, ਜਸਮੀਤ ਕੌਰ, ਮੁਸਕਾਨਪ੍ਰੀਤ ਕੌਰ, ਗਰਿਮਾ, ਅਨੀਸ਼ਾ, ਪ੍ਰਣਯਾ ਕਾਰਗਵਾਲ, ਜਸ਼ਨਦੀਪ ਕੌਰ, ਸਮ੍ਰਿਧੀ, ਅਰਸ਼ਕਿਰਨ ਕੌਰ, ਸਹਿਜਪ੍ਰੀਤ ਕੌਰ, ਜਪਨੀਤ ਕੌਰ, ਖੁਸ਼ੀ ਅਤੇ ਜਸਲੀਨ ਕੌਰ ਸ਼ਾਮਲ ਹਨ। ਉਨ੍ਹਾਂ ਨੇ ਇਹ ਪ੍ਰੀਖਿਆ ਅਜਿਹੀ ਪ੍ਰਣਾਲੀ ਵਿੱਚ ਪਾਸ ਕੀਤੀ ਹੈ ਜਿੱਥੇ ਐਨਡੀਏ ਦੀਆਂ ਕੁੱਲ ਸੀਟਾਂ ਵਿੱਚੋਂ ਸਿਰਫ਼ 6 ਫ਼ੀਸਦ ਸੀਟਾਂ ਹੀ ਲੜਕੀਆਂ ਲਈ ਰਾਖਵੀਆਂ ਹਨ, ਜਦਕਿ 94 ਫ਼ੀਸਦ ਸੀਟਾਂ ਲੜਕਿਆਂ ਲਈ ਰਾਖਵੀਆਂ ਹਨ।

ਇਸ ਨੂੰ ਇੱਕ ਇਤਿਹਾਸਕ ਪ੍ਰਾਪਤੀ ਦੱਸਦਿਆਂ, ਪੰਜਾਬ ਦੇ ਰੁਜ਼ਗਾਰ ਉੱਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਇਹਨਾਂ ਨਤੀਜਿਆਂ ਨੇ ਲੜਕੀਆਂ ਨੂੰ ਹਥਿਆਰਬੰਦ ਬਲਾਂ ਵਿੱਚ ਕਰੀਅਰ ਬਣਾਉਣ ਦੇ ਸਮਰੱਥ ਬਣਾਉਣ ਵਿੱਚ ਦੇਸ਼ ਦੇ ਮੋਹਰੀ ਸੂਬੇ ਵਜੋਂ ਪੰਜਾਬ ਦੀ ਪਛਾਣ ਨੂੰ ਹੋਰ ਮਜ਼ਬੂਤ ਕੀਤਾ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਜਿੱਤ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਉਸ ਦੂਰਅੰਦੇਸ਼ੀ ਫੈਸਲੇ ’ਤੇ ਮੋਹਰ ਲਗਾਉਂਦੀ ਹੈ ਜਿਸ ਤਹਿਤ ਮਾਈ ਭਾਗੋ ਏ.ਐਫ.ਪੀ.ਆਈ. ਵਿਖੇ ਲੜਕੀਆਂ ਲਈ ਐਨ.ਡੀ.ਏ. ਦੀ ਤਿਆਰੀ ਸਬੰਧੀ ਵਿੰਗ ਸ਼ੁਰੂ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਹ ਤਾਂ ਸਿਰਫ਼ ਸ਼ੁਰੂਆਤ ਹੈ ਅਤੇ ਆਉਣ ਵਾਲੇ ਸਾਲਾਂ ਵਿੱਚ ਨਤੀਜੇ ਹੋਰ ਵੀ ਬਿਹਤਰ ਹੋਣਗੇ।

ਸ੍ਰੀ ਅਮਨ ਅਰੋੜਾ ਨੇ ਕੈਡਿਟਾਂ, ਉਨ੍ਹਾਂ ਦੇ ਪਰਿਵਾਰਾਂ ਅਤੇ ਫੈਕਲਟੀ ਨੂੰ ਵਧਾਈ ਦਿੰਦਿਆਂ ਕਿਹਾ, ਮੈਨੂੰ ਮਾਈ ਭਾਗੋ ਏ.ਐਫ.ਪੀ.ਆਈ. ਦੀਆਂ 17 ਮਹਿਲਾ ਕੈਡਿਟਾਂ ’ਤੇ ਬਹੁਤ ਮਾਣ ਹੈ। ਇਹ ਸਿਰਫ਼ ਇਨ੍ਹਾਂ ਨੌਜਵਾਨ ਲੜਕੀਆਂ ਦੀ ਜਿੱਤ ਨਹੀਂ, ਸਗੋਂ ਪੰਜਾਬ ਲਈ ਇੱਕ ਇਤਿਹਾਸਕ ਪਲ ਹੈ। ਅਜਿਹੀ ਪ੍ਰਣਾਲੀ ਵਿੱਚ ਸਫਲਤਾ ਹਾਸਲ ਕਰਨ ਲਈ, ਜਿੱਥੇ 94 ਫ਼ੀਸਦ ਸੀਟਾਂ ਲੜਕਿਆਂ ਲਈ ਰਾਖ਼ਵੀਆਂ ਹਨ, ਅਸਾਧਾਰਨ ਹਿੰਮਤ ਅਤੇ ਪ੍ਰਤਿਭਾ ਦੀ ਲੋੜ ਹੁੰਦੀ ਹੈ ਅਤੇ ਸਾਡੀਆਂ ਧੀਆਂ ਨੇ ਆਪਣੀ ਹਿੰਮਤ ਅਤੇ ਹੁਨਰ ਦਾ ਬਾਖ਼ੂਬੀ ਪ੍ਰਦਰਸ਼ਨ ਕੀਤਾ ਹੈ। ਉਨ੍ਹਾਂ ਕਿਹਾ, ਇਹ ਨਤੀਜਾ ਸਾਡੀਆਂ ਧੀਆਂ ਨੂੰ ਵਿਸ਼ਵ-ਪੱਧਰੀ ਸਿਖਲਾਈ ਨਾਲ ਸਮਰੱਥ ਬਣਾਉਣ ਪ੍ਰਤੀ ਸਾਡੀ ਸਰਕਾਰ ਦੇ ਦ੍ਰਿਸ਼ਟੀਕੋਣ ਦਾ ਪ੍ਰਤੱਖ ਪ੍ਰਮਾਣ ਹੈ। ਮਾਈ ਭਾਗੋ ਏ.ਐਫ.ਪੀ.ਆਈ. ਅੱਜ ਉੱਤਮਤਾ ਦੀ ਇੱਕ ਮਿਸਾਲ ਵਜੋਂ ਖੜ੍ਹੀ ਹੈ ਅਤੇ ਮੈਨੂੰ ਪੂਰਾ ਭਰੋਸਾ ਹੈ ਕਿ ਇਹ ਕੈਡਿਟ ਐਸ.ਐਸ.ਬੀ. ਅਤੇ ਇਸ ਤੋਂ ਅੱਗੇ ਵੀ ਦੇਸ਼ ਦਾ ਨਾਂ ਰੌਸ਼ਨ ਕਰਨਗੇ।

ਸ੍ਰੀ ਅਨੰਦਪੁਰ ਸਾਹਿਬ ਸਰਾਵਾਂ ਮਾਮਲੇ ’ਚ ਧਾਮੀ ਦਾ ਵੱਡਾ ਖੁਲਾਸਾ ! ਰਿਕਾਰਡ ਨਾਲ ਹੋਈ ਛੇੜਛਾੜ, ਅਮਰੀਕ ਸਿੰਘ ਸਣੇ ਇਨ੍ਹਾਂ ਅਧਿਕਾਰੀਆਂ ’ਤੇ ਹੋਵੇਗੀ ਕਾਰਵਾਈ

ਕੌਮੀ ਪਤ੍ਰਿਕਾ

ਅੰਮ੍ਰਿਤਸਰ 16 ਅਕਤੂਬਰ। ਸ੍ਰੀ ਅਨੰਦਪੁਰ ਸਾਹਿਬ ਨਾਲ ਸਬੰਧਤ ਮਾਮਲੇ ਦੀ ਪੜਤਾਲ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਣਾਈ ਗਈ ਚਾਰ ਮੈਂਬਰੀ ਜਾਂਚ ਕਮੇਟੀ ਨੇ ਆਪਣੀ ਮੁੱਢਲੀ ਰਿਪੋਰਟ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਸੌਂਪ ਦਿੱਤੀ ਹੈ। ਇਸ ਰਿਪੋਰਟ ਵਿਚ ਗੁਰਦੁਆਰਾ ਪ੍ਰਬੰਧ ਨਾਲ ਸਬੰਧਤ ਰਿਕਾਰਡ, ਸਰਾਵਾਂ ਦੇ ਰਜਿਸਟਰਾਂ ਅਤੇ ਹੋਰ ਦਸਤਾਵੇਜ਼ਾਂ ਦੇ ਆਧਾਰ ’ਤੇ ਸਾਹਮਣੇ ਆਏ ਤੱਥ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੀਡੀਆ ਨਾਲ ਸਾਂਝੇ ਕੀਤੇ। ਇਸ ਸਬੰਧੀ ਮੀਡੀਆ ਨਾਲ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਜਿਥੇ ਪੁਲਿਸ ਵੱਲੋਂ ਦਰਜ ਕੀਤੀ ਐਫਆਈਆਰ ਦੀ ਜਾਂਚ ਕੀਤੀ ਜਾ ਰਹੀ ਹੈ, ਉਥੇ ਸ਼੍ਰੋਮਣੀ ਕਮੇਟੀ ਵੱਲੋਂ ਵੀ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਸਬ-ਕਮੇਟੀ ਬਣਾ ਕੇ ਵਿਭਾਗੀ ਜਾਂਚ ਕਰਵਾਈ ਗਈ ਹੈ। ਜਾਂਚ ਅਨੁਸਾਰ ਸੱਚ ਸਾਹਮਣੇ ਆਉਣ ਤੋਂ ਪਹਿਲਾਂ ਹੀ ਸ਼ੋਸ਼ਲ ਮੀਡੀਆ ’ਤੇ ਸਿਆਸੀ ਟਰਾਇਲ ਚਲਾਉਣਾ ਸਿੱਖ ਸੰਸਥਾ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਹੈ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਦੌਰਾਨ ਸਬ-ਕਮੇਟੀ ਨੇ ਸਰਾਵਾਂ ਦੇ ਰਿਕਾਰਡਾਂ ਦੀ ਘੋਖ ਕੀਤੀ, ਜਿਸ ਅਨੁਸਾਰ ਸਬੰਧਤ ਬੀਬੀ ਵੱਲੋਂ ਵੱਖ-ਵੱਖ ਸਮਿਆਂ ’ਤੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੀ ਸਰਾਵਾਂ ਵਿਚ ਰਹਿਣ ਸਬੰਧੀ ਇੰਦਰਾਜ ਮੌਜੂਦ ਹਨ। ਰਿਕਾਰਡ ਅਨੁਸਾਰ ਵੱਖ-ਵੱਖ ਸਮੇਂ ਬੀਬੀ ਵੱਲੋਂ ਕਮਰਾ ਲੈਣ ਸਮੇਂ ਬਕਾਇਦਾ ਬਣਦੀ ਭੇਟਾ ਜਮ੍ਹਾਂ ਕਰਵਾਈ ਗਈ। ਉਨ੍ਹਾਂ ਕਿਹਾ ਕਿ ਇਹ ਕਹਿਣਾ ਬਿਲਕੁਲ ਗ਼ਲਤ ਹੈ ਕਿ ਸ਼੍ਰੋਮਣੀ ਕਮੇਟੀ ਨੇ ਬੀਬੀ ਨੂੰ ਸਰਾਵਾਂ ਵਿਚ ਬਿਨਾਂ ਪੈਸੇ ਦੇ ਕਮਰਾ ਅਤੇ ਗੱਡੀ ਦੀ ਸਹੂਲਤ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪੜਤਾਲ ਦੌਰਾਨ ਇਹ ਸਾਹਮਣੇ ਆਇਆ ਹੈ ਕਿ ਸਰਾਵਾਂ ਦੇ ਇੰਚਾਰਜ ਅਮਰੀਕ ਸਿੰਘ ਵੱਲੋਂ ਰਜਿਸਟਰ ਵਿਚ ਰੀਕਾਰਡ ਨਾਲ ਛੇੜਛਾੜ ਕਰਕੇ ਬਾਅਦ ਵਿਚ ਅਲਤ ਇੰਦਰਾਜ ਸ਼ਾਮਲ ਕੀਤੇ ਗਏ। ਸਬੰਧਤ ਰਜਿਸਟਰ ਵਿਚ ਅਜਿਹਾ ਦੋ ਵਾਰ ਕੀਤਾ ਗਿਆ। ਕਿਉਂਕਿ ਰਜਿਸਟਰ ਵਿਚ ਪਹਿਲਾਂ ਹੀ ਸੀਰੀਅਲ ਨੰ: ਅੱਗੇ ਚੱਲ ਰਹੇ ਸਨ, ਇਸ ਲਈ ਪਿਛਲੇ ਸਥਾਨ ’ਤੇ ਐਂਟਰੀ ਕਰਕੇ ਸੀਰੀਅਲ ਨੰਬਰਾਂ ਨਾਲ ਵੀ ਛੇੜਛਾੜ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਸਰਾਵਾਂ ਨਾਲ ਸਬੰਧਤ ਰਜਿਸਟਰਾਂ ਦਾ ਰਿਕਾਰਡ ਵੀ ਮੀਡੀਆ ਸਾਹਮਣੇ ਪੇਸ਼ ਕੀਤਾ ਗਿਆ। ਉਨ੍ਹਾਂ ਮੀਡੀਆ ਸਾਹਮਣੇ ਰਿਕਾਰਡ ਜਨਤਕ ਕਰਦਿਆਂ ਦਿਖਾਇਆ ਕਿ ਵੱਖ-ਵੱਖ ਸਮੇਂ ’ਤੇ ਸੱਤ ਵਾਰ ਬੀਬੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਭੇਟਾ ਦੇ ਕੇ ਕਮਰਾ ਲਿਆ ਅਤੇ ਇਸ ਦੌਰਾਨ ਉਸ ਨਾਲ ਕਈ ਮੈਂਬਰ ਸਰਾਂ ਵਿਚ ਠਹਿਰੇ ਸਨ। ਇਸੇ ਤਰ੍ਹਾਂ ਉਸ ਨੇ ਸ੍ਰੀ ਅੰਮ੍ਰਿਤਸਰ ਵਿਖੇ ਵੀ ਸੱਤ ਵਾਰ ਕਮਰਾ ਭੇਟਾ ਸਹਿਤ ਪ੍ਰਾਪਤ ਕੀਤਾ ਅਤੇ ਦੋ ਵਾਰ ਗੁਰਦੁਆਰਾ ਸ੍ਰੀ ਅੰਬ ਸਾਹਿਬ ਮੋਹਾਲੀ ਵਿਖੇ ਵੀ ਰਹੀ। ਇਹ ਆਮ ਤੌਰ ’ਤੇ ਸ਼ਰਧਾਲੂਆਂ ਦੀ ਤਰ੍ਹਾਂ ਕਮਰਾ ਪ੍ਰਾਪਤ ਕੀਤਾ ਗਿਆ, ਪ੍ਰੰਤੂ ਇਨ੍ਹਾਂ ਤੋਂ ਇਲਾਵਾ ਬਾਕੀ ਇੰਦਰਾਜ ਰਿਕਾਰਡ ਨਾਲ ਛੇੜਛਾੜ ਕਰਕੇ ਦਰਜ ਕੀਤੇ ਗਏ ਹਨ, ਇਸ ਵਿਚਲੀ ਲਿਖਾਈ ਵੀ ਚੱਲ ਰਹੀ ਤਰਤੀਬ ਨਾਲ ਮੇਲ ਨਹੀਂ ਖਾਂਦੀ। ਐਡਵੋਕੇਟ ਧਾਮੀ ਨੇ ਕਿਹਾ ਕਿ ਇਨ੍ਹਾਂ ਦੋਹਾਂ ਇੰਦਰਾਜਾਂ ਦੀ ਲਿਖਾਈ ਬਾਰੇ ਜਾਂਚ ਰਿਪੋਰਟ ਵੀ ਲਈ ਜਾਵੇਗੀ। ਉਨ੍ਹਾਂ ਆਖਿਆ ਕਿ ਇਹ ਬਹੁਤ ਸਾਜ਼ਿਸ਼ ਸੀ, ਜਿਸ ਦੇ ਦੋਸ਼ੀਆਂ ’ਤੇ ਕਾਰਵਾਈ ਕੀਤੀ ਜਾ ਰਹੀ ਹੈ। ਬੀਬੀ ਨੂੰ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਇਕ ਲੱਖ ਰੁਪਏ ਦੀ ਸਹਾਇਤਾ ਦੇਣ ਦੇ ਮਾਮਲੇ ਸਬੰਧੀ ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸਮੇਂ-ਸਮੇਂ ਲੋੜਵੰਦਾਂ ਨੂੰ ਧਰਮ ਅਰਥ ਫੰਡ ਵਿੱਚੋਂ ਸਹਾਇਤਾ ਦਿੰਦੀ ਹੈ। ਬੀਬੀ ਵੱਲੋਂ ਆਪਣੀ ਬਿਮਾਰੀ ਦਾ ਹਵਾਲਾ ਦਿੰਦਿਆਂ ਇਲਾਜ਼ ਲਈ ਸਹਾਇਤਾ ਲਈ ਦਿੱਤੀ ਅਰਜ਼ੀ ਅਤੇ ਮੈਡੀਕਲ ਦਸਤਾਵੇਜ਼ਾਂ ਦੇ ਅਧਾਰ ’ਤੇ ਅੰਤ੍ਰਿੰਗ ਕਮੇਟੀ ਨੇ ਇਹ ਸਹਾਇਤਾ ਰਾਸ਼ੀ ਨੂੰ ਪ੍ਰਵਾਨਗੀ ਦਿੱਤੀ ਸੀ। ਲਗਾਏ ਗਏ ਮੈਡੀਕਲ ਦਸਤਾਵੇਜ਼ ਸਰਕਾਰੀ ਹਸਪਤਾਲ ਤੇ ਡਿਸਪੈਂਸਰੀ ਦੇ ਹਨ। ਉਨ੍ਹਾਂ ਕਿਹਾ ਕਿ ਧਰਮ ਪ੍ਰਚਾਰ ਕਮੇਟੀ ਤੋਂ ਨਹੀਂ ਬਲਕਿ ਇਹ ਆਮ ਤੌਰ ’ਤੇ ਦਿੱਤੀ ਜਾਣ ਵਾਲੀ ਸਹਾਇਤਾ ਦੇ ਖਾਤੇ ਧਰਮ ਅਰਥ ਫੰਡ ਵਿੱਚੋਂ ਹਨ ਅਤੇ ਅਜਿਹੀਆਂ ਸਹਾਇਤਾ ਅਕਸਰ ਹੀ ਲੋੜਵੰਦਾਂ ਨੂੰ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਸਵਾਲ ਕੀਤਾ ਕਿ ਆਮ ਆਦਮੀ ਪਾਰਟੀ ਦੇ ਬੁਲਾਰੇ ਬਲਤੇਜ ਪੰਨੂ ਚੱਲ ਰਹੀ ਪੁਲਿਸ ਜਾਂਚ ਦੌਰਾਨ ਕਿਸ ਹੈਸੀਅਤ ਵਿਚ ਬੀਬੀ ਦੇ ਫੋਨ ਦਾ ਰਿਕਾਰਡ ਜਨਤਕ ਕਰ ਰਹੇ ਹਨ। ਉਨ੍ਹਾਂ ਸਪੱਸ਼ਟ ਤੌਰ ’ਤੇ ਕਿਹਾ ਕਿ ਇਹ ਕੇਵਲ ਸਿੱਖ ਸੰਸਥਾ ਨੂੰ ਜਾਣਬੁਝ ਕੇ ਨਿਸ਼ਾਨੇ ’ਤੇ ਲੈਣ ਲਈ ਕੀਤਾ ਜਾ ਰਿਹਾ ਹੈ। ਉਨ੍ਹਾਂ ਬਲਤੇਜ ਪੰਨੂ ਦੇ ਇਨ੍ਹਾਂ ਦੋਸ਼ਾਂ ਨੂੰ ਵੀ ਨਕਾਰਿਆ ਕਿ ਬੀਬੀ ਸ੍ਰੀ ਅਨੰਦਪੁਰ ਸਾਹਿਬ ਰਹਿਣ ਤੋਂ ਪਹਿਲਾਂ ਉਨ੍ਹਾਂ ਨੂੰ ਮਿਲੀ ਸੀ ਅਤੇ ਇਸ ਬਾਰੇ ਉਨ੍ਹਾਂ ਅਮਰਜੀਤ ਸਿੰਘ ਚਾਵਲਾ ਨੂੰ ਕਿਹਾ ਸੀ। ਐਡਵੋਕੇਟ ਧਾਮੀ ਨੇ ਕਿਹਾ ਕਿ ਇਹ ਗੱਲ ਬਿਲਕੁਲ ਗ਼ਲਤ ਹੈ ਅਤੇ ਉਨ੍ਹਾਂ ਰੱਬ ਨੂੰ ਜਾਨ ਦੇਣੀ ਹੈ। ਸੋ ਇਲਜ਼ਾਮ ਲਗਾਉਣ ਵਾਲੇ ਕਿਰਦਾਰਕੁਸ਼ੀ ਕਰਨ ਤੋਂ ਬਾਜ਼ ਆਉਣ, ਕਿਉਂਕਿ ਉਨ੍ਹਾਂ ਵਰਗੀ ਭਾਸ਼ਾ ਬੋਲਣਾ ਮੇਰੇ ਸੁਭਾਅ ਦਾ ਹਿੱਸਾ ਨਹੀਂ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਇਹ ਬਹੁਤ ਹੀ ਸੰਜੀਦਾ ਮਾਮਲਾ ਹੈ, ਜਿਸ ਦਾ ਹਰ ਸੱਚ ਸੰਗਤਾਂ ਦੇ ਸਾਹਮਣੇ ਆਉਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਬਿਨਾਂ ਕਿਸੇ ਠੋਸ ਸਬੂਤ ਦੇ ਕਿਸੇ ਦੀ ਕਿਰਦਾਰਕੁਸ਼ੀ ਕਰਨੀ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਪੰਥਕ ਸੰਸਥਾ ਹੈ, ਕਿਸੇ ਵਿਅਕਤੀ ਦੀਆਂ ਕਮੀਆਂ ਜਾਂ ਗ਼ਲਤੀਆਂ ਨੂੰ ਅਧਾਰ ਬਣਾ ਕੇ ਪੂਰੀ ਸੰਸਥਾ ਨੂੰ ਨਿਸ਼ਾਨਾ ਬਣਾਉਣਾ ਸਿੱਖ ਕੌਮ ਦੇ ਹਿੱਤ ਵਿਚ ਨਹੀਂ ਹੈ। ਉਨ੍ਹਾਂ ਕਿਹਾ ਕਿ ਮਾਮਲੇ ਦਾ ਪੂਰਾ ਸੱਚ ਸਾਹਮਣੇ ਆਵੇ ਇਸੇ ਲਈ ਉਨ੍ਹਾਂ ਨੇ ਸੀਬੀਆਈ ਦੀ ਮੰਗ ਕੀਤੀ ਸੀ, ਜਿਸ ਲਈ ਉਹ ਮੁੜ ਦੁਹਰਾਅ ਰਹੇ ਹਨ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਅੰਤ੍ਰਿੰਗ ਮੈਂਬਰ ਬੀਬੀ ਹਰਜਿੰਦਰ ਕੌਰ, ਮੈਂਬਰ ਅਜਮੇਰ ਸਿੰਘ ਖੇੜਾ, ਜਗਸੀਰ ਸਿੰਘ ਮਾਂਗੇਆਣਾ, ਸ਼੍ਰੋਮਣੀ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਇੰਜੀ: ਸੁਖਮਿੰਦਰ ਸਿੰਘ ਆਦਿ ਮੌਜੂਦ ਸਨ।

ਪੰਜਾਬ ਬੋਰਡ ਨੇ ਮੁਲਾਜ਼ਮਾਂ ਲਈ ਲਾਗੂ ਕੀਤੀ ਨਵੀਂ ਪਾਲਿਸੀ, ਤਨਖ਼ਾਹ ਤੇ ਛੁੱਟੀਆਂ ਸਣੇ ਮਿਲਣਗੇ ਵੱਡੇ ਲਾਭ

ਮੋਹਾਲੀ 16 ਅਕਤੂਬਰ। ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸੀਜ਼ਨਲ ਦਿਹਾੜੀਦਾਰ ਕਰਮਚਾਰੀਆਂ ਦੀ ਭਲਾਈ ਅਤੇ ਉਨ੍ਹਾਂ ਦੀਆਂ ਸੇਵਾਵਾਂ ਨੂੰ ਨਿਯਮਤ ਅਤੇ ਵਿਧੀਵਤ ਢੰਗ ਨਾਲ ਮਾਨਤਾ ਦੇਣ ਲਈ ‘ਦਿ ਪੰਜਾਬ ਸਕੂਲ ਐਜੂਕੇਸ਼ਨ ਬੋਰਡ (ਵੈੱਲਫੇਅਰ ਆਫ ਸੀਜ਼ਨਲ ਡੇਲੀ ਵੇਜ਼ ਵਰਕਰਜ਼) ਪਾਲਿਸੀ-2026’ ਲਾਗੂ ਕਰ ਦਿੱਤੀ ਗਈ ਹੈ। ਇਸ ਨੀਤੀ ਤਹਿਤ ਬੋਰਡ ਦੇ 223 ਯੋਗ ਸੀਜ਼ਨਲ ਦਿਹਾੜੀਦਾਰਾਂ ਨੂੰ ਲਾਭ ਦਿੱਤਾ ਗਿਆ ਹੈ ਅਤੇ ਨੀਤੀ ਅਪਣਾਉਣ ਵਾਲੇ ਕਾਮਿਆਂ ਨੂੰ ਅੱਜ ਦਫ਼ਤਰੀ ਹੁਕਮ ਵੀ ਜਾਰੀ ਕਰ ਦਿੱਤੇ ਗਏ ਹਨ। ?ਬੋਰਡ ਦੇ ਚੇਅਰਮੈਨ ਡਾ. ਅਮਰਪਾਲ ਸਿੰਘ, ਆਈ. ਏ. ਐੱਸ. (ਰਿਟਾ.) ਨੇ ਦੱਸਿਆ ਕਿ ਜਿਨ੍ਹਾਂ ਦਿਹਾੜੀਦਾਰਾਂ ਨੇ ‘ਫਾਰਮ-ਏ’ ਭਰ ਕੇ ਇਸ ਪਾਲਿਸੀ ਨੂੰ ਅਪਣਾਇਆ ਹੈ, ਉਨ੍ਹਾਂ ਨੂੰ ਦਫ਼ਤਰੀ ਹੁਕਮ ਜਾਰੀ ਕੀਤੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਹ ਨੀਤੀ ਲੰਬੇ ਸਮੇਂ ਤੋਂ ਸੇਵਾਵਾਂ ਦੇ ਰਹੇ ਕਾਮਿਆਂ ਦੇ ਜੀਵਨ ਨੂੰ ਵਿਵਸਥਿਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਨਵੀਂ ਪਾਲਿਸੀ ਅਧੀਨ ਇਹ ਨਿਰਧਾਰਤ ਕੀਤਾ ਗਿਆ ਹੈ ਕਿ ਯੋਗ ਕਾਮਿਆਂ ਦੀ ਸੇਵਾ 58 ਸਾਲ ਦੀ ਉਮਰ ਤੱਕ ਨਿਰੰਤਰ ਜਾਰੀ ਰਹੇਗੀ ਅਤੇ ਉਨ੍ਹਾਂ ਨੂੰ ਯੋਗਤਾ ਅਨੁਸਾਰ ਕਲੈਰੀਕਲ ਜਾਂ ਗਰੁੱਪ-ਡੀ ਦੇ ਕੰਮਾਂ ਲਈ ਤਾਇਨਾਤ ਕੀਤਾ ਜਾਵੇਗਾ। ?ਚੇਅਰਮੈਨ ਅਨੁਸਾਰ ਪਹਿਲਾਂ ਇਨ੍ਹਾਂ ਕਰਮਚਾਰੀਆਂ ਨੂੰ ਮਹੀਨੇ ’ਚ ਸਿਰਫ਼ 12 ਤੋਂ 18 ਦਿਨਾਂ ਦੀ ਮਜ਼ਦੂਰੀ ਹੀ ਮਿਲਦੀ ਸੀ ਪਰ ਹੁਣ ਉਨ੍ਹਾਂ ਨੂੰ ਪੂਰੇ ਮਹੀਨੇ ਦੀ ਤਨਖ਼ਾਹ ਮਿਲੇਗੀ। ਇਸ ਤੋਂ ਇਲਾਵਾ ਸਲਾਨਾ 10 ਛੁੱਟੀਆਂ, ਗਜ਼ਟਿਡ ਛੁੱਟੀਆਂ, ਸ਼ਨੀਵਾਰ-ਐਤਵਾਰ ਦੀਆਂ ਛੁੱਟੀਆਂ, ਈ. ਐੱਸ. ਆਈ. ਅਤੇ ਈ. ਪੀ. ਐੱਫ. ਵਰਗੀਆਂ ਸਮਾਜਿਕ ਸੁਰੱਖਿਆ ਸੁਵਿਧਾਵਾਂ ਦਾ ਲਾਭ ਵੀ ਮਿਲੇਗਾ। ਬੋਰਡ ਵੱਲੋਂ ਇਨ੍ਹਾਂ ਮੁਲਾਜ਼ਮਾਂ ਨੂੰ ਵਿਸ਼ੇਸ਼ ਸ਼ਨਾਖਤੀ ਕਾਰਡ ਅਤੇ ਦਫ਼ਤਰੀ ਸ਼ਨਾਖ਼ਤੀ ਨੰਬਰ ਜਾਰੀ ਕੀਤੇ ਜਾ ਰਹੇ ਹਨ, ਜਿਸ ਨਾਲ ਇਨ੍ਹਾਂ ਨੂੰ ਬੋਰਡ ਅੰਦਰ ਆਮ ਕਰਮਚਾਰੀਆਂ ਵਾਂਗ ਪਛਾਣ ਮਿਲੇਗੀ। ਇਸ ਫ਼ੈਸਲੇ ਨਾਲ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਸੀਜ਼ਨਲ ਦਿਹਾੜੀਦਾਰਾਂ ਨੇ ਕਿਹਾ ਕਿ ਪਹਿਲਾਂ ਉਨ੍ਹਾਂ ਨੂੰ ਸੇਵਾ ਸਬੰਧੀ ਪਛਾਣ ਦੀ ਲੋੜ ਮਹਿਸੂਸ ਹੁੰਦੀ ਸੀ ਪਰ ਇਸ ਨੀਤੀ ਨੇ ਉਨ੍ਹਾਂ ’ਚ ਸੁਰੱਖਿਆ, ਸਨਮਾਨ ਅਤੇ ਉਤਸ਼ਾਹ ਦੀ ਭਾਵਨਾ ਭਰ ਦਿੱਤੀ ਹੈ। ਕਰਮਚਾਰੀਆਂ ਨੇ ਇਸ ਇਤਿਹਾਸਕ ਪਹਿਲ ਕਦਮੀ ਲਈ ਪੰਜਾਬ ਸਰਕਾਰ ਅਤੇ ਬੋਰਡ ਮੈਨੇਜਮੈਂਟ ਦਾ ਤਹਿ ਦਿਲੋਂ ਧੰਨਵਾਦ ਕੀਤਾ।

ਪੁੱਡਾ ਭਵਨ ’ਚ ਈ. ਡੀ. ਦੀ ਕਾਰਵਾਈ ਨੂੰ ਚੁਣੌਤੀ ! ਹਾਈਕੋਰਟ ਨੇ ਨੋਟਿਸ ਜਾਰੀ ਕਰਕੇ ਮੰਗਿਆ ਜਵਾਬ

ਕੌਮੀ ਪਤ੍ਰਿਕਾ

ਚੰਡੀਗੜ੍ਹ/ਮੋਹਾਲੀ 16 ਅਕਤੂਬਰ। ਮੋਹਾਲੀ ਸਥਿਤ ਪੁੱਡਾ ਭਵਨ ’ਚ ਈ. ਡੀ. ਦੀ ਕਾਰਵਾਈ ਨੂੰ ਲੈ ਕੇ ਗਮਾਡਾ ਅਤੇ ਪੰਜਾਬ ਸਰਕਾਰ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਦਾ ਰੁਖ਼ ਕੀਤਾ ਹੈ। ਇਸ ਨੂੰ ਲੈ ਕੇ ਦਾਇਰ ਪਟੀਸ਼ਨ ’ਤੇ ਅੱਜ ਚੀਫ਼ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਅਤੇ ਜਸਟਿਸ ਰੋਹਿਤ ਕਪੂਰ ਦੀ ਡਿਵੀਜ਼ਨ ਬੈਂਚ ’ਚ ਸੁਣਵਾਈ ਹੋਈ। ਹਾਈਕੋਰਟ ਨੇ ਪੰਜਾਬ ਸਰਕਾਰ ਅਤੇ ਗਮਾਡਾ ਵੱਲੋਂ ਦਾਇਰ ਪਟੀਸ਼ਨ ’ਤੇ ਸੁਣਵਾਈ ਮਗਰੋਂ ਈ. ਡੀ. ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਹਾਈਕੋਰਟ ਦੇ ਚੀਫ਼ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਅਤੇ ਜਸਟਿਸ ਰੋਹਿਤ ਕਪੂਰ ਦੇ ਡਿਵੀਜ਼ਨ ਬੈਂਚ ਨੇ ਈ. ਡੀ. ਨੂੰ 15 ਦਿਨਾਂ ’ਚ ਇਸ ਮਾਮਲੇ ’ਤੇ ਜਵਾਬ ਦੇਣ ਲਈ ਕਿਹਾ ਹੈ। ਇਸ ਮਾਮਲੇ ਵਿਚ ਹੁਣ ਅਗਲੀ ਸੁਣਵਾਈ 28 ਅਕਤੂਬਰ ਨੂੰ ਹੋਵੇਗੀ। ਇਥੇ ਦੱਸ ਦੇਈਏ ਕਿ ਅਦਾਲਤ ’ਚ ਈ. ਡੀ. ਨੇ ਜਵਾਬ ਲਈ ਦੋ ਹਫ਼ਤਿਆਂ ਦਾ ਸਮਾਂ ਦੇਣ ਦੀ ਮੰਗ ਕੀਤੀ ਸੀ। ਪੰਜਾਬ ਸਰਕਾਰ ਨੇ ਗਮਾਡਾ ਦਫ਼ਤਰ ਦੀ ਈ. ਡੀ. ਵੱਲੋਂ 22 ਤੋਂ 24 ਸਤੰਬਰ ਤੱਕ ਕੀਤੀ ਤਲਾਸ਼ੀ ਅਤੇ ਸਰਵੇਖਣ ਨੂੰ ਚੁਣੌਤੀ ਦਿੱਤੀ ਹੈ। ਇਸ ਪਟੀਸ਼ਨ ਨੂੰ ‘ਜ਼ਰੂਰੀ ਸੁਣਵਾਈ ਵਾਲੀ ਸੂਚੀ’ ’ਚ ਦਰਜ ਕੀਤਾ ਗਿਆ ਸੀ ਅਤੇ ਅੱਜ ਇਸ ਮਾਮਲੇ ’ਤੇ ਸੁਣਵਾਈ ਕੀਤੀ ਗਈ। ਪੰਜਾਬ ਸਰਕਾਰ ਨੇ ਪਟੀਸ਼ਨ ’ਚ ਭਾਰਤ ਸਰਕਾਰ ਅਤੇ ਈ. ਡੀ. ਤੋਂ ਇਲਾਵਾ ਹੋਰਨਾਂ ਨੂੰ ਵੀ ਧਿਰ ਬਣਾਇਆ ਹੈ। ਜ਼ਿਕਰਯੋਗ ਹੈ ਕਿ 22 ਤੋਂ 24 ਸਤੰਬਰ ਤੱਕ ਗਮਾਡਾ ਦਫ਼ਤਰ ਦੀ ਈ. ਡੀ. ਵੱਲੋਂ 50 ਘੰਟੇ ਦੇ ਕਰੀਬ ਤਲਾਸ਼ੀ ਲਈ ਗਈ ਸੀ ਅਤੇ ਦਫ਼ਤਰੀ ਰਿਕਾਰਡ ਦੇ 30 ਤੋਂ ਵੱਧ ਬੈਗ ਜ਼ਬਤ ਕੀਤੇ ਗਏ ਸਨ। ਸੀਨੀਅਰ ਅਧਿਕਾਰੀਆਂ ਦੇ ਮੋਬਾਇਲ ਫ਼ੋਨਾਂ ਅਤੇ ਹੋਰ ਇਲੈਕਟ੍ਰਾਨਿਕ ਉਪਕਰਨਾਂ ਦਾ ਡਾਟਾ ਕਾਪੀ ਕੀਤਾ ਗਿਆ। ਪਟੀਸ਼ਨ ’ਚ ਕਿਹਾ ਗਿਆ ਹੈ ਕਿ ਇਹ ਜਾਂਚ ਤਿਰੁਪਤੀ ਇਨਫ਼ਰਾ ਪ੍ਰਾਜੈਕਟਸ ਪ੍ਰਾਈਵੇਟ ਲਿਮਟਿਡ ਦੇ ਪ੍ਰਮੋਟਰਾਂ ਨਾਲ ਸਬੰਧਤ 238 ਕਰੋੜ ਰੁਪਏ ਦੇ ਕਥਿਤ ਬੈਂਕ ਘੁਟਾਲੇ ਬਾਰੇ ਸੀ. ਬੀ. ਆਈ. ਦੀ ਐੱਫ਼. ਆਈ. ਆਰ. ਦੇ ਆਧਾਰ ’ਤੇ ਸ਼ੁਰੂ ਕੀਤੀ ਗਈ ਦੱਸੀ ਗਈ ਸੀ। ਇਸ ਮਾਮਲੇ ’ਚ ਪੰਜਾਬ ਸਰਕਾਰ ਦੇ ਕਿਸੇ ਅਧਿਕਾਰੀ ਅਤੇ ਨਾ ਹੀ ਕਿਸੇ ਗਮਾਡਾ ਅਧਿਕਾਰੀ ਦਾ ਨਾਂ ਹੈ। ਪਟੀਸ਼ਨ ’ਚ ਮੰਗ ਕੀਤੀ ਗਈ ਹੈ ਕਿ ਤਲਾਸ਼ੀ ਅਤੇ ਸਰਵੇਖਣ ਦੀਆਂ ਮਨਜ਼ੂਰੀਆਂ ਰੱਦ ਕੀਤੀਆਂ ਜਾਣ। ਈ. ਡੀ. ਵੱਲੋਂ ਕਾਪੀ ਕੀਤੇ ਡਾਟੇ ਦੀ ਵਰਤੋਂ ’ਤੇ ਵੀ ਰੋਕ ਦੀ ਗੱਲ ਕਹੀ ਗਈ ਹੈ। ਇਸ ਦੇ ਇਲਾਵਾ ਪਟੀਸ਼ਨ ’ਚ ਈ. ਡੀ. ਵੱਲੋਂ ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕਰਕੇ ਸੀਨੀਅਰ ਅਧਿਕਾਰੀਆਂ ਨੂੰ ਹਿਰਾਸਤ ’ਚ ਰੱਖੇ ਜਾਣ ਖ਼ਿਲਾਫ਼ ਵੀ ਦਲੀਲ ਦਿੱਤੀ ਗਈ ਹੈ।

ਰੇਲਵੇ ਟਰੈਕ ਨੇੜੇ ਮਿਲੀ ਅਸਾਮ ਦੀ ਵਿਦਿਆਰਥਣ ਦੀ ਲਾਸ਼, ਕਤਲ ਦਾ ਸ਼ੱਕ

ਗੁਹਾਟੀ 16 ਅਕਤੂਬਰ। ਆਂਧਰਾ ਪ੍ਰਦੇਸ਼ ਵਿੱਚ ਰੇਲਵੇ ਟ੍ਰੈਕ ਨੇੜੇ ਅਸਾਮ ਦੇ ਗੁਹਾਟੀ ਦੀ ਇੱਕ ਕਾਲਜ ਵਿਦਿਆਰਥਣ ਦੀ ਲਾਸ਼ ਮਿਲਣ ਨਾਲ ਸਨਸਨੀ ਫੈਲ ਗਈ ਹੈ। ਵਿਦਿਆਰਥਣ ਡਾਂਸ ਮੁਕਾਬਲੇ ਵਿੱਚ ਹਿੱਸਾ ਲੈਣ ਲਈ ਆਂਧਰਾ ਪ੍ਰਦੇਸ਼ ਗਈ ਸੀ ਅਤੇ 6 ਅਕਤੂਬਰ ਦੀ ਰਾਤ ਨੂੰ ਵਿਸ਼ਾਖਾਪੱਟਨਮ ਤੋਂ ਟ੍ਰੇਨ ਵਿੱਚ ਸਵਾਰ ਹੋ ਕੇ ਵਾਪਸ ਗੁਹਾਟੀ ਪਰਤ ਰਹੀ ਸੀ। ਦੋ ਦਿਨ ਬਾਅਦ ਉਸ ਦੀ ਲਾਸ਼ ਰੇਲਵੇ ਟ੍ਰੈਕ ਨੇੜਿਓਂ ਬਰਾਮਦ ਹੋਈ। ਪਰਿਵਾਰ ਨੇ ਇਸ ਨੂੰ ਹੱਤਿਆ ਦਾ ਮਾਮਲਾ ਦੱਸਦਿਆਂ ਪੂਰੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਦੀ ਮੰਗ ਕੀਤੀ ਹੈ। ਜਾਣਕਾਰੀ ਅਨੁਸਾਰ ਵਿਦਿਆਰਥਣ ਗੁਹਾਟੀ ਦੇ ਬੋਂਡਾ ਇਲਾਕੇ ਦੀ ਰਹਿਣ ਵਾਲੀ ਸੀ ਅਤੇ ਇੱਕ ਸਥਾਨਕ ਕਾਲਜ ਵਿੱਚ ਪੜ੍ਹਾਈ ਕਰ ਰਹੀ ਸੀ। ਉਹ ਇੱਕ ਡਾਂਸ ਗਰੁੱਪ ਨਾਲ ਮੁਕਾਬਲੇ ਵਿੱਚ ਹਿੱਸਾ ਲੈਣ ਆਂਧਰਾ ਪ੍ਰਦੇਸ਼ ਗਈ ਸੀ। ਪ੍ਰੀਖਿਆ ਹੋਣ ਕਾਰਨ ਉਸ ਨੇ ਬਾਕੀ ਮੈਂਬਰਾਂ ਤੋਂ ਪਹਿਲਾਂ ਹੀ ਇਕੱਲੇ ਵਾਪਸ ਆਉਣਾ ਸੀ, ਜਿਸ ਲਈ ਉਸ ਨੇ 6 ਅਕਤੂਬਰ ਨੂੰ ਵਿਸ਼ਾਖਾਪੱਟਨਮ ਤੋਂ ਟ੍ਰੇਨ ਫੜੀ। ਰਾਤ ਲਗਭਗ 12:15 ਵਜੇ ਉਹ ਟ੍ਰੇਨ ਵਿੱਚ ਸਵਾਰ ਹੋਈ ਅਤੇ ਸਟੇਸ਼ਨ ਦੀ ਸੀ.ਸੀ.ਟੀ.ਵੀ. ਫੁਟੇਜ ਵਿੱਚ ਵੀ ਉਹ ਇੱਕ ਜਾਣਕਾਰ ਨਾਲ ਦਿਖਾਈ ਦਿੱਤੀ ਸੀ। ਟ੍ਰੇਨ ਵਿੱਚ ਸਵਾਰ ਹੋਣ ਤੋਂ ਕੁਝ ਦੇਰ ਬਾਅਦ ਵਿਦਿਆਰਥਣ ਨੇ ਆਪਣੀ ਭਾਬੀ ਅਤੇ ਇੱਕ ਦੋਸਤ ਨੂੰ ਫੋਨ ਕੀਤਾ ਸੀ। ਉਸ ਨੇ ਦੱਸਿਆ ਕਿ ਕੋਚ ਦੇ ਅੰਦਰ ਕੁਝ ਲੋਕ ਨਸ਼ੇ ਦੀ ਹਾਲਤ ਵਿੱਚ ਸਨ ਅਤੇ ਉਨ੍ਹਾਂ ਦੀ ਮੌਜੂਦਗੀ ਕਾਰਨ ਉਹ ਅਸੁਰੱਖਿਅਤ ਮਹਿਸੂਸ ਕਰ ਰਹੀ ਸੀ। ਉਸ ਨੇ ਕੋਚ ਦੇ ਅੰਦਰ ਦੀ ਇੱਕ ਵੀਡੀਓ ਵੀ ਸਾਂਝੀ ਕੀਤੀ ਸੀ। ਰਾਤ ਲਗਭਗ 2:30 ਤੋਂ 3:00 ਵਜੇ ਦੇ ਵਿਚਕਾਰ ਉਸ ਨਾਲ ਸੰਪਰਕ ਟੁੱਟ ਗਿਆ, ਜਿਸ ਤੋਂ ਬਾਅਦ ਪਰਿਵਾਰ ਨੇ ਰੇਲਵੇ ਹੈਲਪਲਾਈਨ ’ਤੇ ਸੰਪਰਕ ਕੀਤਾ। ਵਿਦਿਆਰਥਣ ਦੇ ਦੋਵੇਂ ਬੈਗ ਟ੍ਰੇਨ ਦੇ ਕੋਚ ਦੇ ਅੰਦਰ ਹੀ ਸਹੀ ਹਾਲਤ ਵਿੱਚ ਮਿਲੇ ਹਨ। ਪਰਿਵਾਰ ਦਾ ਦੋਸ਼ ਹੈ ਕਿ ਜੇਕਰ ਸਮੇਂ ਸਿਰ ਰੇਲਵੇ ਪੁਲਸ ਨੇ ਜਾਂਚ ਕੀਤੀ ਹੁੰਦੀ ਤਾਂ ਇਹ ਘਟਨਾ ਟਲ ਸਕਦੀ ਸੀ। ਸਥਾਨਕ ਵਿਧਾਇਕ ਤਪਨ ਦਾਸ ਨੇ ਪੀੜਤ ਪਰਿਵਾਰ ਨਾਲ ਮੁਲਾਕਾਤ ਕੀਤੀ ਅਤੇ ਦੱਸਿਆ ਕਿ ਆਂਧਰਾ ਪ੍ਰਦੇਸ਼ ਵਿੱਚ ਪੋਸਟਮਾਰਟਮ ਤੋਂ ਬਾਅਦ ਸੂਬਾ ਸਰਕਾਰ ਲਾਸ਼ ਨੂੰ ਫਲਾਈਟ ਰਾਹੀਂ ਗੁਹਾਟੀ ਲਿਆਉਣ ਦਾ ਪ੍ਰਬੰਧ ਕਰੇਗੀ। ਫਿਲਹਾਲ ਪੁਲਸ ਵੱਲੋਂ ਮਾਮਲੇ ਦੀ ਅੱਗੇ ਜਾਂਚ ਕੀਤੀ ਜਾ ਰਹੀ ਹੈ।

ਤੱਥ, ਪਾਰਦਰਸ਼ਤਾ ਤੇ ਲੋਕਾਂ ਦਾ ਭਰੋਸਾ ਚੋਣ ਪ੍ਰਕਿਰਿਆ ਲਈ ਬੇਹੱਦ ਜ਼ਰੂਰੀ : ਸੁਧੀਰ ਸ੍ਰੀਵਾਸਤਵ

ਕੌਮੀ ਪਤ੍ਰਿਕਾ

ਚੰਡੀਗੜ੍ਹ 16 ਅਕਤੂਬਰ। ਚੋਣ ਪ੍ਰਕਿਰਿਆ ’ਚ ਲੋਕਾਂ ਦਾ ਭਰੋਸਾ ਤਾਂ ਹੀ ਮਜ਼ਬੂਤ ਹੋ ਸਕਦਾ ਹੈ, ਜਦੋਂ ਇਸ ’ਚ ਤੱਥਾਂ ਦੀ ਸਹੀ ਜਾਣਕਾਰੀ, ਪਾਰਦਰਸ਼ਤਾ ਅਤੇ ਲੋਕਾਂ ਦੀ ਸਾਰਥਕ ਭਾਗੀਦਾਰੀ ਯਕੀਨੀ ਬਣਾਈ ਜਾਵੇ। ਜਨਹਿੱਤ ਦੇ ਬੁਲਾਰੇ ਸੁਧੀਰ ਕੁਮਾਰ ਸ੍ਰੀਵਾਸਤਵ ਨੇ ਕਿਹਾ ਕਿ ਵੋਟਰ ਸੂਚੀਆਂ ਦੀ ਚੱਲ ਰਹੀ ਵਿਸ਼ੇਸ਼ ਗਹਿਰਾਈ ਨਾਲ ਪੜਤਾਲ (ਐੱਸ. ਆਈ. ਆਰ.) ਸਬੰਧੀ ਲੋਕਾਂ ਨੂੰ ਸਹੀ ਜਾਣਕਾਰੀ ਅਤੇ ਪੂਰੀ ਸਪੱਸ਼ਟਤਾ ਮਿਲਣੀ ਬੇਹੱਦ ਜ਼ਰੂਰੀ ਹੈ। ਸ੍ਰੀਵਾਸਤਵ ਨੇ ਕਿਹਾ ਕਿ 13 ਕਰੋੜ ਵੋਟਰਾਂ ਦੇ ਨਾਂ ਕੱਟੇ ਜਾਣ ਸਬੰਧੀ ਵਿਆਪਕ ਤੌਰ ’ਤੇ ਪ੍ਰਚਾਰਿਤ ਦਾਅਵੇ ਨੂੰ ਸਹੀ ਸੰਦਰਭ ਵਿਚ ਸਮਝਣ ਦੀ ਲੋੜ ਹੈ। ਚੋਣ ਕਮਿਸ਼ਨ ਵੱਲੋਂ ਜਾਰੀ ਜਾਣਕਾਰੀ ਅਨੁਸਾਰ ਇਹ ਅੰਕੜਾ ਮੁੱਢਲੇ ਪੜਾਅ ’ਤੇ ਵੱਖ-ਵੱਖ ਸ਼੍ਰੇਣੀਆਂ ਵਿਚ ਦਰਜ ਕੀਤੀਆਂ ਗਈਆਂ ਐਂਟਰੀਆਂ ਨਾਲ ਸਬੰਧਿਤ ਹੈ। ਇਨ੍ਹਾਂ ’ਚ ਲਗਭਗ 2.8 ਕਰੋੜ ਮ੍ਰਿਤਕ ਵਿਅਕਤੀ, 3 ਕਰੋੜ ਗੈਰ-ਹਾਜ਼ਰ ਜਾਂ ਜਿਨ੍ਹਾਂ ਦਾ ਪਤਾ ਨਹੀਂ ਲੱਗ ਸਕਿਆ, 6.3 ਕਰੋੜ ਪੱਕੇ ਤੌਰ ’ਤੇ ਕਿਸੇ ਹੋਰ ਥਾਂ ਚਲੇ ਗਏ ਵਿਅਕਤੀ ਅਤੇ 1 ਕਰੋੜ ਅਜਿਹੇ ਮਾਮਲੇ ਸ਼ਾਮਲ ਹਨ, ਜਿੱਥੇ ਇੱਕ ਤੋਂ ਵੱਧ ਥਾਵਾਂ ’ਤੇ ਨਾਂ ਦਰਜ ਹੋਣ ਦੀ ਗੱਲ ਸਾਹਮਣੇ ਆਈ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਅੰਕੜਿਆਂ ਨੂੰ 13 ਕਰੋੜ ਨਾਂ ਅੰਤਿਮ ਤੌਰ ’ਤੇ ਵੋਟਰ ਸੂਚੀ ਵਿਚੋਂ ਕੱਢੇ ਜਾਣ ਦੇ ਰੂਪ ਵਿਚ ਦੇਖਣਾ ਸਹੀ ਨਹੀਂ ਹੋਵੇਗਾ। ਵੋਟਰ ਸੂਚੀ ਤਿਆਰ ਕਰਨ ਦੀ ਪ੍ਰਕਿਰਿਆ ਦੌਰਾਨ ਤਸਦੀਕ, ਦਾਅਵੇ ਅਤੇ ਇਤਰਾਜ਼ ਦਰਜ ਕਰਵਾਉਣ ਦੀ ਵਿਵਸਥਾ ਮੌਜੂਦ ਹੁੰਦੀ ਹੈ ਅਤੇ ਅੰਤਿਮ ਵੋਟਰ ਸੂਚੀ ਇਨ੍ਹਾਂ ਸਾਰੀਆਂ ਪ੍ਰਕਿਰਿਆਵਾਂ ਤੋਂ ਬਾਅਦ ਤਿਆਰ ਕੀਤੀ ਜਾਂਦੀ ਹੈ। ਸ੍ਰੀਵਾਸਤਵ ਨੇ ਕਿਹਾ ਕਿ ਇਸ ਦੇ ਨਾਲ ਹੀ ਨਾਗਰਿਕਾਂ ਵੱਲੋਂ ਇਹ ਜਾਣਨਾ ਬਿਲਕੁਲ ਵਾਜਬ ਹੈ ਕਿ ਵੋਟਰ ਸੂਚੀਆਂ ਵਿਚ ਸੋਧ ਕਿਸ ਤਰੀਕੇ ਨਾਲ ਕੀਤੀ ਜਾ ਰਹੀ ਹੈ। ਲੋਕਾਂ ਨੂੰ ਸਪੱਸ਼ਟ ਜਾਣਕਾਰੀ ਦੇਣ ਦੇ ਨਾਲ-ਨਾਲ ਇਤਰਾਜ਼ ਦਰਜ ਕਰਵਾਉਣ ਅਤੇ ਗਲਤੀਆਂ ਵਿਚ ਸੁਧਾਰ ਕਰਵਾਉਣ ਲਈ ਮੌਜੂਦ ਪ੍ਰਣਾਲੀ ਤੱਕ ਆਸਾਨ ਪਹੁੰਚ ਵੀ ਯਕੀਨੀ ਬਣਾਈ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸੰਵਿਧਾਨਕ ਸੰਸਥਾ ਵਜੋਂ ਚੋਣ ਕਮਿਸ਼ਨ ਦੀ ਜ਼ਿੰਮੇਵਾਰੀ ਚੋਣ ਪ੍ਰਕਿਰਿਆ ਨੂੰ ਆਜ਼ਾਦ ਅਤੇ ਨਿਰਪੱਖ ਢੰਗ ਨਾਲ ਨੇਪਰੇ ਚਾੜ੍ਹਨਾ ਹੈ। ਹਾਲਾਂਕਿ, ਸੰਸਥਾਗਤ ਆਜ਼ਾਦੀ ਅਤੇ ਲੋਕਾਂ ਪ੍ਰਤੀ ਜਵਾਬਦੇਹੀ ਨੂੰ ਇਕ-ਦੂਜੇ ਦੇ ਵਿਰੋਧੀ ਨਹੀਂ ਸਮਝਿਆ ਜਾਣਾ ਚਾਹੀਦਾ। ਦੋਵੇਂ ਪਹਿਲੂ ਇਕੱਠੇ ਚੱਲ ਸਕਦੇ ਹਨ। ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ ਦੇ ਦੌਰ ਵਿਚ ਜਾਣਕਾਰੀ ਬਹੁਤ ਤੇਜ਼ੀ ਨਾਲ ਫੈਲਦੀ ਹੈ। ਅਜਿਹੇ ਵਿਚ ਸੰਸਥਾਗਤ ਪੱਧਰ ’ਤੇ ਸਹੀ, ਸਪੱਸ਼ਟ ਅਤੇ ਪੂਰੇ ਸੰਦਰਭ ਵਾਲੀ ਜਾਣਕਾਰੀ ਮੁਹੱਈਆ ਕਰਵਾਉਣਾ ਪਹਿਲਾਂ ਨਾਲੋਂ ਵੀ ਵੱਧ ਮਹੱਤਵਪੂਰਨ ਹੋ ਗਿਆ ਹੈ। ਲੋੜੀਂਦੇ ਸੰਦਰਭ ਤੋਂ ਬਿਨਾਂ ਮੁੱਢਲੇ ਅੰਕੜਿਆਂ, ਪ੍ਰਸ਼ਾਸਨਿਕ ਸ਼੍ਰੇਣੀਆਂ ਅਤੇ ਅੰਤਿਮ ਨਤੀਜਿਆਂ ਨੂੰ ਇਕੋ ਰੂਪ ਵਿਚ ਪੇਸ਼ ਕਰਨ ਨਾਲ ਲੋਕਾਂ ਵਿਚ ਭੰਬਲਭੂਸਾ ਪੈਦਾ ਹੋ ਸਕਦਾ ਹੈ। ਸ੍ਰੀਵਾਸਤਵ ਨੇ ਕਿਹਾ ਕਿ ਲੋਕਾਂ ਦਾ ਭਰੋਸਾ ਨਾ ਤਾਂ ਹਰ ਗੱਲ ਨੂੰ ਬਿਨਾਂ ਸਵਾਲ ਕੀਤੇ ਸਵੀਕਾਰ ਕਰਨ ਨਾਲ ਬਣਦਾ ਹੈ ਅਤੇ ਨਾ ਹੀ ਹਰ ਪ੍ਰਸ਼ਾਸਨਿਕ ਕਾਰਵਾਈ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਣ ਨਾਲ। ਭਰੋਸਾ ਉਦੋਂ ਪੈਦਾ ਹੁੰਦਾ ਹੈ, ਜਦੋਂ ਤੱਥ ਸਾਹਮਣੇ ਹੋਣ, ਪ੍ਰਕਿਰਿਆ ਸਪੱਸ਼ਟ ਹੋਵੇ ਅਤੇ ਲੋਕਾਂ ਦੀਆਂ ਜਾਇਜ਼ ਚਿੰਤਾਵਾਂ ਦੇ ਹੱਲ ਲਈ ਪ੍ਰਭਾਵਸ਼ਾਲੀ ਤੇ ਸਥਾਪਿਤ ਪ੍ਰਣਾਲੀ ਉਪਲਬਧ ਹੋਵੇ। ਉਨ੍ਹਾਂ ਕਿਹਾ ਕਿ ਚੋਣ ਪ੍ਰਕਿਰਿਆ ਦੀ ਭਰੋਸੇਯੋਗਤਾ ਲਈ ਸਹੀ ਜਾਣਕਾਰੀ, ਪਾਰਦਰਸ਼ੀ ਪ੍ਰਕਿਰਿਆਵਾਂ, ਸੰਸਥਾਗਤ ਆਜ਼ਾਦੀ ਅਤੇ ਲੋਕਾਂ ਦੀ ਸਾਰਥਕ ਭਾਗੀਦਾਰੀ ਜ਼ਰੂਰੀ ਹਨ। ਇਹ ਸਾਰੇ ਤੱਤ ਭਾਰਤ ਦੀ ਲੋਕਤੰਤਰੀ ਵਿਵਸਥਾ ਵਿਚ ਲੋਕਾਂ ਦਾ ਭਰੋਸਾ ਕਾਇਮ ਰੱਖਣ ਲਈ ਅਹਿਮ ਭੂਮਿਕਾ ਨਿਭਾਉਂਦੇ ਹਨ।



ਪੰਜਾਬ ’ਚ ਨਸ਼ੇ ਅਤੇ ਭ੍ਰਿਸ਼ਟਾਚਾਰ ਨੂੰ ਲੈ ਕੇ ਸ਼ਵੇਤ ਮਲਿਕ ਦਾ ਵੱਡਾ ਬਿਆਨ

ਚੰਡੀਗੜ੍ਹ 16 ਅਕਤੂਬਰ। ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸਾਬਕਾ ਸੂਬਾ ਪ੍ਰਧਾਨ ਸ਼ਵੇਤ ਮਲਿਕ ਨੇ ਮੰਗਲਵਾਰ ਨੂੰ ਪੰਜਾਬ ਦੀ ਵਿਗੜ ਰਹੀ ਕਾਨੂੰਨ ਵਿਵਸਥਾ ’ਤੇ ਡੂੰਘੀ ਚਿੰਤਾ ਜਤਾਈ। ਉਨ੍ਹਾਂ ਕਿਹਾ ਕਿ ਇਸ ਦਾ ਸਭ ਤੋਂ ਵੱਡਾ ਕਾਰਨ ਉੱਪਰੋਂ ਆ ਰਿਹਾ ਭ੍ਰਿਸ਼ਟਾਚਾਰ ਹੈ ਜਦੋਂ ਮੁੱਖ ਮੰਤਰੀ ਦਫ਼ਤਰ ਅਤੇ ਮੁੱਖ ਮੰਤਰੀ ਦੀ ਪਤਨੀ ’ਤੇ ਹੀ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ ਲੱਗਣ ਲੱਗ ਜਾਣ ਤਾਂ ਹੇਠਾਂ ਥਾਣਿਆਂ ਅਤੇ ਜੇਲ੍ਹਾਂ ਵਿੱਚ ਇਹ ਸਭ ਹੋਣਾ ਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਢਹਿ-ਢੇਰੀ ਹੋ ਚੁੱਕੀ ਹੈ। ਅੱਜ ਹਾਲਾਤ ਇਹ ਹਨ ਕਿ ਸੂਬੇ ਦੀਆਂ ਜੇਲ੍ਹਾਂ ਵਿਚ ਖੁੱਲ੍ਹੇਆਮ ਨਸ਼ਾ ਮਿਲ ਰਿਹਾ ਹੈ, ਮੋਬਾਈਲ ਫੋਨ ਮਿਲ ਰਹੇ ਹਨ। ਜੇਲ੍ਹ ਦੇ ਅੰਦਰੋਂ ਹੀ ਗੈਂਗ ਚੱਲ ਰਹੇ ਹਨ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਅੱਖਾਂ ਬੰਦ ਕਰਕੇ ਬੈਠੀ ਹੈ। ਉਨ੍ਹਾਂ ਕਿਹਾ ਕਿ ਸਭ ਤੋਂ ਸ਼ਰਮਨਾਕ ਗੱਲ ਇਹ ਹੈ ਕਿ ਹੁਣ ਤਾਂ ਪੁਲਸ ਵਾਲੇ ਹੀ ਨਸ਼ਾ ਵੇਚਦੇ ਫੜੇ ਜਾ ਰਹੇ ਹਨ। ਖੰਨਾ ਵਿਚ ਪੁਲਸ ਲਾਈਨ ਵਿਚ ਤਾਇਨਾਤ ਇਕ ਸਿਪਾਹੀ ਨਸ਼ਾ ਵੇਚਣ ਅਤੇ ਖੁਦ ਨਸ਼ਾ ਕਰਨ ਦੇ ਦੋਸ਼ ਵਿਚ ਗ੍ਰਿਫ਼ਤਾਰ ਹੋਇਆ ਹੈ। ਇਕ ਹੋਮਗਾਰਡ ਦਾ ਜਵਾਨ ਨਸ਼ੇ ਦੀ ਹਾਲਤ ਵਿਚ ਫੜਿਆ ਗਿਆ ਹੈ, ਜੋ ਡੋਪ ਟੈਸਟ ਵਿੱਚ ਫੇਲ ਹੋ ਗਿਆ। ਇਹ ਦੋਵੇਂ ਮਾਮਲੇ ਦੱਸਦੇ ਹਨ ਕਿ ਵਰਦੀ ਦੇ ਅੰਦਰ ਤੱਕ ਨਸ਼ਾ ਵੜ ਚੁੱਕਾ ਹੈ,। ਸ਼ਵੇਤ ਮਲਿਕ ਨੇ ਕਿਹਾ ਕਿ ਜਦੋਂ ਰਾਖਾ ਹੀ ਭਖਾ ਬਣ ਜਾਵੇਗਾ ਤਾਂ ਆਮ ਪੰਜਾਬੀ ਕਿੱਥੇ ਜਾਵੇਗਾ? ਪੂਰਾ ਸਿਸਟਮ ਅੰਦਰੋਂ ਸੜ ਚੁੱਕਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਕਿਹਾ ਸੀ ਅਸੀਂ ਪੰਜਾਬ ਨੂੰ ਰੰਗਲਾ ਪੰਜਾਬ ਬਣਾਵਾਂਗੇ, ਨਸ਼ਾ ਖਤਮ ਕਰਾਂਗੇ। ਪਰ ਅੱਜ ਇਨ੍ਹਾਂ ਨੇ ਪੰਜਾਬ ਨੂੰ ਨਸ਼ੇ ਵਾਲਾ ਪੰਜਾਬ ਬਣਾ ਦਿੱਤਾ ਹੈ। ਖਾਕੀ ਦੇ ਅੰਦਰ ਚਿੱਟਾ ਅਤੇ ਜੇਲ੍ਹ ਦੇ ਅੰਦਰ ਮੋਬਾਈਲ, ਇਹੀ ਇਨ੍ਹਾਂ ਦੀ ਉਪਲੱਬਧੀ ਹੈ। ਇਨ੍ਹਾਂ ਮਾਮਲਿਆਂ ਨੇ ਫਿਰ ਸਾਬਤ ਕਰ ਦਿੱਤਾ ਹੈ ਕਿ ਪੰਜਾਬ ਸਰਕਾਰ ਨਸ਼ਾ ਤਸਕਰਾਂ ਨਾਲ ਮਿਲੀ ਹੋਈ ਹੈ। ਸ਼ਵੇਤ ਮਲਿਕ ਨੇ ਮੰਗ ਕੀਤੀ ਕਿ ਜੇਲ੍ਹਾਂ ਵਿੱਚ ਨਸ਼ਾ ਸਪਲਾਈ ਅਤੇ ਪੁਲਿਸ ਮੁਲਾਜ਼ਮਾਂ ਦੀ ਨਸ਼ਾ ਤਸਕਰੀ ਵਿੱਚ ਸ਼ਮੂਲੀਅਤ ਦੀ ਜਾਂਚ ਹਾਈਕੋਰਟ ਦੇ ਮੌਜੂਦਾ ਜੱਜ ਤੋਂ ਕਰਵਾਈ ਜਾਵੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵਰਗਾ ਨਿਕੰਮਾ ਮੁੱਖ ਮੰਤਰੀ ਸੂਬੇ ਨੂੰ ਅੱਜ ਤੱਕ ਨਹੀਂ ਮਿਲਿਆ।

ਲੰਬੇ ਸਮੇਂ ਤੱਕ ਬੈਠੇ ਰਹਿਣ ਨਾਲ ਨੌਜਵਾਨਾਂ ’ਚ ਖ਼ੂਨ ਦੇ ਥੱਕੇ ਬਣਨ ਦਾ ਖਤਰਾ !

ਨਵੀਂ ਦਿੱਲੀ, 16 ਅਕਤੂਬਰ। ਮਾਹਿਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਵੀਡੀਓ ਗੇਮ ਖੇਡਣ, ਓ. ਟੀ. ਟੀ. ਸਮੱਗਰੀ ਦੇਖਣ ਅਤੇ ਆਨਲਾਈਨ ਕਲਾਸਾਂ ’ਚ ਸ਼ਾਮਲ ਹੋਣ ਵਰਗੀਆਂ ਸਰਗਰਮੀਆਂ ਕਾਰਨ ਲੰਬੇ ਸਮੇਂ ਤੱਕ ਬੈਠੇ ਰਹਿਣ ਨਾਲ ਨੌਜਵਾਨਾਂ ਦੇ ਪੈਰਾਂ ’ਚ ਖ਼ੂਨ ਦੇ ਥੱਕੇ ਬਣਨ ਦਾ ਖਤਰਾ ਵਧ ਸਕਦਾ ਹੈ। ਮਾਹਿਰਾਂ ਨੇ ਸੁਸਤ ਜੀਵਨ ਸ਼ੈਲੀ ਅਤੇ ‘ਵੇਨ ਥ੍ਰੋਂਬੋ ਐਂਬੋਲਿਜ਼ਮ’ (ਵੀ. ਟੀ. ਈ.) ਦੇ ਵਧਦੇ ਜੋਖਮ ਵਿਚਾਲੇ ਸਬੰਧ ਦਰਸਾਉਣ ਵਾਲੇ ਸਬੂਤਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਲਗਾਤਾਰ ਲੰਬੇ ਸਮੇਂ ਤੱਕ ਬੈਠੇ ਰਹਿਣ ਨਾਲ ਪੈਰਾਂ ’ਚ ਖ਼ੂਨ ਦਾ ਪ੍ਰਵਾਹ ਹੌਲੀ ਹੋ ਸਕਦਾ ਹੈ, ਜਿਸ ਨਾਲ ‘ਡੀਪ ਵੇਨ ਥ੍ਰੋਂਬੋਸਿਸ’ (ਡੀ. ਵੀ. ਟੀ.) ਦਾ ਖਤਰਾ ਵਧ ਜਾਂਦਾ ਹੈ। ਡੀ. ਵੀ. ਟੀ. ’ਚ ਸਰੀਰ ਦੀਆਂ ਡੂੰਘੀਆਂ ਨਾੜੀਆਂ, ਭਾਵ ਮਾਸਪੇਸ਼ੀਆਂ ਦੇ ਅੰਦਰ ਸਥਿਤ ਨਾੜੀਆਂ ’ਚ ਖ਼ੂਨ ਦਾ ਥੱਕਾ ਬਣ ਜਾਂਦਾ ਹੈ। ਜੇਕਰ ਇਹ ਥੱਕਾ ਫੇਫੜਿਆਂ ਤੱਕ ਪਹੁੰਚ ਜਾਵੇ, ਤਾਂ ਇਹ ਜਾਨਲੇਵਾ ਹੋ ਸਕਦਾ ਹੈ। ਇਹ ਚਿਤਾਵਨੀ ਇੱਥੇ ਐਰੋਸਿਟੀ ਸਥਿਤ ਪੁਲਮੈਨ ਅਤੇ ਨੋਵੋਟੇਲ ’ਚ 8 ਤੋਂ 10 ਅਕਤੂਬਰ ਤੱਕ ਆਯੋਜਿਤ ‘ਵੀ. ਐੱਸ. ਆਈ.-ਏ. ਐੱਸ. ਵੀ. ਐੱਸ. 2026’ ਸੰਮੇਲਨ ’ਚ ਦਿੱਤੀ ਗਈ। ਸੰਮੇਲਨ ’ਚ ਭਾਰਤ ਅਤੇ ਵਿਦੇਸ਼ਾਂ ਦੇ 400 ਤੋਂ ਵੱਧ ਮਾਹਿਰ ਅਤੇ 1,000 ਤੋਂ ਜ਼ਿਆਦਾ ਪ੍ਰਤੀਨਿਧੀ ਹਿੱਸਾ ਲੈ ਰਹੇ ਹਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦੇਸ਼ ਸੇਵਾ ਦੇ 25 ਸਾਲ ਪੂਰੇ ਹੋਣ ’ਤੇ ਭਾਜਪਾ ਨੇ ਰੱਖੀ ਸੇਵਾ ਜਯੋਤੀ ਯਾਤਰਾ

ਕੌਮੀ ਪਤ੍ਰਿਕਾ

ਜਲੰਧਰ 16 ਅਕਤੂਬਰ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦੇਸ਼ ਸੇਵਾ ਦੇ 25 ਸਾਲ ਪੂਰੇ ਹੋਣ ਦੇ ਮੌਕੇ ’ਤੇ ਭਾਜਪਾ ਵੱਲੋਂ ਜਲੰਧਰ ’ਚ ਪ੍ਰੋਗਰਾਮ ਆਯੋਜਿਤ ਕੀਤਾ ਗਿਆ, ਜਿਸ ਵਿੱਚ ਭਾਜਪਾ ਦੀ ਤਮਾਮ ਲੀਡਰਸ਼ਿਪ ਮੌਜੂਦ ਰਹੀ। ਭਾਜਪਾ ਦੇ ਸਾਬਕਾ ਵਿਧਾਇਕ ਸ਼ੀਤਲ ਅੰਗੁਰਾਲ ਨੇ ਇਸ ਮੌਕੇ ’ਤੇ ਆਮ ਆਦਮੀ ਪਾਰਟੀ ਸਰਕਾਰ ’ਤੇ ਜੰਮ ਕੇ ਨਿਸ਼ਾਨਾ ਸਾਧਿਆ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਸਾਲ 2047 ਤੱਕ ਵਿਕਸਿਤ ਭਾਰਤ ਬਣਾਉਣ ਦਾ ਸੁਫ਼ਨਾ ਵੇਖਿਆ ਹੈ ਅਤੇ ਭਾਜਪਾ ਵਰਕਰ ਇਸ ਟੀਚੇ ਨੂੰ ਪੂਰਾ ਕਰਨ ਲਈ ਦਿਨ-ਰਾਤ ਮਿਹਨਤ ਕਰਨਗੇ। ਇਸ ਦੇ ਨਾਲ ਹੀ ਪੰਜਾਬ ਨੂੰ ਵੀ ਦੋਬਾਰਾ ਵਿਕਸਿਤ ਅਤੇ ਖ਼ੁਸ਼ਹਾਲ ਬਣਾਉਣ ਦਾ ਸੰਕਲਪ ਲਿਆ ਜਾਵੇਗਾ। ਅੰਗੁਰਾਲ ਨੇ ਕਿਹਾ ਕਿ 7 ਅਕਤੂਬਰ 2001 ਨੂੰ ਨਰਿੰਦਰ ਮੋਦੀ ਨੇ ਗੁਜਰਾਤ ਦੇ ਮੁੱਖ ਮੰਤਰੀ ਦੇ ਰੂਪ ਵਿੱਚ ਜ਼ਿੰਮੇਵਾਰੀ ਸੰਭਾਲੀ ਸੀ। ਗੁਜਰਾਤ ਦੇ ਲੋਕਾਂ ਨੇ ਉਨ੍ਹਾਂ ’ਤੇ ਭਰੋਸਾ ਜਤਾਇਆ ਅਤੇ ਇਸ ਤੋਂ ਬਾਅਦ ਪੂਰੇ ਦੇਸ਼ ਨੇ ਵੀ ਉਨ੍ਹਾਂ ਨੂੰ ਲਗਾਤਾਰ ਤੀਜੀ ਵਾਰ ਪ੍ਰਧਾਨ ਮੰਤਰੀ ਬਣਨ ਦਾ ਮੌਕਾ ਦਿੱਤਾ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਵਿਕਸਿਤ ਭਾਰਤ ਦਾ ਸੁਪਨਾ ਵੇਖ ਰਹੇ ਹਨ ਅਤੇ ਭਾਜਪਾ ਵਰਕਰ ਪੰਜਾਬ ਨੂੰ ਵੀ ਉਸ ਵਿਕਸਿਤ ਭਾਰਤ ਦਾ ਮਜ਼ਬੂਤ ਹਿੱਸਾ ਬਣਾਉਣ ਲਈ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਪੰਜਾਬ ਕਦੇ ‘ਰੰਗਲਾ ਪੰਜਾਬ’ ਦੇ ਨਾਂ ਨਾਲ ਜਾਣਿਆ ਜਾਂਦਾ ਸੀ ਪਰ ਅੱਜ ਨਸ਼ੇ, ਅਪਰਾਧ, ਭ੍ਰਿਸ਼ਟਾਚਾਰ ਅਤੇ ਕਰਜ਼ੇ ਕਾਰਨ ਸੂਬੇ ਦੀ ਸਥਿਤੀ ਚਿੰਤਾਜਨਕ ਹੋ ਗਈ ਹੈ। ਉਨ੍ਹਾਂ ਨਸ਼ੇ ਖ਼ਿਲਾਫ਼ ਆਮ ਆਦਮੀ ਪਾਰਟੀ ਸਰਕਾਰ ਦੀ ਕਾਰਵਾਈ ’ਤੇ ਸਵਾਲ ਚੁੱਕਦੇ ਕਿਹਾ ਕਿ ਨਸ਼ੇ ਕਾਰਨ ਜਿਨ੍ਹਾਂ ਮਾਵਾਂ ਨੇ ਆਪਣੇ ਜਵਾਨ ਪੁੱਤ ਗੁਆਏ ਹਨ, ਭਾਜਪਾ ਉਨ੍ਹਾਂ ਦੀ ਆਵਾਜ਼ ਬਣ ਕੇ ਪੰਜਾਬ ਨੂੰ ਬਚਾਉਣ ਦੀ ਲੜਾਈ ਲੜੇਗੀ। ਸੀ. ਬੀ. ਆਈ. ਦੀ ਕਾਰਵਾਈ ਨੂੰ ਲੈ ਕੇ ਸ਼ੀਤਲ ਅੰਗੁਰਾਲ ਨੇ ਕਿਹਾ ਕਿ ਇਹ ਕਾਰਵਾਈ ਹਾਈਕੋਰਟ ਦੇ ਹੁਕਮ ਤੋਂ ਬਾਅਦ ਹੋਈ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਸ ਤੋਂ ਪਹਿਲਾਂ ਈ. ਡੀ. ਵੱਲੋਂ ਪੰਜਾਬ ਦੇ ਡੀ. ਜੀ. ਪੀ. ਨੂੰ ਤਿੰਨ ਵਾਰ ਨੋਟਿਸ ਦਿੱਤੇ ਗਏ ਸਨ ਪਰ ਪੰਜਾਬ ਪੁਲਸ ਨੇ ਢੁੱਕਵੀਂ ਕਾਰਵਾਈ ਨਹੀਂ ਕੀਤੀ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਪੁਲਸ ਅਤੇ ਅਧਿਕਾਰੀ ਸਰਕਾਰ ਦੀ ਕਠਪੁਤਲੀ ਬਣ ਕੇ ਕੰਮ ਕਰ ਰਹੇ ਹਨ। ਅੰਗੁਰਾਲ ਨੇ ਕਿਹਾ ਕਿ ਜਿਨ੍ਹਾਂ ਅਧਿਕਾਰੀਆਂ ਨੇ ਸਰਕਾਰ ਦੇ ਦਬਾਅ ’ਚ ਕੰਮ ਕੀਤਾ ਜਾਂ ਸਰਕਾਰ ਦੇ ਚਹੇਤੇ ਬਣ ਕੇ ਨਿਯਮਾਂ ਦੇ ਉਲਟ ਕੰਮ ਕੀਤਾ, ਉਨ੍ਹਾਂ ਨੂੰ ਵੀ ਜਾਂਚ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰ ਜਾਂ ਪੰਜਾਬ ਦੇ ਲੋਕਾਂ ਨਾਲ ਧੋਖਾ ਕਰਨ ਵਾਲਾ ਵਿਅਕਤੀ ਭਾਵੇਂ ਕਿੰਨਾ ਵੀ ਵੱਡਾ ਅਹੁਦੇਦਾਰ ਕਿਉਂ ਨਾ ਹੋਵੇ, ਉਸ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਸ਼ੀਤਲ ਅੰਗੁਰਾਲ ਨੇ ਕਿਹਾ ਕਿ ਸਰਕਾਰ ਦੇ ਕੁਝ ਨੇਤਾਵਾਂ ਅਤੇ ਕਰੀਬੀਆਂ ਖਿਲਾਫ ਕਾਰਵਾਈ ਨੂੰ ਅੰਤਿਮ ਕਾਰਵਾਈ ਨਹੀਂ ਸਮਝਣਾ ਚਾਹੀਦਾ। ਉਨ੍ਹਾਂ ਦਾਅਵਾ ਕੀਤਾ ਕਿ ਇਹ ਸਿਰਫ਼ ‘ਟ੍ਰੇਲਰ’ ਹੈ ਅਤੇ ਆਉਣ ਵਾਲੇ ਸਮੇਂ ’ਚ ਕਈ ਹੋਰ ਲੋਕਾਂ ਦੀ ਭੂਮਿਕਾ ਸਾਹਮਣੇ ਆਵੇਗੀ। ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਪੰਜਾਬ ਨਾਲ ਧੋਖਾ ਕੀਤਾ ਅਤੇ ਭ੍ਰਿਸ਼ਟਾਚਾਰ ਕੀਤਾ ਹੈ, ਉਨ੍ਹਾਂ ਨੂੰ ਜਵਾਬ ਦੇਣਾ ਹੋਵੇਗਾ। ਉਨ੍ਹਾਂ ਨੇ ਕਿਹਾ ਕਿ ਆਏ ਦਿਨ ਸਰਪੰਚਾਂ, ਵਪਾਰੀਆਂ ਅਤੇ ਆਮ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਵਪਾਰੀਆਂ ਤੋਂ ਫਿਰੌਤੀ ਮੰਗੀ ਜਾ ਰਹੀ ਹੈ ਅਤੇ ਕਈ ਲੋਕ ਅਸੁਰੱਖਿਆ ਕਾਰਨ ਪੰਜਾਬ ਤੋਂ ਬਾਹਰ ਜਾਣ ਲਈ ਮਜਬੂਰ ਹਨ। ਉਨ੍ਹਾਂ ਕਿਹਾ ਕਿ ਜਿਸ ‘ਰੰਗਲੇ ਪੰਜਾਬ’ ਦਾ ਸੁਫ਼ਨਾ ਮੁੱਖ ਮੰਤਰੀ ਭਗਵੰਤ ਮਾਨ ਨੇ ਵਿਖਾਇਆ ਸੀ, ਉਹ ਅੱਜ ‘ਕੰਗਲਾ ਪੰਜਾਬ’ ਬਣ ਗਿਆ ਹੈ। ਅੰਗੁਰਾਲ ਨੇ ਦੋਸ਼ ਲਾਇਆ ਕਿ ਸਰਕਾਰ ਦੇ ਪੱਧਰ ’ਤੇ ਅਧਿਕਾਰੀਆਂ ਦੀ ਮਨਮਰਜ਼ੀ ਨਾਲ ਬਦਲੀ-ਪੋਸਟਿੰਗ ਕੀਤੀ ਗਈ ਅਤੇ ਕੁਝ ਮਾਮਲਿਆਂ ਵਿੱਚ ਪ੍ਰਭਾਵਸ਼ਾਲੀ ਲੋਕਾਂ ਨੂੰ ਕਥਿਤ ਤੌਰ ’ਤੇ ਫਾਇਦਾ ਪਹੁੰਚਾਇਆ ਗਿਆ। ਉਨ੍ਹਾਂ ਕੁਝ ਮਾਮਲਿਆਂ ’ਚ ਦੋਸ਼ੀ ਲੋਕਾਂ ਨੂੰ ਕਲੀਨ ਚਿੱਟ ਦਿੱਤੇ ਜਾਣ ’ਤੇ ਵੀ ਸਵਾਲ ਚੁੱਕੇ ਅਤੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਇਨ੍ਹਾਂ ਮਾਮਲਿਆਂ ’ਚ ਸਪੱਸ਼ਟੀਕਰਨ ਦੇਣ ਦੀ ਮੰਗ ਕੀਤੀ।